Punjabi Parwaz

# ਪੰਜਾਬੀ ਪਰਵਾਜ਼

ਅੰਕ 34ਵਾਂ (ਸ਼ਿਕਾਗੋ): 31 ਅਗਸਤ ਤੋਂ 13 ਸਤੰਬਰ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

ਸਿਆਪੇ ਦੀ ਨੈਣ


## ਕੰਗਣਾ ਰਣੌਤ ਦੀ ਵਿਵਾਦਗ੍ਰਸਤ ਫਿਲਮ

**ਜਸਵੀਰ ਸਿੰਘ ਸ਼ੀਰੀ**

ਫਿਲਮ ਐਕਟਰਸ ਕੰਗਣਾ ਰਣੌਤ ਆਪਣੇ ਬਿਆਨਾਂ ਕਾਰਨ ਤਾਂ ਵਿਵਾਦਾਂ ਵਿੱਚ ਰਹਿੰਦੀ ਹੀ ਹੈ, ਹੁਣ ਉਸ ਦੀ ਆਉਣ ਵਾਲੀ ਫਿਲਮ 'ਐਮਰਜੈਂਸੀ' ਵੀ ਵਿਵਾਦ ਦਾ ਵਿਸ਼ਾ ਬਣ ਗਈ ਹੈ। ਇਸ ਫਿਲਮ ਦਾ ਹਾਲ ਹੀ ਵਿੱਚ ਇੱਕ ਟਰੇਲਰ ਰਿਲੀਜ਼ ਹੋਇਆ ਹੈ। ਫਿਲਮ 6 ਸਤੰਬਰ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਟਰੇਲਰ ਤੋਂ ਜਾਪਦਾ ਹੈ ਕਿ 'ਐਮਰਜੈਂਸੀ' ਵਾਲੇ ਦੌਰ ਨੂੰ ਆਧਾਰ ਬਣਾ ਕੇ ਇਸ ਫਿਲਮ ਵਿੱਚ ਸਿੱਖ ਖਾੜਕੂਆਂ ਅਤੇ ਕਾਂਗਰਸ ਪਾਰਟੀ- ਦੋਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੂੰ ਕਾਂਗਰਸ ਪਾਰਟੀ ਦਾ ਏਜੰਟ ਵਿਖਾਇਆ ਗਿਆ ਹੈ।

ਇਸ ਨੂੰ ਡਾਇਰੈਕਟ ਵੀ ਇਸ ਐਕਟਰਸ ਨੇ ਆਪ ਕੀਤਾ ਹੈ ਅਤੇ ਮੁੱਖ ਭੂਮਿਕਾ ਵਿੱਚ ਵੀ ਆਪ ਹੀ ਹੈ। ਹਿੰਦੂਤਵੀਆਂ ਦੀ ਵਿਚਾਰਧਾਰਾ ਦੇ ਨੇੜੇ-ਤੇੜੇ ਰਹਿਣ ਵਾਲੇ ਇੱਕ ਹੋਰ ਮਸ਼ਹੂਰ ਐਕਟਰ ਅਨੁਪਮ ਖੇਰ ਨੇ ਇਸ ਵਿੱਚ ਸੁਧਾਰਵਾਦੀ ਸੋਸ਼ਲਿਸਟ ਆਗੂ ਜੈ ਪ੍ਰਕਾਸ਼ ਨਰਾਇਣ ਦੀ ਭੂਮਿਕਾ ਨਿਭਾਈ ਦੱਸੀ ਜਾਂਦੀ ਹੈ। ਫਿਲਮ ਦੇ ਟਰੇਲਰ ਤੋਂ ਇਸ ਦੇ ਕੰਟੈਂਟ ਬਾਰੇ ਵਿਸਥਾਰ ਵਿੱਚ ਅੰਦਾਜ਼ਾ ਤਾਂ ਨਹੀਂ ਲਾਇਆ ਜਾ ਸਕਦਾ, ਪਰ ਵੱਖ-ਵੱਖ ਚੈਨਲਾਂ 'ਤੇ ਇਸ ਬਾਰੇ ਹੋਈ ਚਰਚਾ ਤੋਂ ਪਤਾ ਲਗਦਾ ਹੈ ਕਿ ਫਿਲਮ ਅਸਲ ਵਿੱਚ ਭਾਰਤੀ ਜਨਤਾ ਪਾਰਟੀ ਦੇ ਸਭਿਆਚਾਰਕ ਵਿੰਗ ਦੀ ਹੀ ਦਸਤਾਵੇਜ਼ ਹੈ ਅਤੇ ਚੈਨਲਾਂ 'ਤੇ ਡਿਬੇਟ ਲਈ ਉਤਰੇ ਭਾਰਤੀ ਜਨਤਾ ਪਾਰਟੀ ਦੇ ਆਗੂ ਇਸ ਫਿਲਮ ਦਾ ਪੱਖ ਲੈਂਦੇ ਵੀ ਨਜ਼ਰ ਆ ਰਹੇ ਹਨ।

ਇਹ ਫਿਲਮ ਅਸਲ ਵਿੱਚ 25 ਜੂਨ 1975 ਤੋਂ 21 ਮਾਰਚ 1977 ਤੱਕ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਾਈ ਗਈ ਐਮਰਜੈਂਸੀ ਬਾਰੇ ਹੈ, ਪਰ ਇਸ ਨੂੰ



ਸਿੱਖ ਖਾੜਕੂਵਾਦ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੱਕ ਖਿੱਚ ਲਿਆ ਗਿਆ ਹੈ। ਉਦੋਂ ਰਾਏ ਬਰੇਲੀ ਤੋਂ ਹੋਈ ਇੰਦਰਾ ਗਾਂਧੀ ਦੀ ਚੋਣ ਨੂੰ ਹਾਈਕੋਰਟ ਵੱਲੋਂ ਰੱਦ ਕਰ ਦਿੱਤਾ ਗਿਆ ਸੀ ਅਤੇ ਜਸਟਿਸ ਜਗਮੋਹਨ ਸਿਨਾਹ ਵੱਲੋਂ ਉਨ੍ਹਾਂ ਦੇ 6 ਸਾਲ ਲਈ ਚੋਣਾਂ ਵਿੱਚ ਹਿੱਸਾ ਲੈਣ 'ਤੇ ਪਾਬੰਦੀ ਲਗਾ ਦਿੱਤੀ ਸੀ। ਬਾਅਦ ਵਿੱਚ ਇੰਦਰਾ ਗਾਂਧੀ ਦੇ ਵਿਰੋਧੀ ਉਮੀਦਵਾਰ ਰਾਜ ਨਰਾਇਣ ਇਸ ਮਸਲੇ ਨੂੰ ਸੁਪਰੀਮ ਕੋਰਟ ਵਿੱਚ ਲੈ ਗਏ ਸਨ। ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਪਹਿਲਾਂ ਹੀ ਇੰਦਰਾ ਗਾਂਧੀ ਨੇ ਭਾਰਤ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਸੀ ਅਤੇ ਇਹ ਮਾਰਚ 1977 ਤੱਕ ਜਾਰੀ ਰਹੀ। ਐਮਰਜੈਂਸੀ ਦਾ ਆਧਾਰ ਇਹ ਬਣਾਇਆ ਗਿਆ ਸੀ ਕਿ ਭਾਰਤੀ ਸਟੇਟ ਨੂੰ ਅੰਦਰੂਨੀ ਅਤੇ ਬਾਹਰੀ ਖਤਰਿਆਂ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਗਿਆ ਹੈ। ਇਕ ਅੰਦਾਜ਼ੇ ਅਨੁਸਾਰ ਐਮਰਜੈਂਸੀ ਦੌਰਾਨ ਤਕਰੀਬਨ ਇੱਕ ਲੱਖ ਤੋਂ ਵੱਧ ਸਿਆਸੀ ਵਿਰੋਧੀਆਂ, ਪੱਤਰਕਾਰਾਂ ਅਤੇ ਸਰਕਾਰ ਵਿਰੋਧੀ ਵਿਚਾਰ ਰੱਖਣ ਵਾਲੇ ਹੋਰ ਲੋਕਾਂ ਨੂੰ ਜੇਲ੍ਹਾਂ ਅੰਦਰ ਧੱਕ ਦਿੱਤਾ ਗਿਆ ਸੀ। ਇਸ ਦੌਰਾਨ ਦੇਸ਼ ਦੀ ਅਬਾਦੀ 'ਤੇ ਕਾਬੂ ਪਾਉਣ ਦੇ ਨਾਂ 'ਤੇ ਇੰਦਰਾ ਗਾਂਧੀ ਦੇ ਮਰਹੂਮ ਪੁੱਤਰ ਸੰਜੇ ਗਾਂਧੀ ਵੱਲੋਂ ਜਬਰੀ ਨਸਬੰਦੀ ਦੀ ਮੁਹਿੰਮ ਚਲਾਈ ਗਈ ਸੀ। ਇਸ ਸਾਰੇ ਕੁਝ ਦਾ ਨਤੀਜਾ ਇਹ ਨਿਕਲਿਆ ਕਿ ਐਮਰਜੈਂਸੀ ਖਤਮ ਹੋਣ ਤੋਂ ਬਾਅਦ 1977 ਵਿੱਚ ਹੋਈ ਲੋਕ ਸਭਾ ਚੋਣ ਵਿੱਚ ਮੁਰਾਰਜੀ ਦੇਸਾਈ ਦੀ ਅਗਵਾਈ ਵਿੱਚ ਜਨਤਾ ਪਾਰਟੀ ਦੀ ਕੁਲੀਸ਼ਨ ਸਰਕਾਰ ਬਣ ਗਈ ਸੀ।

ਇਹੋ ਸਮਾਂ ਸੀ ਜਦੋਂ ਪੰਜਾਬ ਦੇ ਅੰਮ੍ਰਿਤਸਰ ਵਿੱਚ 1978 ਵਾਲਾ ਨਿਰੰਕਾਰੀ ਕਾਂਡ ਵਾਪਰਦਾ ਹੈ, ਜਿਸ ਵਿੱਚ ਨਿਰੰਕਾਰੀਆਂ ਵੱਲੋਂ ਚਲਾਈ ਗਈ ਗੋਲੀ ਵਿੱਚ 13 ਸਿੰਘਾਂ ਦੀ ਜਾਨ ਚਲੀ ਗਈ ਸੀ। ਇਸ ਘਟਨਾ ਤੋਂ ਬਾਅਦ ਹੀ ਪੰਜਾਬ ਵਿੱਚ ਸਿੱਖ ਖਾੜਕੂ ਲਹਿਰ ਆਪਣਾ ਰੂਪ-ਸਰੂਪ ਅਖਤਿਆਰ ਕਰਦੀ ਹੈ ਅਤੇ ਸੰਤ ਜਰਨੈਲ ਸਿੰਘ ਸਿੱਖ ਸਿਆਸਤ ਦੇ ਦ੍ਰਿਸ਼ ਉੱਪਰ ਉਭਰਦੇ ਹਨ, ਜਿਸ ਦਾ ਸਿਖਰ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਕੀਤੀ ਗਈ ਫੌਜੀ ਕਾਰਵਾਈ ਵਿੱਚ ਨਿਕਲਦਾ ਹੈ। ਬਾਅਦ ਵਿੱਚ 1992-93 ਤੱਕ ਸਿੱਖ ਖਾੜਕੂ ਲਹਿਰ ਪੰਜਾਬ ਦਾ ਸਿਆਸੀ ਦ੍ਰਿਸ਼ ਮੱਲੀਂ ਰੱਖਦੀ ਹੈ। ਇਸ ਦੌਰਾਨ ਸਿੱਖ ਨੌਜੁਆਨਾਂ ਦੇ ਝੂਠੇ-ਸੱਚੇ ਪੁਲਿਸ ਮੁਕਾਬਲਿਆਂ ਦਾ ਇੱਕ ਦੌਰ ਵੀ ਚੱਲਿਆ ਅਤੇ ਬੱਸਾਂ ਵਿੱਚੋਂ ਕੱਢ ਕੇ ਸਾਧਾਰਨ ਹਿੰਦੂਆਂ ਦੇ ਕਤਲ ਵੀ ਵਾਪਰੇ। ਇਨ੍ਹਾਂ ਕਤਲਾਂ ਬਾਰੇ ਇਹ ਦੋਸ਼ ਵੀ ਲਗਦੇ ਰਹੇ ਕਿ ਇਹ ਸਰਕਾਰੀ ਏਜੰਸੀਆਂ ਦੀ ਖਾੜਕੂਆਂ ਵਿੱਚ ਘੁਸਪੈਠ ਜਾਂ ਖਾੜਕੂਆਂ ਦੇ ਭੇਸ ਵਿੱਚ ਸਰਕਾਰੀ ਏਜੰਸੀਆਂ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਦਾ ਨਤੀਜਾ ਸਨ। ਉਂਝ ਕਈ ਨਿਰਦੋਸ਼ ਕਤਲੇਆਮਾਂ ਦੀਆਂ ਜ਼ਿੰਮੇਵਾਰੀਆਂ ਸਿੱਖ ਖਾੜਕੂ ਧਿਰਾਂ ਦੇ ਨਾਂਵਾਂ 'ਤੇ ਵੀ ਛਪਦੀਆਂ ਰਹੀਆਂ। ਪੁਲਿਸ ਅਫਸਰ ਇਜ਼ਹਾਰ ਆਲਮ ਵੱਲੋਂ ਬਣਾਈ ਪ੍ਰਾਈਵੇਟ ਫੌਜ

⇒ ਬਾਕੀ ਸਫਾ 5 ਉਤੇ ਪੜ੍ਹੋ

## ਅਕਾਲੀ ਦਲ ਦਾ ਸੰਕਟ ਗਹਿਰਾਇਆ, ਇੱਕ ਹੋਰ ਥੰਮ੍ਹ ਡਿੱਗਾ

***ਡਿੰਪੀ ਢਿੱਲੋਂ ਵੱਲੋਂ ਵਰਕਰਾਂ ਸਮੇਤ 'ਆਪ' ਵਿੱਚ ਸ਼ਾਮਲ ਹੋਣ ਦਾ ਐਲਾਨ***

ਸ੍ਰੋਮਣੀ ਅਕਾਲੀ ਦਲ ਦਾ ਖੋਰਾ ਠਲ੍ਹਣ ਦਾ ਨਾਂ ਨਹੀਂ ਲੈ ਰਿਹਾ। ਹਲਕਾ ਗਿੱਦੜਬਾਹਾ ਤੋਂ ਅਕਾਲੀ ਦਲ ਦੇ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਵੀ ਪਾਰਟੀ ਤੋਂ ਲੰਘੀ 26 ਅਗਸਤ ਨੂੰ ਅਸਤੀਫਾ ਦੇ ਦਿੱਤਾ ਹੈ। ਪਾਰਟੀ ਵਰਕਰਾਂ ਵੱਲੋਂ ਬੁਲਾਈ ਗਈ ਇੱਕ ਮੀਟਿੰਗ ਵਿੱਚ ਅਗਲੇ ਦਿਨ ਹੀ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਬਹੁਤ ਸਾਰੇ ਪਾਰਟੀ ਵਰਕਰ ਵੀ ਉਨ੍ਹਾਂ ਦੇ ਨਾਲ ਆਮ ਆਦਮੀ ਪਾਰਟੀ ਵਿੱਚ ਜਾ ਰਹੇ ਹਨ। ਯਾਦ ਰਹੇ, ਹਾਲੇ ਕੁਝ ਦਿਨ ਪਹਿਲਾਂ ਹੀ ਅਕਾਲੀ ਐਮ.ਐਲ.ਏ. ਡਾ. ਸੁਖਵਿੰਦਰ ਸੁੱਖੀ 'ਆਪ' ਵਿੱਚ ਸ਼ਾਮਲ ਹੋ ਗਏ ਸਨ।


ਜ਼ਿਕਰਯੋਗ ਹੈ ਕਿ ਡਿੰਪੀ ਢਿੱਲੋਂ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਨਜ਼ਦੀਕੀਆਂ ਵਿੱਚੋਂ ਮੰਨੇ ਜਾਂਦੇ ਸਨ। ਉਹ 1989 ਵਿੱਚ ਪਾਰਟੀ ਨਾਲ ਜੁੜੇ ਸਨ। ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਡਿੰਪੀ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀ ਨਾ ਬਦਲਣ, ਜ਼ਿਮਨੀ ਚੋਣ ਲਈ ਟਿਕਟ ਉਨ੍ਹਾਂ ਨੂੰ ਹੀ ਦਿੱਤੀ ਜਾਵੇਗੀ। ਹਰਦੀਪ ਸਿੰਘ ਡਿੰਪੀ ਦਾ ਆਖਣਾ ਹੈ ਕਿ ਗਿਦੜਬਾਹਾ ਹਲਕੇ ਤੋਂ ਮਨਪ੍ਰੀਤ ਸਿੰਘ ਬਾਦਲ ਲੋਕਾਂ ਨਾਲ ਮੇਲ ਮਿਲਾਪ ਵਧਾ ਰਹੇ ਹਨ। ਉਹ ਲੋਕਾਂ ਨੂੰ ਭਾਜਪਾ ਵਿੱਚ ਸ਼ਾਮਲ ਵੀ ਨਹੀਂ ਕਰ ਰਹੇ ਅਤੇ ਵਰਕਰਾਂ ਨੂੰ ਆਖ ਰਹੇ ਹਨ ਕਿ ਅਕਾਲੀ ਦਲ ਵੱਲੋਂ ਇੱਥੋਂ ਚੋਣ ਲੜਨਗੇ। ਇਸ ਕਾਰਨ ਉਨ੍ਹਾਂ ਨੂੰ ਮਜਬੂਰਨ ਪਾਰਟੀ

⇒ ਬਾਕੀ ਸਫਾ 2 ਉਤੇ ਪੜ੍ਹੋ









ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਯੂਕਰੇਨ ਦੌਰਾ

# ਕਲੇਸ਼ੀ ਸੰਸਾਰ ਵਿੱਚੋਂ ਸੰਤੁਲਨ ਲੱਭਦੀ ਹਿੰਦੁਸਤਾਨੀ ਡਿਪਲੋਮੇਸੀ

**ਜੇ.ਐਸ. ਮਾਂਗਟ**

ਬੀਤੇ ਦਿਨੀਂ ਜਦੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੋਲੈਂਡ ਅਤੇ ਯੂਕਰੇਨ ਦੇ ਦੌਰੇ 'ਤੇ ਸਨ ਤਾਂ ਬਿਲਕੁਲ ਉਸੇ ਵਕਤ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਆਪਣੇ ਅਮਰੀਕੀ ਹਮਰੁਤਬਾ ਲੋਇਡ ਆਸਟਿਨ ਨੂੰ ਮਿਲ ਰਹੇ ਸਨ। ਇਹ ਸੰਸਾਰ ਦੀਆਂ ਵੱਡੀਆਂ ਤਾਕਤਾਂ ਰੂਸ, ਚੀਨ ਅਤੇ ਅਮਰੀਕਾ (ਸਮੇਤ ਨਾਟੋ ਮੁਲਕਾਂ ਦੇ) ਦੇ ਆਪਸੀ ਸੰਬੰਧਾਂ ਵਿਚਲੀ ਰਗੜ ਵਿੱਚੋਂ ਪੈਦਾ ਹੋਈ ਤਪਸ਼ ਨੂੰ ਪੁਰਾਣੇ ਜ਼ਮਾਨੇ ਦੀ ਗੁੱਟ ਨਿਰਲੇਪ ਨੀਤੀ ਨਾਲ ਠੰਡਾ ਕਰਨ ਦਾ ਯਤਨ ਲਗਦਾ ਹੈ।

ਸੋਵੀਅਤ ਯੂਨੀਅਨ ਅਤੇ ਅਮਰੀਕੀ ਗੁੱਟ ਵਿਚਕਾਰ ਚਲਦੀ ਰਹੀ ਠੰਡੀ ਜੰਗ ਵੇਲੇ ਵੀ ਭਾਰਤ ਏਸੇ ਕੂਟਨੀਤੀ ਦਾ ਆਸਰਾ ਲੈਂਦਾ ਰਿਹਾ ਹੈ। ਇਸ ਤਰ੍ਹਾਂ ਕਰਦਿਆਂ ਇੱਕ ਪਾਸੇ ਤਾਂ ਭਾਰਤ ਏਸ਼ੀਆਈ ਖਿੱਤੇ ਵਿੱਚ ਆਪਣੀ ਸੁਰੱਖਿਆ ਲਈ ਅਮਰੀਕਾ ਨਾਲ ਆਪਣੇ ਸੰਬੰਧਾਂ ਵਿੱਚ ਕਿਸੇ ਕਿਸਮ ਦੀ ਤਰੇੜ ਨਹੀਂ ਚਾਹੁੰਦਾ, ਦੂਜੇ ਪਾਸੇ ਆਪਣੇ ਹੰਢੇ ਵਰਤੇ ਮਿੱਤਰ ਰੂਸ ਦਾ ਸਸਤਾ ਕੱਚਾ ਤੇਲ ਵੀ ਗੁਆਉਣਾ ਨਹੀਂ ਚਾਹੁੰਦਾ, ਜਿਸ ਨੂੰ ਰਿਫਾਈਨ ਕਰਕੇ ਯੂਰਪੀ ਮੁਲਕਾਂ ਨੂੰ ਵੇਚਣ ਨਾਲ ਭਾਰਤ ਨੂੰ ਚੰਗੀ ਕਮਾਈ ਹੋ ਰਹੀ ਹੈ। ਪਰ ਪੱਛਮੀ ਮੁਲਕ ਖਾਸ ਕਰਕੇ ਅਮਰੀਕਾ ਅਤੇ ਨਾਟੋ ਗੁੱਟ ਚਾਹੁੰਦੇ ਹਨ ਕਿ ਭਾਰਤ ਖੁੱਲ੍ਹ ਕੇ ਉਨ੍ਹਾਂ ਵੱਲ ਸਟੈਂਡ ਲਵੇ ਅਤੇ ਰੂਸ ਵੱਲੋਂ ਯੂਕਰੇਨ ਵਿੱਚ ਛੇੜੀ ਜੰਗ ਵਿੱਚ ਉਨ੍ਹਾਂ ਦਾ ਸਾਥ ਦੇਵੇ। ਇਹ ਗੱਲ ਭਾਰਤੀ ਹਕੂਮਤ ਦੇ ਪ੍ਰਤੀਨਿਧਾਂ ਨੂੰ ਤਾਂ ਭਾਵੇਂ ਅਮਰੀਕਾ ਵਾਲੇ ਦੱਬੀ ਜ਼ੁਬਾਨ ਵਿੱਚ ਕਹਿੰਦੇ ਹਨ, ਪਰ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਤੋਂ ਉਨ੍ਹਾਂ ਇਹ ਗੱਲ ਖੁੱਲ੍ਹ ਕੇ ਅਖਵਾਈ।

ਦੋ ਦਹਾਕੇ ਪਹਿਲਾਂ ਜਦੋਂ ਅਮਰੀਕਾ ਦੇ ਜੌੜੇ ਟਰੇਡ ਟਾਵਰਾਂ 'ਤੇ ਇਸਲਾਮਿਕ ਮੂਲਵਾਦੀਆਂ ਨੇ ਹਮਲਾ ਕੀਤਾ ਸੀ ਤਾਂ ਅਮਰੀਕੀ ਸਦਰ ਜਾਰਜ ਬੁਸ਼ ਨੇ ਇਹ ਪੈਂਤੜਾ ਖੁੱਲ੍ਹ ਕੇ ਅਖਤਿਆਰ ਕੀਤਾ ਸੀ ਕਿ ਦੁਨੀਆਂ ਵਿੱਚ ਅੱਜ ਜਿਹੜੇ ਸਾਡੇ ਨਾਲ ਨਹੀਂ ਹਨ, ਉਹ ਦੁਸ਼ਮਣ ਨਾਲ ਮੰਨੇ ਜਾਣਗੇ। ਉਸ ਵਕਤ ਅਫਗਾਨਿਸਤਾਨ ਵਿੱਚ ਮੁੱਲਾਂ ਉਮਰ ਦੀ ਅਗਵਾਈ ਵਿੱਚ ਤਾਲਿਬਾਨ ਦੀ ਸਰਕਾਰ ਸੀ। ਪਾਕਿਸਤਾਨੀ ਅਵਾਮ ਦੇ ਦਬਾਅ ਹੇਠ ਪਾਕਿਸਤਾਨ ਦਾ ਹਾਕਮ ਖੁੱਲ੍ਹ ਕੇ ਅਮਰੀਕਾ ਦੇ ਪੱਖ ਵਿੱਚ ਖਲੋਣ ਤੋਂ ਹਿਚਕਚਾ ਰਿਹਾ ਸੀ ਤਾਂ ਬੁਸ਼ ਨੇ ਧਮਕੀ ਦਿੱਤੀ, 'ਵੁਈ ਵਿੱਲ ਰਡਿਊਸ ਯੂ ਟੂ ਦ ਸਟੋਨ ਏਜ।' ਇਸ ਤੋਂ ਬਾਅਦ ਪਾਕਿਸਤਾਨ ਸਿੱਧਾ ਹੋ ਕੇ ਅਮਰੀਕਾ ਦੇ ਹੱਕ ਵਿੱਚ ਖਲੋ ਗਿਆ ਸੀ; ਪਰ ਅੱਜ ਨਾ ਤੇ ਅਮਰੀਕਾ ਹੀ ਇਸ ਕਿਸਮ ਦੀ ਧਮਕੀ ਦੇਣ ਦੀ ਸਥਿਤੀ ਵਿੱਚ ਹੈ ਅਤੇ ਨਾ ਹੀ ਭਾਰਤ ਦੀ ਹਾਲਤ ਪਾਕਿਸਤਾਨ ਵਰਗੀ ਹੈ, ਖਾਸ ਕਰਕੇ ਫੌਜੀ ਦ੍ਰਿਸ਼ਟੀ ਤੋਂ। ਉਂਝ ਇਹਦੇ ਨਾਲ ਰਲਦੇ-ਮਿਲਦੇ ਅਰਥਾਂ ਵਾਲੀਆਂ ਗੱਲਾਂ ਹੀ ਜ਼ੇਲੈਂਸਕੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਹੀਆਂ ਹਨ, ਪਰ ਕਾਫੀ ਧੀਮੀ ਸੁਰ ਵਿੱਚ।



ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੇਨਸਕੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਮਲੇ ਦੌਰਾਨ ਫੌਤ ਹੋਏ ਬੱਚਿਆਂ ਦੀਆਂ ਤਸਵੀਰਾਂ ਦਿਖਾਉਂਦੇ ਹੋਏ

ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਸਾਡਾ ਦੇਸ਼ ਤੁਹਾਨੂੰ ਸਪਸ਼ਟ ਰੂਪ ਵਿੱਚ ਆਪਣੇ ਹੱਕ ਵਿੱਚ ਖੜ੍ਹਾ ਵੇਖਣਾ ਚਾਹੁੰਦਾ ਹੈ। ਉਨ੍ਹਾਂ ਇਤਰਾਜ਼ ਜਿਤਾਇਆ ਕਿ ਭਾਰਤ ਰੂਸ ਤੋਂ ਜਿਹੜਾ ਕੱਚਾ ਤੇਲ ਖਰੀਦ ਰਿਹਾ ਹੈ, ਉਸ ਤੋਂ ਹੋਣ ਵਾਲੀ ਆਮਦਨ ਨਾਲ ਹੀ ਉਹ ਯੂਕਰੇਨ ਖਿਲਾਫ ਜੰਗ ਜਾਰੀ ਰੱਖ ਰਿਹਾ ਹੈ। ਇਸ ਦੀ ਅਣਹੋਂਦ ਵਿੱਚ ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਲਾਈਆਂ ਗਈਆਂ ਆਰਥਕ ਪਾਬੰਦੀਆਂ ਉਸ ਦਾ ਕਚੂੰਮਰ ਕੱਢ ਦੇਣਗੀਆਂ ਅਤੇ ਰੂਸ ਦੇ ਲੋਕ ਪੂਤਿਨ ਨੂੰ ਜੰਗ ਬੰਦ ਕਰਨ ਲਈ ਮਜਬੂਰ ਕਰ ਦੇਣਗੇ। ਯਾਦ ਰਹੇ, ਜੰਗ ਤੋਂ ਪਹਿਲਾਂ ਰੂਸ ਯੂਰਪੀਅਨ ਮੁਲਕਾਂ ਨੂੰ ਸਮੁੰਦਰੀ ਪਾਈਪ ਲਾਈਨ ਰਾਹੀਂ ਤੇਲ ਸਪਲਾਈ ਕਰਦਾ ਸੀ, ਜਿਹੜਾ ਯੂਕਰੇਨ ਖਿਲਾਫ ਜੰਗ ਛੇੜਨ ਤੋਂ ਬਾਅਦ ਬੰਦ ਹੋ ਗਿਆ। ਹੁਣ ਯੂਰਪ ਦੇ ਬਹੁਤੇ ਮੁਲਕਾਂ ਨੂੰ ਤੇਲ ਦੀ ਸਪਲਾਈ ਜਾਂ ਤੇ ਅਮਰੀਕਾ ਕਰਦਾ ਹੈ ਜਾਂ ਖਾੜੀ ਖੇਤਰ ਵਿੱਚੋਂ ਹੁੰਦੀ ਹੈ। ਭਾਰਤ ਵੀ ਰੂਸ ਤੋਂ ਕੱਚਾ ਤੇਲ ਖਰੀਦ ਕੇ ਅਗਾਂਹ ਯੂਰਪ ਨੂੰ ਵੇਚਦਾ ਹੈ ਅਤੇ ਜੰਗ ਵਾਲੀ ਸਥਿਤੀ ਵਿੱਚ ਆਪਣੇ ਦੇਸ਼ ਵਿੱਚ ਤੇਲ ਦੀਆਂ ਕੀਮਤਾਂ ਨੂੰ ਸਾਵੀਆਂ ਰੱਖਣ ਦਾ ਯਤਨ ਕਰਦਾ ਹੈ। ਉਂਝ ਇਹ ਵੀ ਧਿਆਨ ਦੇਣਾ ਬਣਦਾ ਹੈ ਕਿ ਕਿਸੇ ਦੋ ਮੁਲਕਾਂ ਵਿਚਕਾਰ ਲੱਗੀ ਜੰਗ ਦਾ ਲਾਭ ਕੇਵਲ ਹਿੰਦੁਸਤਾਨ ਹੀ ਨਹੀਂ ਚੁੱਕ ਰਿਹਾ, ਪੱਛਮੀ ਮੁਲਕਾਂ ਦੀ ਹਥਿਆਰ ਬਣਾਉਣ-ਵੇਚਣ ਵਾਲੀ ਲੌਬੀ ਵੀ ਇਸ ਦਾ ਬੇਪਨਾਹ ਲਾਭ ਉਠਾ ਰਹੀ ਹੈ। ਰੂਸੀ ਤੇਲ ਪਾਈਪ ਲਾਈਨ ਨੂੰ ਤੋੜ ਭੰਨ ਕੇ ਅਮਰੀਕੀਆਂ ਨੇ ਯੂਰਪ ਨੂੰ ਆਪਣਾ ਤੇਲ ਸਪਲਾਈ ਕਰਨਾ ਸ਼ੁਰੂ ਕੀਤਾ ਅਤੇ ਇਸ ਨਾਲ ਉਨ੍ਹਾਂ ਨੂੰ ਆਰਥਿਕ ਸੰਕਟ ਵਿੱਚੋਂ ਬਾਹਰ ਆਉਣ ਦਾ ਮੌਕਾ ਮਿਲਿਆ।

ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਕਰੇਨ ਦੇ ਦੌਰੇ 'ਤੇ ਸਨ ਤਾਂ ਰੂਸ ਦੀਆਂ ਮਿਜ਼ਾਈਲਾਂ ਬੱਚਿਆਂ ਦੇ ਇੱਕ ਹਸਪਤਾਲ 'ਤੇ ਡਿੱਗੀਆਂ। ਜ਼ੇਲੈਂਸਕੀ ਨੇ ਤੁਰੰਤ ਇਸ ਨੂੰ ਆਪਣੇ ਪੱਖ ਵਿੱਚ ਭੁਗਤਾਉਂਦਿਆਂ ਆਖਿਆ ਕਿ ਰੂਸ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਦੀ ਵੀ ਕਦਰ ਨਹੀਂ ਕਰਦਾ। 'ਤੁਹਾਡੀ ਇੱਥੇ ਮੌਜੂਦਗੀ ਦੇ ਬਾਵਜੂਦ ਬੱਚਿਆਂ ਦੇ ਹਸਪਤਾਲ ਨੂੰ ਨਿਸ਼ਾਨਾ ਬਣਾਈ ਜਾ ਰਿਹਾ ਹੈ।' ਇਸ ਹਸਪਤਾਲ 'ਤੇ ਹਮਲੇ ਵਿੱਚ 2000 ਬੱਚਿਆਂ ਦੀ ਮੌਤ ਹੋ ਗਈ ਦੱਸੀ ਜਾਂਦੀ ਹੈ। ਜ਼ੇਲੈਂਸਕੀ ਨੇ ਮੋਦੀ ਨੂੰ ਸਪਸ਼ਟ ਕਿਹਾ ਕਿ ਉਨ੍ਹਾਂ ਨੂੰ ਪੂਤਿਨ ਵਰਗੇ ਖੂਨੀ ਮੁਜ਼ਰਿਮ ਦੇ ਹੱਕ ਵਿੱਚ ਨਹੀਂ ਖਲੋਣਾ ਚਾਹੀਦਾ। ਸਾਡੇ ਮੁਲਕ ਨੂੰ ਤੁਹਾਡੀ ਹਰ ਕਿਸਮ ਦੀ ਹਮਾਇਤ ਦੀ ਲੋੜ ਹੈ।

ਜ਼ੇਲੈਂਸਕੀ ਨੇ ਸੰਯੁਕਤ ਰਾਸ਼ਟਰ ਦੇ ਫੋਰਮਾਂ 'ਤੇ ਭਾਰਤ ਵੱਲੋਂ ਯੂਕਰੇਨ ਦਾ ਪੱਖ ਨਾ ਪੂਰਨ 'ਤੇ ਵੀ ਇਤਰਾਜ਼ ਜਤਾਇਆ; ਪਰ ਇਸ ਸਾਰੇ ਕਾਸੇ ਦੇ ਦਰਮਿਆਨ ਭਾਰਤ ਦੇ ਪ੍ਰਧਾਨ ਮੰਤਰੀ ਨੇ ਜਿਹੜਾ ਬਿਆਨ ਦਿੱਤਾ ਉਹ ਆਪਣੀ ਗੁੱਟ ਨਿਰਲੇਪ ਨੀਤੀ ਨੂੰ ਜਾਰੀ ਰੱਖਣ ਵੱਲ ਹੀ ਇਸ਼ਾਰਾ ਕਰਦਾ ਹੈ। ਉਨ੍ਹਾਂ ਕਿਹਾ ਕਿ "ਅਸੀਂ ਯੂਕਰੇਨ ਜੰਗ ਦੌਰਾਨ ਨਿਰਲੇਪ ਨਹੀਂ ਰਹੇ, ਸਗੋਂ 'ਸ਼ਾਂਤੀ' ਦਾ ਪੱਖ ਲਿਆ। ਰੂਸ-ਯੂਕਰੇਨ ਜੰਗ ਛਿੜਨ ਦੇ ਪਹਿਲੇ ਦਿਨ ਤੋਂ ਹੀ ਸਾਡੀ ਇਹ ਅਡੋਲ ਪੁਜ਼ੀਸ਼ਨ ਰਹੀ ਹੈ।" ਮੋਦੀ ਨੇ ਕਿਹਾ, "ਅਸੀਂ ਯੂਕਰੇਨ ਦੀ ਅਖੰਡਤਾ ਅਤੇ ਇਕਜੁੱਟਤਾ ਦੇ ਹਾਮੀ ਹਾਂ।" ਇਸ ਤੋਂ ਇਲਾਵਾ ਦੋਹਾਂ ਮੁਲਕਾਂ ਦੇ ਆਗੂਆਂ ਨੇ ਸਾਂਝੇ ਰੂਪ ਵਿੱਚ ਹਥਿਆਰ ਬਣਾਉਣ ਸਮੇਤ ਆਪਸੀ ਕਾਰੋਬਾਰ ਵਧਾਉਣ ਦੇ ਮਸ਼ਵਰੇ ਵੀ ਕੀਤੇ। ਇਸ ਫੇਰੀ ਦੌਰਾਨ ਭਾਰਤ ਅਤੇ ਯੂਕਰੇਨ ਨੇ ਖੇਤੀ, ਖੁਰਾਕ ਸਨਅਤ, ਮੈਡੀਸਨ, ਸਭਿਆਚਾਰ ਅਤੇ ਮਾਨਵ ਸਹਿਯੋਗ ਦੇ ਖੇਤਰਾਂ ਵਿੱਚ ਚਾਰ ਸਮਝੌਤੇ ਵੀ ਸਹੀਬਧ ਕੀਤੇ। ਜ਼ੇਲੈਂਸਕੀ ਨੇ ਭਾਰਤ ਆਉਣ ਦੀ ਵੀ ਇੱਛਾ ਜ਼ਾਹਰ ਕੀਤੀ।

ਅੰਤਰਰਾਸ਼ਟਰੀ ਸੰਬੰਧਾਂ ਦੇ ਕੁਝ ਮਾਹਿਰਾਂ ਵੱਲੋਂ ਇਸ ਕਿਸਮ ਦੀਆਂ ਕਿਆਸ ਅਰਾਈਆਂ ਵੀ ਪਰਗਟ ਕੀਤੀਆਂ ਗਈਆਂ ਕਿ ਭਾਰਤ ਯੂਕਰੇਨ ਜੰਗ ਦੇ ਮਾਮਲੇ ਵਿੱਚ ਰੂਸ ਅਤੇ ਯੂਕਰੇਨ ਵਿਚਕਾਰ ਸਮਝੌਤਾ ਕਰਵਾਉਣ ਦੇ ਯਤਨ ਕਰ ਰਿਹਾ ਹੈ। ਹਾਲਾਂਕਿ ਹਾਲ ਦੀ ਘੜੀ ਇਸ ਬਾਰੇ ਦੋਹਾਂ ਮੁਲਕਾਂ ਦੇ ਆਗੂਆਂ ਨੇ ਬਹੁਤਾ ਕੁਝ ਨਹੀਂ ਕਿਹਾ। ਉਂਝ ਆਪਣੀ ਗੁਟ ਨਿਰਲੇਪ ਨੀਤੀ ਕਾਰਨ ਹਿੰਦੋਸਤਾਨ ਦੋਨੋ ਮੁਲਕਾਂ ਵਿੱਚ ਅਮਨ-ਅਮਾਨ ਕਰਵਾਉਣਾ ਲਈ ਸਭ ਤੋਂ ਢੁਕਵਾਂ ਮੁਲਕ ਹੈ। ਇਸ ਤੋਂ ਪਹਿਲਾਂ ਸਵਿਟਜ਼ਰਲੈਂਡ ਵੱਲੋਂ ਇਸ ਕਿਸਮ ਦੇ ਯਤਨ ਇੱਕ ਵਾਰ ਕੀਤੇ ਜਾ ਚੁੱਕੇ ਹਨ, ਜਿੱਥੇ ਦੋਨੋਂ ਮੁਲਕ ਆਪੋ ਆਪਣੀਆਂ ਪੁਜੀਸ਼ਨਾਂ 'ਤੇ ਅੜੇ ਰਹੇ।

ਜ਼ਿਕਰਯੋਗ ਹੈ ਕਿ ਯੂਕਰੇਨ ਦੇ ਆਪਣੇ ਚਾਰ ਦਿਨਾ ਦੌਰੇ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ 21-22 ਅਗਸਤ ਨੂੰ ਪੋਲੈਂਡ ਦਾ ਦੌਰਾ ਕੀਤਾ। ਇੱਥੇ ਪ੍ਰਧਾਨ ਮੰਤਰੀ ਪੋਲੈਂਡ ਦੇ ਰਾਸ਼ਟਰਪਤੀ ਐਂਡਰੇਜ਼ ਸੇਬੇਸਟੀਅਨ ਨੂੰ ਮਿਲੇ ਅਤੇ ਪੋਲੈਂਡ ਦੇ ਪ੍ਰਧਾਨ ਮੰਤਰੀ ਡੋਨਾਲਡ ਟਸਕ ਨਾਲ ਦੁਵੱਲੇ ਮਸਲਿਆਂ 'ਤੇ ਗੱਲਬਾਤ ਕੀਤੀ।

# ਅਕਾਲੀ ਦਲ ਦਾ ਸੰਕਟ ਗਹਿਰਾਇਆ, ਇੱਕ ਹੋਰ ਥੰਮ੍ਹ ਡਿੱਗਾ

ਛੱਡਣੀ ਪਈ ਹੈ। ਉਨ੍ਹਾਂ ਨੂੰ ਗਿੱਦੜਬਾਹਾ ਦੀ ਜ਼ਿਮਨੀ ਚੋਣ ਲਈ ਟਿਕਟ ਵਾਸਤੇ ਅਕਾਲੀ ਦਲ ਤੋਂ ਉਮੀਦ ਸੀ।

ਇਸ ਦਰਮਿਆਨ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਦੇ ਚਲਾਣੇ ਤੋਂ ਬਾਅਦ ਮਨਪ੍ਰੀਤ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਵਿਚਕਾਰ ਕਾਫੀ ਨੇੜਤਾ ਹੋ ਗਈ ਹੈ। ਹਰਦੀਪ ਸਿੰਘ ਡਿੰਪੀ ਦੇ ਸ਼ਬਦਾਂ ਵਿੱਚ 'ਦੋਨੋਂ ਭਰਾ ਇੱਕ ਦੂਜੇ ਨਾਲ ਘਿਉ ਖਿਚੜੀ ਹਨ, ਇਸ ਲਈ ਮੈਂ ਉਨ੍ਹਾਂ ਦੇ ਵਿਚਾਲੇ ਪਿਸਣਾ ਨਹੀਂ ਚਾਹੁੰਦਾ।' ਇਸ ਦਰਮਿਆਨ ਮਨਪ੍ਰੀਤ ਸਿੰਘ ਬਾਦਲ ਨੇ ਡਿੰਪੀ 'ਤੇ ਹਮਲਾ ਕਰਦਿਆਂ ਕਿਹਾ ਕਿ ਜਦੋਂ ਅਕਾਲੀ ਦਲ ਨਾਲ ਜੁੜੇ ਲੋਕ ਭਾਜਪਾ ਵਿੱਚ ਜਾ ਰਹੇ ਹਨ ਤਾਂ ਉਹ ਬੁਖਲਾ ਗਏ ਹਨ। ਮਨਪ੍ਰੀਤ ਨੇ ਇਹ ਵੀ ਕਿਹਾ ਕਿ ਡਿੰਪੀ ਢਿੱਲੋਂ ਨੇ ਕਦੀ ਵੀ ਚੋਣ ਨਹੀਂ ਜਿੱਤੀ। ਉਹ ਪਿਛਲੀਆਂ ਦੋ ਚੋਣਾਂ ਹਾਰ ਚੁੱਕੇ ਹਨ। ਜ਼ਿਕਰਯੋਗ ਹੈ ਕਿ 2022 ਦੀ ਵਿਧਾਨ ਸਭਾ ਚੋਣਾਂ ਵਿੱਚ ਡਿੰਪੀ ਢਿੱਲੋਂ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਡੇਢ ਕੁ ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰ ਗਏ ਸਨ।

ਡਿੰਪੀ ਆਮ ਆਦਮੀ ਪਾਰਟੀ ਦੇ ਸੰਪਰਕ ਵਿੱਚ ਦੱਸੇ ਜਾਂਦੇ ਹਨ। ਇੱਕ ਸੋਸ਼ਲ ਮੀਡੀਆ ਚੈਨਲ ਨਾਲ ਆਪਣੀ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਕਿ ਹਾਲੇ ਤੱਕ ਉਹ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲੇ ਨਹੀਂ ਹਨ, 'ਆਪ' ਦੇ ਸਥਾਨਕ ਆਗੂਆਂ ਦੇ ਸੰਪਰਕ ਵਿੱਚ ਹੀ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਉਨ੍ਹਾਂ ਨੂੰ ਸਿਰਫ ਫੋਨ ਆਇਆ ਸੀ।

ਪੰਜਾਬ ਵਿੱਚ ਲੋਕ ਸਭਾ ਚੋਣਾਂ ਕਾਰਨ ਖਾਲੀ ਹੋਈਆਂ ਅਸੈਂਬਲੀ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਭਾਵੇਂ ਹਾਲੇ ਐਲਾਨ ਨਹੀਂ ਹੋਇਆ, ਪਰ ਇਨ੍ਹਾਂ ਚੋਣਾਂ ਲਈ ਚਰਚਾ ਹੁਣੇ ਤੋਂ ਚੱਲ ਪਈ ਹੈ। ਖਾਸ ਕਰਕੇ ਗਿੱਦੜਬਾਹਾ ਅਤੇ ਡੇਰਾ ਬਾਬਾ ਨਾਨਕ ਸੀਟ ਬਾਰੇ। ਵੱਖ-ਵੱਖ ਪਾਰਟੀਆਂ, ਖਾਸ ਕਰਕੇ ਸੱਤਾ ਧਾਰੀ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਬਾਦਲ ਅੰਦਰ ਇਸ ਸੀਟ ਨੂੰ ਲੈ ਕੇ ਖਾਸੀ ਉਥਲ-ਪੁਥਲ ਹੋ ਰਹੀ ਹੈ। ਭਾਵੇਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਸਾਫ ਕੀਤਾ ਹੈ ਕਿ ਗਿੱਦੜਬਾਹਾ ਸੀਟ ਤੋਂ ਪਾਰਟੀ ਦੀ ਟਿਕਟ ਡਿੰਪੀ ਢਿੱਲੋਂ ਨੂੰ ਹੀ ਦਿੱਤੀ ਜਾਵੇਗੀ ਅਤੇ ਉਹ 10 ਦਿਨਾਂ ਤੱਕ ਡਿੰਪੀ ਦੀ ਉਡੀਕ ਕਰਨਗੇ। ਇਸ ਤੋਂ ਬਾਅਦ ਹੀ ਕਿਸੇ ਹੋਰ ਲਈ ਟਿਕਟ ਦਾ ਐਲਾਨ ਕਰਨਗੇ; ਪਰ ਡਿੰਪੀ ਨੇ ਮੀਡੀਆ ਨੂੰ ਦੱਸਿਆ ਕਿ ਹੁਣ ਉਹ ਪਾਰਟੀ ਛੱਡਣ ਦਾ ਫੈਸਲਾ ਕਰ ਚੁੱਕੇ ਹਨ।

ਅਕਾਲੀ ਦਲ ਦੀ ਹਾਲਤ ਹਰ ਆਏ ਦਿਨ ਪਤਲੀ ਹੋ ਰਹੀ ਹੈ। ਇਸੇ ਵਰ੍ਹੇ ਹੋਈਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਸਿਰਫ ਬਠਿੰਡਾ ਸੀਟ ਜਿੱਤਣ ਵਿੱਚ ਕਾਮਯਾਬ ਹੋ ਸਕਿਆ ਹੈ; ਜਿੱਥੋਂ ਹਰਸਿਮਰਤ ਕੌਰ ਬਾਦਲ ਆਪਣੀ ਸੀਟ ਬਚਾਉਣ ਵਿੱਚ ਕਾਮਯਾਬ ਰਹੀ ਸੀ। ਅਕਾਲੀ ਦਲ ਦੇ 10 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ ਅਤੇ ਵੋਟ ਫੀਸਦੀ ਦੇ ਮਾਮਲੇ ਵਿੱਚ ਵੀ ਭਾਜਪਾ ਤੋਂ ਬਾਅਦ ਚੌਥੇ ਨੰਬਰ 'ਤੇ ਰਿਹਾ ਸੀ। ਅਕਾਲੀ ਦਲ ਦੀ ਇਸ ਹਾਲਤ ਲਈ ਬਾਅਦ ਵਿੱਚ ਬਹੁਤ ਸਾਰੇ ਸੀਨੀਅਰ ਅਕਾਲੀ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਸੁਖਦੇਵ ਸਿੰਘ ਢੀਂਡਸਾ, ਪਰਮਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ ਬਰਾੜ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਜਿਹੇ ਸੀਨੀਅਰ ਆਗੂਆਂ ਨੇ ਪਾਰਟੀ ਲੀਡਰਸ਼ਿਪ ਖਿਲਾਫ ਬਗਾਵਤ ਦਾ ਰਾਹ ਫੜ ਲਿਆ। ਇਹ ਆਗੂ ਮੰਗ ਕਰ ਰਹੇ ਹਨ ਕਿ ਸੁਖਬੀਰ ਸਿੰਘ ਬਾਦਲ ਦੀਆਂ ਸੱਤਾ ਦੌਰਾਨ ਕੀਤੀਆਂ ਗਈਆਂ ਗਲਤੀਆਂ ਕਾਰਨ ਸਿੱਖਾਂ ਨੇ ਅਕਾਲੀ ਦਲ ਤੋਂ ਦੂਰੀ ਬਣਾ ਲਈ ਹੈ। ਲੋਕ ਅਕਾਲੀ ਦਲ ਦੇ ਇਕੱਠਾਂ ਵਿੱਚ ਤਾਂ ਸ਼ਾਮਲ ਹੁੰਦੇ ਹਨ, ਪਰ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਨਹੀਂ ਪਾਉਂਦੇ। ਸੁਖਬੀਰ ਬਾਦਲ ਵੱਲੋਂ ਬੀਤੇ ਦਿਨੀਂ ਇਨ੍ਹਾਂ ਆਗੂਆਂ ਨੂੰ ਪਾਰਟੀ ਅਨੁਸ਼ਾਸਨ ਭੰਗ ਕਰਨ ਦੇ ਨਾਂ 'ਤੇ ਪਾਰਟੀ ਤੋਂ ਵੱਖ ਕਰ ਦਿੱਤਾ ਗਿਆ ਹੈ। ਇਨ੍ਹਾਂ ਆਗੂਆਂ ਨੇ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਆਪਣਾ ਕਨਵੀਨਰ ਨਿਯੁਕਤ ਕਰ ਕੇ 'ਅਕਾਲੀ ਸੁਧਾਰ ਲਹਿਰ' ਦੇ ਨਾਂ 'ਤੇ ਟਕਸਾਲੀ ਅਕਾਲੀ ਵਰਕਰਾਂ ਨਾਲ ਸੰਪਰਕ ਸਾਧਣਾ ਸ਼ੁਰੂ ਕਰ ਦਿੱਤਾ ਹੈ। ਬਾਗੀ ਧੜੇ ਵੱਲੋਂ ਮਰਹੂਮ ਅਕਾਲੀ ਆਗੂ ਮੋਹਨ ਸਿੰਘ ਤੁੜ ਦੇ ਘਰ ਕੁਝ ਦਿਨ ਪਹਿਲਾਂ ਇੱਕ ਸਮਾਗਮ ਕੀਤਾ ਗਿਆ ਸੀ।

ਇਸ ਤੋਂ ਇਲਾਵਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਵੀ ਦੋਹਾਂ ਧੜਿਆਂ ਵੱਲੋਂ ਵੱਖੋ-ਵੱਖ ਮਨਾਈ ਗਈ। ਹਾਲੇ ਕੁਝ ਕੁ ਦਿਨ ਪਹਿਲਾਂ ਹੀ ਅਕਾਲੀ ਦਲ ਦਾ ਇੱਕ ਅਸੈਂਬਲੀ ਮੈਂਬਰ ਸੁਖਵਿੰਦਰ ਸੁੱਖੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਿਆ ਹੈ। 2022 ਦੀਆਂ ਵਿਧਾਨ ਸਭਾ




ਡਿੰਪੀ ਢਿੱਲੋਂ

ਚੋਣਾਂ ਵਿੱਚ ਅਕਾਲੀ ਦਲ ਦੇ ਤਿੰਨ ਉਮੀਦਵਾਰ ਜਿੱਤੇ ਸਨ, ਜਿਨ੍ਹਾਂ ਵਿੱਚੋਂ ਹੁਣ ਦੋ ਹੀ ਪਾਰਟੀ ਨਾਲ ਰਹਿ ਗਏ ਹਨ। ਇਨ੍ਹਾਂ ਵਿੱਚੋਂ ਇੱਕ ਮਨਪ੍ਰੀਤ ਸਿੰਘ ਇਆਲੀ ਹਨ, ਜਿਹੜੇ ਹਾਲ ਦੀ ਘੜੀ ਖਾਮੋਸ਼ ਬੈਠੇ ਹਨ ਅਤੇ ਦੂਸਰੇ ਬਿਕਰਮਜੀਤ ਸਿੰਘ ਮਜੀਠੀਆ ਦੀ ਪਤਨੀ ਗੁਨੀਵ ਕੌਰ ਮਜੀਠੀਆ ਹਨ। ਬੀਤੇ ਦਿਨੀਂ ਬਿਕਰਮਜੀਤ ਸਿੰਘ ਮਜੀਠੀਆ ਦੇ ਵੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦੀ ਚਰਚਾ ਚਲਦੀ ਰਹੀ ਹੈ।

ਲੰਘੀਆਂ ਲੋਕ ਸਭਾ ਚੋਣਾਂ ਵਿੱਚ ਦੋ ਆਜ਼ਾਦ ਸਿੱਖ ਉਮੀਦਵਾਰ- ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਅਤੇ ਫਰੀਦਕੋਟ ਤੋਂ ਸ਼ਹੀਦ ਬੇਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਵੱਡੇ ਫਰਕ ਨਾਲ ਲੋਕ ਸਭਾ ਚੋਣ ਜਿੱਤ ਕੇ ਮੈਂਬਰ ਪਾਰਲੀਮੈਂਟ ਬਣੇ ਹਨ। ਦੋਹਾਂ ਨੇ ਭਾਵੇਂ ਪਾਰਲੀਮਾਨੀ ਮੈਂਬਰਾਂ ਵਜੋਂ ਸਹੁੰ ਚੁੱਕ ਲਈ ਹੈ, ਪਰ ਅੰਮ੍ਰਿਤਪਾਲ ਸਿੰਘ ਹਾਲੇ ਵੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਇਸ ਹਾਲਤ ਸਮੁੱਚੀ ਸਿੱਖ ਸਿਆਸਤ ਦੀ ਤਸਵੀਰ ਵੀ ਹਾਲ ਦੀ ਘੜੀ ਧੁੰਦਲੀ ਜਾਪਦੀ ਹੈ। ਸਿੱਖ ਆਵਾਮ ਦੀ ਹਮਦਰਦੀ ਕਾਰਨ ਸਰਬਜੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਭਾਵੇਂ ਚੋਣ ਜਿੱਤ ਗਏ ਹਨ, ਪਰ ਉਹ ਖੁਦ ਜਾਂ ਉਨ੍ਹਾਂ ਦੇ ਸਮਰਥਕ ਪੰਜਾਬ ਵਿੱਚ ਕੋਈ ਨਵੀਂ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਪਾਰਟੀ ਜਥੇਬੰਦ ਕਰਨ ਦੇ ਸਮਰੱਥ ਨਹੀਂ ਜਾਪਦੇ। ਅਕਾਲੀ ਦਲ ਅੰਮ੍ਰਿਤਸਰ ਦਾ ਪਹਿਲਾਂ ਹੀ ਇੱਕ ਸੀਮਤ ਜਿਹਾ ਘੇਰਾ ਹੈ। ਲੋਕ ਸਭਾ ਚੋਣਾਂ ਵਿੱਚ ਇਸ ਪਾਰਟੀ ਦੀ ਕਾਰਗੁਜ਼ਾਰੀ ਵੀ ਬਹੁਤੀ ਚੰਗੀ ਨਹੀਂ ਰਹੀ। ਸ. ਸਿਮਰਨਜੀਤ ਸਿੰਘ ਮਾਨ ਭਾਵੇਂ 'ਆਪ' ਸਰਕਾਰ ਬਣਨ ਤੋਂ ਥੋੜ੍ਹਾ ਸਮਾਂ ਬਾਅਦ ਹੀ ਸੰਗਰੂਰ ਤੋਂ ਲੋਕ ਸਭਾ ਚੋਣ ਜਿੱਤ ਗਏ ਸਨ, ਪਰ ਬਾਅਦ ਵਿੱਚ ਹੋਈਆਂ ਆਮ ਚੋਣਾਂ ਵਿੱਚ ਉਨ੍ਹਾਂ ਨੇ ਵੀ ਆਪਣੀ ਸੀਟ ਗੁਆ ਲਈ। ਇਸ ਤਰ੍ਹਾਂ ਦੀ ਹਾਲਤ ਵਿੱਚ ਪੰਜਾਬ ਇੱਕ ਮਜਬੂਤ ਖੇਤਰੀ ਪਾਰਟੀ ਤੋਂ ਮਹਿਰੂਮ ਹੁੰਦਾ ਜਾਪਦਾ ਹੈ। ਸਿੱਖ ਵੋਟਰਾਂ ਨੂੰ ਕਾਂਗਰਸ, 'ਆਪ' ਅਤੇ ਭਾਜਪਾ ਵਰਗੀਆਂ ਤਿੰਨ ਕੌਮੀ ਪਾਰਟੀਆਂ ਵਿੱਚੋਂ ਹੀ ਕਿਸੇ ਇੱਕ ਨੂੰ ਵੋਟਾਂ ਦੇਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਇੱਥੇ ਇਹ ਜ਼ਿਕਰ ਕਰਨਾ ਵੀ ਜਾਇਜ਼ ਹੋਵੇਗਾ ਕਿ ਅਕਾਲੀਆਂ ਦੇ ਬਾਗੀ ਧੜੇ ਵੱਲੋਂ ਇੱਕ ਜੁਲਾਈ ਨੂੰ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਅਕਾਲੀ ਰਾਜ ਵੇਲੇ ਹੋਈਆਂ ਗਲਤੀਆਂ ਦੇ ਭਾਗੀਦਾਰ ਹੋਣ ਦੀ ਸਜ਼ਾ ਲਵਾਉਣ ਲਈ ਲਿਖਤੀ ਬੇਨਤੀ ਕਰ ਦਿੱਤੀ ਗਈ ਸੀ। ਜਥੇਦਾਰ ਸਾਹਿਬ ਨੂੰ ਲਿਖੇ ਪੱਤਰ ਵਿੱਚ ਉਨ੍ਹਾਂ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ ਮੁਆਫੀ ਦਿਵਾਉਣ, 2015 ਵਿੱਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਗੋਲੀ ਕਾਂਡ ਵਿੱਚ ਮਾਰੇ ਗਏ ਦੋ ਸਿੱਖਾਂ ਅਤੇ ਸੁਮੇਧ ਸੈਣੀ ਨੂੰ ਪੁਲਿਸ ਮੁਖੀ ਨਿਯੁਕਤ ਕਰਨ ਜਿਹੇ ਮਸਲਿਆਂ 'ਤੇ ਸੁਖਬੀਰ ਸਿੰਘ ਬਾਦਲ ਨੂੰ ਤਲਬ ਕਰਨ ਦੀ ਮੰਗ ਕੀਤੀ ਸੀ। ਮਗਰੋਂ ਸੁਖਬੀਰ ਸਿੰਘ ਬਾਦਲ ਵੀ ਆਪਣਾ ਲਿਖਤੀ ਸਪਸ਼ਟੀਕਰਨ ਜਥੇਦਾਰ ਸਾਹਿਬ ਨੂੰ ਦੇ ਆਏ ਸਨ। ਹੁਣ 30 ਅਗਸਤ ਨੂੰ ਇਸ ਕਿੱਸੇ ਦਾ ਨਬੇੜਾ ਕਰਨ ਲਈ ਅਕਾਲ ਤਖਤ ਸਾਹਿਬ ਵੱਲੋਂ ਪੰਜ ਸਿੰਘ ਸਾਹਿਬ ਦੀ ਮੀਟਿੰਗ ਬੁਲਾਈ ਗਈ ਹੈ।

# ਪੰਜਾਬ 'ਚ ਹੁਣ ਕਾਲੇ ਪਾਣੀਆਂ ਦੇ ਮੋਰਚੇ ਬਾਰੇ ਚਰਚੇ

ਜਸਵੀਰ ਸਿੰਘ ਸ਼ੀਰੀ

***24 ਅਗਸਤ ਨੂੰ ਲੁਧਿਆਣਾ ਵਿੱਚ ਹੋਇਆ ਰੋਸ ਮਾਰਚ**
***ਬੁੱਢੇ ਦਰਿਆ ਦੇ ਪ੍ਰਦੂਸ਼ਿਤ ਪਾਣੀ ਨੂੰ ਬੰਨ੍ਹ ਮਾਰਨ ਦਾ ਐਲਾਨ**

ਪਬਲਿਕ ਐਕਸ਼ਨ ਕਮੇਟੀ-ਮੱਤੇਵਾੜਾ, ਨਰੋਆ ਪੰਜਾਬ ਮੰਚ, ਪੰਜਾਬ ਦੀਆਂ ਕੁਝ ਕਿਸਾਨ ਜਥੇਬੰਦੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੀ ਪਹਿਲ-ਕਦਮੀ 'ਤੇ ਬੀਤੇ ਸ਼ਨੀਵਾਰ ਲੁਧਿਆਣਾ-ਫਿਰੋਜ਼ਪੁਰ ਰੋਡ 'ਤੇ ਵੇਰਕਾ ਮਿਲਕ ਪਲਾਂਟ ਤੋਂ ਭਾਈ ਬਾਲਾ ਚੌਂਕ ਤੱਕ ਇੱਕ ਰੋਸ ਮਾਰਚ ਦਾ ਆਯੋਜਨ ਕੀਤਾ ਗਿਆ। ਇਸ ਰੋਸ ਮਾਰਚ ਵਿੱਚ ਬੁੱਢੇ ਦਰਿਆ ਰਾਹੀਂ ਸਤਲੁਜ ਵਿੱਚ ਪੈ ਰਹੇ ਪ੍ਰਦੂਸ਼ਣ ਦਾ ਮਸਲਾ ਜ਼ੋਰ ਨਾਲ ਉਭਰਿਆ। ਪੰਜਾਬ ਦੇ ਮਾਲਵਾ ਖੇਤਰ ਤੋਂ ਇਲਾਵਾ ਰਾਜਸਥਾਨ ਤੋਂ ਵੀ ਕਾਫੀ ਲੋਕਾਂ ਨੇ ਇਸ ਮਾਰਚ ਵਿੱਚ ਹਿੱਸਾ ਲਿਆ। ਇਸ ਮਸਲੇ ਨੂੰ ਸਿਆਸੀ ਬਹਿਸ ਦੇ ਕੇਂਦਰ ਵਿੱਚ ਲਿਆਉਣ ਦੇ ਯਤਨ ਵਜੋਂ ਕੀਤੇ ਗਏ ਇਸ ਪ੍ਰਦਰਸ਼ਨ ਵਿੱਚ ਫਿਲਮਕਾਰ ਅਮਿਤੋਜ ਮਾਨ, ਪੱਤਰਕਾਰ ਹਮੀਰ ਸਿੰਘ, ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਸਤਨਾਮ ਸਿੰਘ ਪੰਨੂ ਤੇ ਦਰਸ਼ਨਪਾਲ, ਵਾਤਾਵਰਣ ਕਾਰਕੁੰਨ ਜਸਕੀਰਤ ਸਿੰਘ, ਸਮਾਜ ਸੇਵੀ ਲੱਖਾ ਸਿਧਾਣਾ ਜਿਹੇ ਕਾਰਕੁੰਨਾਂ ਨੇ ਹਿੱਸਾ ਲਿਆ। ਬੁਲਾਰਿਆਂ ਨੇ ਪੰਜਾਬ ਦੇ ਬੇਹੱਦ ਗੰਭੀਰ ਹੋ ਰਹੇ ਪਾਣੀ ਦੇ ਸੰਕਟ 'ਤੇ ਚਰਚਾ ਕੀਤੀ। ਇਸ ਇਕੱਠ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ 15 ਸਤੰਬਰ ਤੱਕ ਬੁੱਢੇ ਦਰਿਆ ਵਿੱਚ ਪੈ ਰਹੇ ਲੁਧਿਆਣਾ ਸ਼ਹਿਰ ਦੇ ਪ੍ਰਦੂਸ਼ਿਤ ਪਾਣੀ ਦਾ ਕੋਈ ਹੱਲ ਨਾ ਕੀਤਾ ਗਿਆ ਤਾਂ ਲੋਕਾਂ ਦੀ ਸਹਾਇਤਾ ਨਾਲ ਇਸ ਦੇ ਗੰਦੇ ਪਾਣੀ ਨੂੰ ਬੰਨ੍ਹ ਮਾਰ ਦਿੱਤਾ ਜਾਵੇਗਾ।



ਯਾਦ ਰਹੇ, ਬੁੱਢੇ ਦਰਿਆ ਦੀ ਸਫਾਈ ਲਈ ਪਿਛਲੀ ਸਰਕਾਰ ਵੱਲੋਂ ਪੰਜ ਸੌ ਕਰੋੜ ਤੋਂ ਵਧੇਰੇ ਦਾ ਫੰਡ ਅਲਾਟ ਵੀ ਕੀਤਾ ਗਿਆ ਸੀ। ਇਹ ਫੰਡ ਅਫਸਰਸ਼ਾਹੀ ਅਤੇ ਠੇਕੇਦਾਰਾਂ ਵੱਲੋਂ ਛਕ-ਛਕਾ ਲਿਆ ਗਿਆ ਹੈ, ਪਰ ਦਰਿਆ ਦੇ ਪ੍ਰਦੂਸ਼ਣ ਦਾ ਪਰਨਾਲਾ ਉਥੇ ਦਾ ਉਥੇ ਹੈ। ਇਸ ਤਰ੍ਹਾਂ ਸਤਲੁਜ ਐਕਸ਼ਨ ਪਲਾਨ ਅਧੀਨ ਵੀ ਕਈ ਸੌ ਕਰੋੜ ਦੀ ਫੰਡਿੰਗ ਹੋਈ। ਇਹ ਫੰਡ ਤਾਂ ਖੁਰਦ-ਬੁਰਦ ਹੋ ਗਏ, ਪਰ ਸਤਲੁਜ ਦਾ ਕੁਝ ਨਹੀਂ ਬਣਿਆ। ਸਤਲੁਜ ਹੁਣ ਲਗਪਗ ਮਰ ਚੁੱਕਾ ਦਰਿਆ ਹੈ। ਬੱਢੇ ਨਾਲੇ ਕੁ ਜਿੰਨੀ ਥਾਂ ਵਿੱਚ ਹੀ ਵਗਦਾ ਹੈ। ਇਸ ਵਾਰ ਤਾਂ ਘੱਟ ਮੀਂਹ ਪੈਣ ਕਾਰਨ ਸਾਉਣ-ਭਾਦੋਂ ਦੇ ਮਹੀਨੇ ਵਿੱਚ ਵੀ ਇਹ ਸੁੱਕਾ ਵੇਖਿਆ ਗਿਆ ਹੈ। ਆਮ ਤੌਰ 'ਤੇ ਬਾਕੀ ਸਾਰਾ ਸਾਲ ਇਹ ਸੁੱਕਾ ਰਹਿੰਦਾ, ਪਰ ਬਰਸਾਤ ਦੇ ਮੌਸਮ ਵਿੱਚ ਭਾਖੜਾ ਡੈਮ ਤੋਂ ਵਾਧੂ ਪਾਣੀ ਛੱਡੇ ਜਾਣ ਕਾਰਨ ਸਤਲੁਜ ਦੇ ਇਰਦ-ਗਿਰਦ ਵੱਸਦੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪੈਂਦੀ ਹੈ। ਹਰ ਆਏ ਸਾਲ ਦਾ ਉਜਾੜਾ ਇਨ੍ਹਾਂ ਲੋਕਾਂ ਨੂੰ ਕਾਸੇ ਜੋਗਾ ਨਹੀਂ ਰਹਿਣ ਦਿੰਦਾ।

ਜਦੋਂ ਇਹ ਸਾਰਾ ਸਾਲ ਚਲਦਾ ਸੀ ਤਾਂ ਸਤਲੁਜ ਦਰਿਆ ਸਹੀ ਅਰਥਾਂ ਵਿੱਚ ਪੰਜਾਬ ਦੀ ਸਾਹ ਰਗ ਸੀ। ਇਸ ਕਾਰਨ ਪੰਜਾਬ ਦਾ ਧਰਤੀ ਹੇਠਲਾ ਪਾਣੀ ਖਾਸ ਕਰਕੇ ਮਾਲਵੇ, ਦੁਆਬੇ ਅਤੇ ਮਾਝੇ ਦੇ ਇੱਕ ਹਿੱਸੇ ਦਾ, ਤਰੋਤ ਰਹਿੰਦਾ ਸੀ। ਇੰਜ ਇੱਕ ਪਾਸੇ ਤਾਂ ਇਹ ਦਰਿਆ ਘਟ ਰਹੇ ਪਾਣੀ ਦੀ ਮਾਰ ਝੱਲ ਰਿਹਾ ਹੈ, ਦੂਜੇ ਪਾਸੇ ਇਸ ਦੇ ਬਚੇ-ਖੁਚੇ ਪਾਣੀ ਨੂੰ ਬੁੱਢੇ ਦਰਿਆ ਰਾਹੀਂ ਲੁਧਿਆਣੇ ਦਾ ਪਾਣੀ ਪ੍ਰਦੂਸ਼ਿਤ ਕਰ ਰਿਹਾ ਹੈ। ਸਭ ਤੋਂ ਖਤਰਨਾਕ ਪ੍ਰਦੂਸ਼ਣ ਰੰਗਾਈ ਵਾਲੀਆਂ ਫੈਕਟਰੀਆਂ ਦਾ ਹੈ। ਇਲੈਕਟਰੋਪਲੇਟਿੰਗ ਤੋਂ ਪੈਦਾ ਹੋਣ ਵਾਲਾ ਇਹ ਪ੍ਰਦੂਸ਼ਣ ਟਰੀਟ ਕਰਨਾ ਵੀ ਅੱਤਿ ਮੁਸ਼ਕਲ ਹੈ।

ਪ੍ਰਦਸ਼ਨਕਾਰੀਆਂ ਨੂੰ ਧਿਆਨ ਰੱਖਣ ਦੀ ਲੋੜ ਹੈ ਕਿ ਅਕਸਰ ਹੀ ਅਜਿਹੇ ਮਸਲਿਆਂ 'ਤੇ ਕੀਤੇ ਜਾਣ ਵਾਲੇ ਸੰਘਰਸ਼ ਦਾ ਫਾਇਦਾ ਰਾਜਨੀਤੀਵਾਨ, ਠੇਕੇਦਾਰ ਅਤੇ ਅਫਸਰਸ਼ਾਹੀ ਉਠਾ ਜਾਂਦੀ ਹੈ (ਜਿਵੇਂ ਕਿਸਾਨ ਸੰਘਰਸ਼ ਦਾ ਸਿਆਸੀ ਲਾਭ 'ਆਪ' ਨੇ ਲਿਆ)। ਉਠ ਰਹੇ ਵਿਰੋਧ ਕਾਰਨ ਸਰਕਾਰਾਂ ਕੁਝ ਨਾ ਕੁਝ ਫੰਡ ਅਲਾਟ ਕਰ ਦਿੰਦੀਆਂ ਹਨ ਤਾਂ ਕਿ ਇਸ ਨੂੰ ਸੋਧਣ ਦਾ ਪ੍ਰਬੰਧ ਕੀਤਾ ਜਾਵੇ, ਪਰ ਇਹ ਸਾਰਾ ਪੈਸਾ ਘੁੰਮ-ਘੁਮਾ ਕੇ ਰਾਜਨੀਤੀਵਾਨਾਂ, ਠੇਕੇਦਾਰਾਂ ਅਤੇ ਅਫਸਰਸ਼ਾਹੀ ਦੇ ਘਰਾਂ ਵਿੱਚ ਜਾ ਵੜਦਾ ਹੈ। ਇਹੋ ਪੰਜਾਬ ਸਮੇਤ ਹਿੰਦੋਸਤਾਨ ਦੇ ਲੋਕਾਂ ਦੀ ਤ੍ਰਾਸਦੀ ਹੈ। ਸਕੀਮਾਂ, ਕਾਨੂੰਨਾਂ, ਨਿਯਮਾਂ, ਫੰਡਾਂ ਦੇ ਐਲਾਨ ਹੁੰਦੇ ਹਨ ਪਰ ਭ੍ਰਿਸ਼ਟ ਤੰਤਰ ਕਾਰਨ ਸਾਰਾ ਕੁਝ ਧਰਿਆ-ਧਰਾਇਆ ਰਹਿ ਜਾਂਦਾ ਹੈ। ਟੈਲੀਕਾਮ ਕੰਪਨੀਆਂ ਜੀਓ ਅਤੇ ਏਅਰਟੈੱਲ ਤੋਂ ਸਿਆਸੀ ਪਾਰਟੀਆਂ ਨੇ ਇਸ ਵਾਰ ਦੀਆਂ ਆਮ ਚੋਣਾਂ ਤੋਂ ਪਹਿਲਾਂ ਸੈਂਕੜੇ ਕਰੋੜ ਦਾ ਫੰਡ ਲਿਆ। ਚੋਣਾਂ ਤੋਂ ਬਾਅਦ ਇਨ੍ਹਾਂ ਕੰਪਨੀਆਂ ਨੇ ਮੁਬਾਈਲ ਅਤੇ ਇੰਟਰਨੈਟ ਸੇਵਾਵਾਂ ਦੀਆਂ ਕੀਮਤਾਂ ਵਿੱਚ ਤਿੱਖਾ ਵਾਧਾ ਕਰ ਦਿੱਤਾ। ਸਰਕਾਰ ਚੁੱਪ ਰਹੀ। ਸਾਰੀ ਆਰਥਕ ਗਾਜ ਅੰਤ ਨੂੰ ਸਧਾਰਨ ਲੋਕਾਂ 'ਤੇ ਆ ਡਿੱਗੀ।

ਪਾਣੀ ਦੇ ਪ੍ਰਦੂਸ਼ਣ ਨੂੰ ਕਾਬੂ ਕਰਨ ਵਿੱਚ ਵੀ ਪੈਸੇ ਦੀ ਸ਼ਕਤੀ ਕੰਮ ਕਰਦੀ ਹੈ। ਸਨਅਤਕਾਰਾਂ ਤੋਂ ਸਿਆਸੀ ਪਾਰਟੀਆਂ ਨੇ ਫੰਡ ਲੈਣੇ ਹਨ ਤੇ ਅਫਸਰਾਂ ਨੇ ਮਹੀਨੇ, ਇਸ ਲਈ ਪ੍ਰਦੂਸ਼ਣ ਕੌਣ ਰੋਕੇਗਾ? ਲੋਕਾਂ ਨੂੰ ਤਾਂ ਲਾਰਿਆਂ ਵਿੱਚ ਰੱਖਿਆ ਜਾ ਸਕਦਾ ਹੈ; ਕਾਰੋਬਾਰੀਆਂ, ਠੇਕੇਦਾਰਾਂ ਤੇ ਸਮਗਲਰਾਂ ਨੂੰ ਨਹੀਂ। ਇਸੇ ਵਜਾਹ ਕਰਕੇ ਪੰਜਾਬ ਵਿੱਚ ਨਸ਼ੇ ਦਾ ਚੱਕਰਵਿਊ ਨਹੀਂ ਟੁੱਟ ਰਿਹਾ। ਜਿਨ੍ਹਾਂ ਨੇ ਪ੍ਰਦੂਸ਼ਣ/ਨਸ਼ਾ ਰੋਕਣਾ ਹੈ, ਉਹੀ ਫੈਲਾਉਣ ਲਈ ਜ਼ਿੰਮੇਵਾਰ ਹਨ। ਜਿਨ੍ਹਾਂ 'ਤੇ ਕਾਨੂੰਨ-ਨਿਯਮ ਬਣਾਉਣ ਦੀ ਜ਼ਿੰਮੇਵਾਰੀ ਹੈ, ਉਹੀ ਇਨ੍ਹਾਂ ਨੂੰ ਤੋੜਨ ਲਈ ਮੋਹਰੀ ਹਨ। ਪਾਣੀ ਦੇ ਪ੍ਰਦੂਸ਼ਣ ਅਤੇ ਪਾਣੀ ਦੀ ਥੁੜ੍ਹ ਦਾ ਗੰਭੀਰ ਸੰਕਟ ਸਾਡੇ ਸਨਮੁੱਖ ਹੈ। ਕੈਂਸਰ, ਕਾਲਾ ਪੀਲੀਆ ਅਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਦੇ ਰੂਪ ਵਿੱਚ ਇਸ ਦੇ ਸਿੱਟੇ ਸਾਹਮਣੇ ਵੀ ਆ ਰਹੇ ਹਨ, ਪਰ ਇਸੇ ਵਿਸ਼ੇ 'ਤੇ ਲੋਕਾਂ ਵਿੱਚ ਚੇਤਨਾ ਦਾ ਪੱਧਰ ਨੀਵਾਂ ਹੈ।

ਹੈਰਾਨੀ ਹੁੰਦੀ ਹੈ ਇਹ ਵੇਖ ਕੇ ਕਿ ਵਾਤਾਵਰਣ ਦੇ ਸੰਕਟ ਬਾਰੇ ਏਨਾ ਕੁਝ ਅਖਬਾਰਾਂ ਵਿੱਚ ਛਪਦਾ ਹੈ। ਫਿਰ ਵੀ ਕੋਈ ਕਦਮ ਹੱਲ ਵੱਲ ਨਹੀਂ ਤੁਰਦਾ। ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਉਨ੍ਹਾਂ ਦੇ ਸੇਵਾਦਾਰਾਂ ਨੂੰ ਕਾਲੀ ਵੇਈਂ ਸਾਫ ਕਰਨ ਲਈ 25 ਸਾਲ ਲੱਗ ਗਏ, ਹਾਲੇ ਵੀ ਕਈ ਥਾਵਾਂ 'ਤੇ ਉਸ ਵਿੱਚ ਗੰਦਾ ਪਾਣੀ ਡਿੱਗੀ ਜਾ ਰਿਹਾ ਹੈ। ਜਦੋਂ ਸਰਕਾਰੀ ਤੰਤਰ ਫੇਲ੍ਹ ਹੋ ਜਾਵੇ ਤਾਂ ਆਪਣੇ ਕਾਰਜਾਂ ਨੂੰ ਆਪਣੇ ਹੱਥ ਲੈ ਕੇ ਸਵਾਰਨ ਦਾ ਉਝ ਇਹ ਵੀ ਇੱਕ ਨਕਲ ਕਰਨ ਯੋਗ ਮਾਡਲ ਹੈ। ਪਾਣੀ ਦੇ ਪ੍ਰਦੂਸ਼ਣ ਨੂੰ ਲੈ ਕੇ ਜੀਰਾ ਨੇੜੇ ਮਾਲਬਰੋਸ ਸ਼ਰਾਬ ਫੈਕਟਰੀ ਦੇ ਖਿਲਾਫ ਵੀ ਇੱਕ ਮੋਰਚਾ ਭਖਿਆ ਸੀ ਅਤੇ ਬਾਅਦ ਵਿੱਚ ਜਲੰਧਰ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਫੈਕਟਰੀ ਨੂੰ ਬੰਦ ਕਰਨ ਦਾ ਫੈਸਲਾ ਲੈ ਲਿਆ। ਇਸ ਫੈਸਲੇ ਦੇ ਖਿਲਾਫ ਫੈਕਟਰੀ ਦੇ ਮਾਲਕ ਹਾਈਕੋਰਟ ਵਿੱਚ ਚਲੇ ਗਏ ਸਨ। ਇਸ ਲਈ ਇਹ ਮੋਰਚਾ, ਭਾਵੇਂ ਢਿੱਲੇ-ਮੱਠੇ ਰੂਪ 'ਚ ਹੀ ਸਹੀ, ਹਾਲੇ ਵੀ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਜਲੰਧਰ ਜ਼ਿਲ੍ਹੇ ਵਿੱਚ ਕਾਲਾ ਸੰਘਿਆਂ ਡਰੇਨ ਦੇ ਪ੍ਰਦੂਸ਼ਣ ਖਿਲਾਫ ਵੀ ਪ੍ਰਦਰਸ਼ਨ ਹੁੰਦੇ ਰਹੇ ਹਨ।

ਇੰਡਸਟਰੀਅਲ ਖੇਤਰ ਦੇ ਪ੍ਰਦੂਸ਼ਤ ਪਾਣੀ ਨੂੰ ਰੋਕਣ ਵਿੱਚ ਸਰਕਾਰ ਇਹ ਦਿੱਕਤ ਦੱਸਦੀ ਹੈ ਕਿ ਇਹ ਮਸਲਾ ਕੁਝ ਲੋਕਾਂ ਦੀ ਰੋਜ਼ੀ-ਰੋਟੀ ਨਾਲ ਜੁੜਿਆ ਹੋਇਆ ਹੈ। ਲੁਧਿਆਣਾ ਵਿੱਚ ਰੰਗਾਈ ਦਾ ਕੰਮ ਆਮ ਤੌਰ 'ਤੇ ਛੋਟੀ ਇੰਡਸਟਰੀ ਵਿੱਚ ਦੱਸਿਆ ਜਾਂਦਾ ਹੈ। ਜੇ ਸਰਕਾਰ ਨੇ ਕੁਝ ਤਬਕਿਆਂ ਦੀ ਰੋਜ਼ੀ-ਰੋਟੀ ਦਾ ਧਿਆਨ ਰੱਖਣਾ ਹੈ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਸ ਸਨਅਤ ਵੱਲੋਂ ਕੀਤੇ ਜਾ ਰਹੇ ਪ੍ਰਦੂਸ਼ਣ ਨੂੰ ਆਪ ਟਰੀਟ ਕਰਕੇ ਦਰਿਆਵਾਂ/ਵੇਈਆਂ ਵਿੱਚ ਛੱਡੇ। ਪਾਣੀ ਦਾ ਪ੍ਰਦੂਸ਼ਣ ਪੰਜਾਬ ਵਿੱਚ ਤੇਜ਼ੀ ਨਾਲ ਪੈਦਾ ਹੋ ਰਹੀ ਪਾਣੀ ਦੀ ਥੁੜ੍ਹ ਨੂੰ ਵਧਾ ਰਿਹਾ ਹੈ। ਪੰਜਾਬ ਦੇ 82 ਫੀਸਦੀ ਰਕਬੇ ਦਾ ਧਰਤੀ ਹੇਠਲਾ ਪਾਣੀ ਖਤਰਨਾਕ ਰੂਪ ਵਿੱਚ ਨੀਂਵਾਂ ਜਾ ਚੁੱਕਾ ਹੈ। ਕੁੱਲ 138 ਪ੍ਰਸ਼ਾਸਨਿਕ ਬਲਾਕਾਂ ਵਿੱਚੋਂ 109 ਬਲਾਕ ਡਾਰਕ ਜੋਨ ਵਿੱਚ ਹਨ। ਧਰਤੀ ਹੇਠਲਾ ਪਾਣੀ ਹਰ ਸਾਲ 51 ਸੈਂਟੀਮੀਟਰ ਨੀਵਾਂ ਜਾ ਰਿਹਾ ਹੈ। ਪੰਜਾਬ ਵਿੱਚ 14 ਲੱਖ ਤੋਂ ਵੱਧ ਟਿਊਬਵੈੱਲ ਹਨ, ਜਿਹੜੇ ਹਰ ਸਾਲ 38.78 ਕਿਊਬਿਕ ਮੀਟਰ ਪਾਣੀ ਬਾਹਰ ਖਿੱਚ ਰਹੇ ਹਨ। ਇਸ ਤਰ੍ਹਾਂ ਝੋਨੇ ਦੀ ਫਸਲ ਸਾਡੀ ਜਾਨ ਦਾ ਖੌਅ ਬਣੀ ਹੋਈ ਹੈ; ਪਰ ਪਿਛਲੇ 30 ਸਾਲਾਂ ਵਿੱਚ ਫਸਲੀ ਵਿਭਿੰਨਤਾ ਲਈ ਹੋਈ ਹਰ ਕੋਸ਼ਿਸ਼ ਫੇਲ੍ਹ ਹੋ ਗਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਸਿਟਰਸ ਫਰੂਟ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਕਮੇਟੀ ਬਣੀ ਸੀ, ਪਰ ਉਹ ਫੰਡਾਂ ਸਮੇਤ ਪਤਾ ਨਹੀਂ ਕਿੱਥੇ ਚਲੀ ਗਈ? ਹਾਰ ਕੇ ਲੋਕ ਮੋਰਚਿਆਂ 'ਤੇ ਉਤਰਨ ਲੱਗੇ ਹਨ।

DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਸਿੱਖ ਅਮਰੀਕਨ ਕਾਂਗਰਸਮੈਨ ਦਲੀਪ ਸਿੰਘ ਸੌਂਦ ਬਾਰੇ ਨਵੀਂ ਦਸਤਾਵੇਜ਼ੀ 'ਤੇ ਨਿਰਮਾਣ ਸ਼ੁਰੂ

**ਪੰਜਾਬੀ ਪਰਵਾਜ਼ ਬਿਊਰੋ**


ਅਵਾਰਡ ਜੇਤੂ ਫਿਲਮ ਨਿਰਮਾਤਾ ਅਤੇ ਨਿਰਦੇਸ਼ਕ ਮ੍ਰਿਦੂ ਚੰਦਰਾ ਦਲੀਪ ਸਿੰਘ ਸੌਂਦ ਬਾਰੇ ਨਵੀਂ ਦਸਤਾਵੇਜ਼ੀ ਫਿਲਮ ਬਣਾ ਰਹੀ ਹੈ। ਦਲੀਪ ਸਿੰਘ ਸੌਂਦ ਨੇ 1956 ਵਿੱਚ ਕਾਂਗਰਸ ਲਈ ਚੋਣ ਲੜੀ ਅਤੇ ਦੂਜੇ ਵਿਸ਼ਵ ਯੁੱਧ ਦੇ ਇੱਕ ਪ੍ਰਮੁੱਖ ਨੇਤਾ ਨੂੰ ਹਰਾ ਕੇ ਸੰਯੁਕਤ ਰਾਜ ਦੇ ਇਤਿਹਾਸ ਵਿੱਚ ਪਹਿਲੇ ਏਸ਼ੀਆਈ, ਭਾਰਤੀ ਅਤੇ ਸਿੱਖ ਕਾਂਗਰਸਮੈਨ ਬਣੇ। ਉਨ੍ਹਾਂ ਨੇ ਤਿੰਨ ਵਾਰ ਕੈਲੀਫੋਰਨੀਆ ਦੇ 29ਵੇਂ ਜ਼ਿਲ੍ਹੇ ਦੀ ਸੇਵਾ ਕੀਤੀ।

ਮ੍ਰਿਦੂ ਚੰਦਰਾ ਅਨੁਸਾਰ ਦਲੀਪ ਸਿੰਘ ਸੌਂਦ ਬਾਰੇ ਕਹਾਣੀ ਜ਼ਿਆਦਾਤਰ ਅਣਜਾਣ ਰਹੀ ਹੈ ਅਤੇ ਉਹ ਆਪਣੀ ਨਵੀਂ ਦਸਤਾਵੇਜ਼ੀ ਨਾਲ ਇਸ ਨੂੰ ਬਦਲਣਾ ਚਾਹੁੰਦੀ ਹੈ। ਮ੍ਰਿਦੂ ਚੰਦਰਾ ਨਿਊਯਾਰਕ ਵਿੱਚ ਸਥਿਤ ਬਾਫਟਾ (ਬ੍ਰਿਟਿਸ਼ ਅਕੈਡਮੀ ਆਫ ਫਿਲਮ ਐਂਡ ਟੈਲੀਵਿਜ਼ਨ) ਅਤੇ ਐਮੀ ਅਵਾਰਡ ਜੇਤੂ ਫਿਲਮ ਨਿਰਮਾਤਾ ਹੈ। ਉਸਨੇ 12 ਫੀਚਰ ਦਸਤਾਵੇਜ਼ੀ ਅਤੇ 3 ਗਲਪ ਫਿਲਮਾਂ ਦਾ ਨਿਰਮਾਣ ਕੀਤਾ ਹੈ, ਜੋ ਨਾਗਰਿਕ ਅਧਿਕਾਰਾਂ, ਵਾਤਾਵਰਣ ਅਤੇ ਨਸਲੀ ਨਿਆਂ, ਤੇ ਲਿੰਗ ਸਮਾਨਤਾ ਦੇ ਵਿਸ਼ਿਆਂ 'ਤੇ ਆਧਾਰਤ ਹਨ। ਉਸਦੀ ਪਹਿਲੀ ਡਾਕੂਮੈਂਟਰੀ (2003 ਵਿੱਚ ਰਿਲੀਜ਼ ਹੋਈ) ਬਾਯਰਡ ਰਸਟਿਨ ਬਾਰੇ ਸੀ, ਜੋ ਇਤਿਹਾਸ ਦਾ ਇੱਕ ਹੋਰ ਅਣਡਿੱਠ ਨਾਇਕ ਸੀ। ਰਸਟਿਨ ਨੇ ਅਹਿੰਸਕ ਟਾਕਰੇ ਦੀਆਂ ਗਾਂਧੀ ਦੀਆਂ ਰਣਨੀਤੀਆਂ ਦਾ ਅਧਿਐਨ ਕੀਤਾ ਅਤੇ ਬਾਅਦ ਵਿੱਚ ਮਾਰਟਿਨ ਲੂਥਰ ਕਿੰਗ ਜੂਨੀਅਰ ਬਾਰੇ ਵੀ। ਚੰਦਰਾ ਦੀਆਂ ਫਿਲਮਾਂ ਦੇ ਪ੍ਰੀਮੀਅਰ ਪ੍ਰਮੁੱਖ ਫਿਲਮ ਫੈਸਟੀਵਲਾਂ ਵਿੱਚ ਕੀਤੇ ਗਏ ਹਨ। ਸਨਡੈਂਸ ਫਿਲਮ ਫੈਸਟੀਵਲ ਅਤੇ ਯੂ.ਐਸ. ਕਾਂਗਰਸ ਤੇ ਸੰਯੁਕਤ ਰਾਸ਼ਟਰ ਦੇ ਮੈਂਬਰਾਂ ਲਈ ਸਕ੍ਰੀਨਿੰਗ ਕੀਤੀ ਗਈ ਹੈ।

ਭਾਰਤ ਵਿੱਚ ਪੈਦਾ ਹੋਈ ਅਤੇ ਵਰਜੀਨੀਆ ਵਿੱਚ ਵੱਡੀ ਹੋਈ ਮ੍ਰਿਦੂ ਚੰਦਰਾ ਦੇ ਸ਼ਬਦਾਂ ਵਿੱਚ "ਮੈਨੂੰ ਲਗਦਾ ਹੈ ਕਿ ਇਹ ਇੱਕ ਮਹੱਤਵਪੂਰਨ ਕਹਾਣੀ ਹੈ, ਜਿਸ ਬਾਰੇ ਸਾਡੇ ਪਬਲਿਕ ਸਕੂਲਾਂ ਵਿੱਚ ਵਿਆਪਕ ਤੌਰ 'ਤੇ ਦੱਸੇ ਜਾਣ ਦੀ ਲੋੜ ਹੈ।" ਚੰਦਰਾ ਇੱਕ ਹਿੰਦੂ ਪੰਜਾਬੀ ਹੈ, ਜਿਸ ਦੇ ਦਾਦਾ-ਦਾਦੀ ਮੁਲਤਾਨ ਅਤੇ ਲਾਹੌਰ ਤੋਂ ਹਨ। ਉਸ ਦਾ ਮੰਨਣਾ ਹੈ ਕਿ ਇਹ ਕਹਾਣੀ ਸਿੱਖ ਭਾਈਚਾਰੇ ਲਈ ਮਹੱਤਵਪੂਰਨ ਹੈ; ਪਰ ਉਨ੍ਹਾਂ ਸਾਰੇ ਪਰਵਾਸੀਆਂ ਲਈ ਵੀ, ਜਿਨ੍ਹਾਂ ਨੇ ਆਪਣੇ ਆਪ ਨੂੰ ਅਮਰੀਕਾ ਦੀ ਕਹਾਣੀ ਵਿੱਚ ਦੇਖਣ ਲਈ ਸੰਘਰਸ਼ ਕੀਤਾ ਹੈ। ਇਹ ਉਹ ਵਿਅਕਤੀ ਹੈ, ਜੋ ਅਮਰੀਕੀ ਕਾਨੂੰਨ ਦੁਆਰਾ ਭਾਰਤੀਆਂ ਨੂੰ ਅਮਰੀਕੀ ਨਾਗਰਿਕਤਾ ਲਈ ਅਰਜ਼ੀ ਦੇਣ ਦੀ ਇਜਾਜ਼ਤ ਦੇਣ ਦੇ ਦਸ ਸਾਲ ਬਾਅਦ ਸਭ ਤੋਂ ਖਾਸ ਅਮਰੀਕੀ ਰਾਜਨੀਤਿਕ ਸੰਸਥਾਵਾਂ ਵਿੱਚੋਂ ਇੱਕ ਵਿੱਚ ਸੇਵਾ ਕਰਨ ਲਈ ਚੁਣਿਆ ਗਿਆ ਸੀ।

ਜ਼ਿਕਰਯੋਗ ਹੈ ਕਿ ਦਲੀਪ ਸਿੰਘ ਸੌਂਦ ਦਾ ਜਨਮ 1899 ਵਿੱਚ ਅੰਮ੍ਰਿਤਸਰ ਨੇੜੇ ਛੱਜਲਵਾੜੀ ਵਿੱਚ ਹੋਇਆ ਸੀ। ਪਹਿਲੀ ਸੰਸਾਰ ਜੰਗ ਦੌਰਾਨ ਭਾਰਤੀ ਅਖਬਾਰਾਂ ਵਿੱਚ ਵਿਆਪਕ ਤੌਰ 'ਤੇ ਛਪੇ ਲੋਕਤੰਤਰ ਬਾਰੇ ਵੁੱਡਰੋ ਵਿਲਸਨ ਦੇ ਭਾਸ਼ਣਾਂ ਨੂੰ ਪੜ੍ਹ ਕੇ ਉਸ ਦੀ ਅਮਰੀਕਾ ਵਿੱਚ ਦਿਲਚਸਪੀ ਵਧੀ। ਸਮਾਨਤਾ ਅਤੇ ਪ੍ਰਤੀਨਿਧ ਸਰਕਾਰ ਦੇ ਜਮਹੂਰੀ ਸੰਕਲਪਾਂ ਨੇ ਉਸਨੂੰ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਵਿੱਚ ਪੜ੍ਹਨ ਲਈ 1919 ਵਿੱਚ ਬ੍ਰਿਟਿਸ਼ ਭਾਰਤ ਛੱਡ ਕੇ ਅਮਰੀਕਾ ਜਾਣ ਲਈ ਪ੍ਰੇਰਿਤ ਕੀਤਾ। ਉਸਨੂੰ ਜਲਦੀ ਪਤਾ ਲੱਗ ਗਿਆ ਕਿ ਉਸਨੂੰ ਉਸਦੀ ਵੱਖਰੀ ਨਸਲ ਹੋਣ ਕਰਕੇ ਅਮਰੀਕੀ ਲੋਕਤੰਤਰ ਵਿੱਚ ਪੂਰੀ ਭਾਗੀਦਾਰੀ ਤੋਂ ਬਾਹਰ ਰੱਖਿਆ ਗਿਆ ਸੀ। 1917 ਦੇ ਏਸ਼ੀਆਟਿਕ ਬੈਰਡ ਜ਼ੋਨ ਐਕਟ ਨੇ ਭਾਰਤੀਆਂ ਅਤੇ ਹੋਰ ਏਸ਼ੀਆਈ ਦੇਸ਼ਾਂ ਦੇ ਨਾਗਰਿਕਾਂ ਨੂੰ ਅਮਰੀਕਾ ਵਿੱਚ ਪਰਵਾਸ ਕਰਨ ਜਾਂ ਨਾਗਰਿਕਾਂ ਵਜੋਂ ਕੁਦਰਤੀਕਰਨ ਤੋਂ ਰੋਕਿਆ। ਸਿਰਫ ਕਾਕੇਸ਼ੀਅਨ, ਜਾਂ ਗੋਰੇ ਪਰਵਾਸੀਆਂ ਨੂੰ ਨਾਗਰਿਕਤਾ ਦੀ ਇਜਾਜ਼ਤ ਦਿੱਤੀ ਗਈ ਸੀ। ਇਹ ਐਕਟ ਉਸ ਵੱਲੋਂ ਗਣਿਤ ਵਿੱਚ ਪੀਐਚ.ਡੀ. ਕਰਨ ਤੋਂ ਬਾਅਦ ਆਪਣੇ ਖੇਤਰ ਵਿੱਚ ਨੌਕਰੀ ਪ੍ਰਾਪਤ ਕਰਨ ਦੌਰਾਨ ਅੜਿੱਕਾ ਬਣਿਆ। ਇਸ ਦੀ ਬਜਾਏ, ਉਸਨੇ ਪੱਛਮੀ ਤੱਟ 'ਤੇ ਹੋਰ ਭਾਰਤੀ ਪਰਵਾਸੀਆਂ ਦੇ ਮਾਰਗ ਦੀ ਪਾਲਣਾ ਕੀਤੀ ਅਤੇ ਇੱਕ ਕਿਸਾਨ ਬਣ ਗਿਆ।





ਫਿਲਮ ਨਿਰਮਾਤਾ ਅਤੇ ਨਿਰਦੇਸ਼ਕ ਮ੍ਰਿਦੂ ਚੰਦਰਾ ਅਤੇ (ਸੱਜੇ) ਦਲੀਪ ਸਿੰਘ ਸੌਂਦ

ਦਲੀਪ ਸਿੰਘ ਸੌਂਧ ਨੇ ਸਥਾਨਕ ਰਾਜਨੀਤਿਕ ਜੀਵਨ ਵਿੱਚ ਹਿੱਸਾ ਲਿਆ ਅਤੇ ਵੋਟ ਪਾਉਣ ਜਾਂ ਕੁਦਰਤੀਕਰਨ ਦੇ ਯੋਗ ਨਾ ਹੋਣ ਦੇ ਬਾਵਜੂਦ ਡੈਮੋਕਰੇਟਿਕ ਪਾਰਟੀ ਦੀਆਂ ਮੀਟਿੰਗਾਂ ਵਿੱਚ ਹਿੱਸਾ ਲਿਆ। 1940 ਦੇ ਦਹਾਕੇ ਵਿੱਚ ਉਹ ਨਾਗਰਿਕਤਾ ਦੇ ਮੌਕੇ ਲਈ ਕਾਂਗਰਸ ਦੀ ਲਾਬੀ ਕਰਨ ਲਈ ਹੋਰ ਪ੍ਰਮੁੱਖ ਭਾਰਤੀ ਪਰਵਾਸੀਆਂ ਵਿੱਚ ਸ਼ਾਮਲ ਹੋਇਆ। 1946 ਵਿੱਚ ਰਾਸ਼ਟਰਪਤੀ ਹੈਰੀ ਟਰੂਮੈਨ ਦੁਆਰਾ ਲੂਸ-ਸੈਲਰ ਐਕਟ ਨੂੰ ਕਾਨੂੰਨ ਵਿੱਚ ਬਦਲਿਆ ਗਿਆ, ਜਿਸ ਨਾਲ ਹਰ ਸਾਲ ਭਾਰਤੀਆਂ ਅਤੇ ਫਿਲੀਪੀਨਜ਼ ਦੇ ਇੱਕ ਕੋਟੇ ਨੂੰ ਕੁਦਰਤੀ ਬਣਾਉਣ ਦੀ ਆਗਿਆ ਦਿੱਤੀ ਗਈ।

ਅਮਰੀਕਾ ਦੀ ਨਾਗਰਿਕਤਾ ਪ੍ਰਾਪਤ ਕਰਨ ਤੋਂ ਤੁਰੰਤ ਬਾਅਦ ਦਲੀਪ ਸਿੰਘ ਸੌਂਦ ਇੱਕ ਜੱਜ ਦੇ ਅਹੁਦੇ ਲਈ ਲੜੇ ਅਤੇ ਵੈਸਟਮੋਰਲੈਂਡ, ਕੈਲੀਫੋਰਨੀਆ ਵਿੱਚ ਇੱਕ ਮਿਉਂਸਪਲ ਕੋਰਟਹਾਊਸ ਲਈ ਚੁਣੇ ਗਏ। ਉਹ ਆਪਣੇ ਜੱਦੀ ਸ਼ਹਿਰ ਵਿੱਚ ਭ੍ਰਿਸ਼ਟਾਚਾਰ ਨਾਲ ਲੜਨ ਅਤੇ ਨਿਆਂਪੂਰਨ ਤੇ ਨਿਰਪੱਖ ਹੋਣ ਲਈ ਵਿਆਪਕ ਤੌਰ 'ਤੇ ਸਤਿਕਾਰੇ ਗਏ। ਚਾਰ ਸਾਲ ਬਾਅਦ 1956 ਵਿੱਚ, ਉਹ ਜੈਕੀ ਕੋਚਰਨ ਓਡਲਮ ਦੇ ਵਿਰੁੱਧ ਕਾਂਗਰਸ ਲਈ ਲੜੇ, ਜੋ ਆਪਣੇ ਆਪ ਵਿੱਚ ਇੱਕ ਅਸਾਧਾਰਨ ਔਰਤ ਸੀ। ਉਹ 1930 ਦੇ ਦਹਾਕੇ ਵਿੱਚ ਇੱਕ ਮਸ਼ਹੂਰ ਪਾਇਲਟ ਬਣ ਗਈ- ਜਿਵੇਂ ਕਿ ਅਮੇਲੀਆ ਈਅਰਹਾਰਟ, ਅਤੇ ਰਾਸ਼ਟਰਪਤੀ ਰੂਜ਼ਵੈਲਟ ਨੂੰ ਵਰਲਡ ਵਾਰ-2 ਵਿੱਚ ਔਰਤਾਂ ਨੂੰ ਯੁੱਧ ਦੇ ਯਤਨਾਂ ਵਿੱਚ ਲਿਆਉਣ ਲਈ ਯਕੀਨ ਦਿਵਾਇਆ। ਉਸਨੇ ਗੈਰ-ਲੜਾਈ ਭੂਮਿਕਾਵਾਂ ਵਿੱਚ ਵਾਲੰਟੀਅਰਾਂ ਵਜੋਂ ਸੇਵਾ ਕਰਨ ਲਈ ਲਗਭਗ 1200 ਮਹਿਲਾ ਪਾਇਲਟਾਂ ਨੂੰ ਸਿਖਲਾਈ ਦਿੱਤੀ ਸੀ।

ਮ੍ਰਿਦੂ ਚੰਦਰਾ ਕਹਿੰਦੀ ਹੈ, "ਮੇਰੀ ਦਸਤਾਵੇਜ਼ੀ ਫਿਲਮ ਇਨ੍ਹਾਂ ਦੋ ਬੇਮਿਸਾਲ ਉਮੀਦਵਾਰਾਂ ਵਿਚਕਾਰ ਕਾਂਗਰਸ ਦੀ ਮੁਹਿੰਮ 'ਤੇ ਕੇਂਦਰਿਤ ਹੋਵੇਗੀ। ਜਿਵੇਂ ਕਿ ਉਹ 1956 ਵਿੱਚ ਕਾਂਗਰਸ ਲਈ ਲੜਦੇ ਹਨ, ਅਸੀਂ ਉਨ੍ਹਾਂ ਦੀਆਂ ਕਹਾਣੀਆਂ ਅਤੇ ਪਿਛੋਕੜ ਬਾਰੇ ਜਾਣਾਂਗੇ। ਇਹ ਵੀ ਦੇਖਾਂਗੇ ਕਿ ਉਨ੍ਹਾਂ ਦੋਵਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਧਿਆਨ ਮਿਲਿਆ। ਉਨ੍ਹਾਂ ਦੀ ਮੁਹਿੰਮ ਨੇ ਇਸ ਬਾਰੇ ਬਹਿਸ ਛੇੜ ਦਿੱਤੀ ਕਿ ਕੀ ਇੱਕ ਔਰਤ ਕਾਂਗਰਸ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਸੇਵਾ ਕਰ ਸਕਦੀ ਹੈ, ਅਤੇ ਇਸ ਬਾਰੇ ਕਿ ਕੀ ਭਾਰਤ ਦਾ ਇੱਕ ਮਰਦ ਅਮਰੀਕੀਆਂ ਦੀ ਨੁਮਾਇੰਦਗੀ ਕਰ ਸਕਦਾ ਹੈ? ਉਨ੍ਹਾਂ ਦੋਵਾਂ ਨੇ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ, ਜੋ ਅੱਜ ਵੀ ਔਰਤਾਂ ਅਤੇ ਰੰਗਾਂ ਵਾਲੇ ਲੋਕਾਂ ਨਾਲੋਂ ਵੱਖ ਨਹੀਂ ਹਨ। ਦਲੀਪ ਸਿੰਘ ਸੌਂਦ 3300 ਵੋਟਾਂ ਨਾਲ ਚੋਣ ਜਿੱਤ ਗਏ ਸਨ। ਸਰਕਾਰ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਦੇਸ਼ ਭਰ ਦੇ ਅਖਬਾਰਾਂ ਵਿੱਚ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਅਮਰੀਕੀ ਲੋਕਤੰਤਰ ਦੇ 'ਜਿਉਂਦੇ ਹੋਣ ਦੇ ਸਬੂਤ' ਵਜੋਂ ਸ਼ਲਾਘਾ ਕੀਤੀ ਗਈ ਸੀ, ਅਤੇ ਦਲੀਪ ਸਿੰਘ ਸੌਂਦ ਨੇ 1957-1963 ਤੱਕ ਯੂ.ਐਸ. ਕਾਂਗਰਸ ਵਿੱਚ ਤਿੰਨ ਵਾਰ ਸੇਵਾ ਕੀਤੀ।

ਮ੍ਰਿਦੂ ਚੰਦਰਾ ਸਿੱਖ ਅਮਰੀਕੀ ਭਾਈਚਾਰੇ ਦੇ ਪ੍ਰਮੁੱਖ ਮੈਂਬਰਾਂ ਨੂੰ ਫਿਲਮ ਦੀ ਕਹਾਣੀ ਪੇਸ਼ ਕਰਨ ਅਤੇ ਫਿਲਮ ਲਈ ਸਹਾਇਤਾ ਤੇ ਦਾਨ ਮੰਗਣ ਲਈ ਸ਼ਿਕਾਗੋ ਆਈ ਹੋਈ ਹੈ। ਉਹ ਕਿਸੇ ਅਜਿਹੇ ਸ਼ਖਸ ਦੀ ਭਾਲ ਵਿੱਚ ਵੀ ਹੈ, ਜਿਸ ਨੂੰ 1956 ਦੀ ਮੁਹਿੰਮ ਯਾਦ ਹੈ ਜਾਂ ਜਿਸ ਨੂੰ ਇਸ ਬਾਰੇ ਕੋਈ ਜਾਣਕਾਰੀ ਹੋਵੇ। ਦਸਤਾਵੇਜ਼ੀ ਇਸ ਸਮੇਂ ਖੋਜ ਅਤੇ ਵਿਕਾਸ ਦੇ ਪੜਾਅ ਵਿੱਚ ਹੈ ਅਤੇ ਉਸਦਾ ਟੀਚਾ ਚਾਰ ਲੱਖ ਡਾਲਰ ਇਕੱਤਰ ਕਰਨ ਦਾ ਹੈ। ਡਾਕੂਮੈਂਟਰੀ ਦੇ ਮੌਜੂਦਾ ਫੰਡ ਦੇਣ ਵਾਲਿਆਂ ਵਿੱਚ ਨੈਸ਼ਨਲ ਐਂਡੋਮੈਂਟ ਆਫ ਦਿ ਹਿਊਮੈਨਟੀਜ਼, ਦਿ ਡਰਕਸਨ ਕਾਂਗਰੇਸ਼ਨਲ ਸੈਂਟਰ, ਕੈਲੀਫੋਰਨੀਆ ਹਿਊਮੈਨਟੀਜ਼, ਦ ਸੈਂਟਰ ਫਾਰ ਏਸ਼ੀਅਨ ਅਮਰੀਕਨ ਮੀਡੀਆ, ਡਾ. ਅਮਰਜੀਤ ਸਿੰਘ ਮਾਰਵਾਹ ਅਤੇ ਹੋਰ ਉਦਾਰ ਵਿਅਕਤੀ ਸ਼ਾਮਲ ਹਨ। ਮ੍ਰਿਦੂ ਚੰਦਰਾ ਨੇ ਕਿਹਾ ਕਿ "ਫਿਲਮ ਦਾ ਬਜਟ ਇੱਕ ਮਿਲੀਅਨ ਦੇ ਨੇੜੇ ਹੈ, ਪਰ ਮੈਨੂੰ ਭਰੋਸਾ ਹੈ ਕਿ ਮੈਂ ਫਿਲਮ ਦੇ ਖੋਜ ਅਤੇ ਵਿਕਾਸ ਪੜਾਅ ਨੂੰ ਪੂਰਾ ਕਰਨ ਤੋਂ ਬਾਅਦ ਬਾਕੀ ਫੰਡ ਫਿਲਮ ਉਦਯੋਗ ਦੇ ਅੰਦਰੋਂ ਇਕੱਠਾ ਕਰ ਸਕਦੀ ਹਾਂ। ਇਹ ਫਿਲਮ ਅਮਰੀਕੀ ਇਤਿਹਾਸ ਦੇ ਇਸ ਅਣਦੇਖੇ ਅਧਿਆਏ ਦੀ ਮੇਰੀ ਮੂਲ ਖੋਜ 'ਤੇ ਆਧਾਰਿਤ ਹੈ। ਮੈਂ ਪਿਛਲੇ ਸਾਲ ਪੁਰਾਲੇਖਾਂ ਤੋਂ ਜਾਣਕਾਰੀ ਇਕੱਠੀ ਕਰਨ ਵਿੱਚ ਬਿਤਾਏ ਹਨ, ਅਤੇ ਹੁਣ ਮੇਰੇ ਕੋਲ 2000 ਤੋਂ ਵੱਧ ਅਖਬਾਰਾਂ ਦੇ ਲੇਖ ਹਨ, ਜਿਨ੍ਹਾਂ ਨੇ ਬਹੁਤ ਸਾਰੀਆਂ ਨਾਟਕੀ ਘਟਨਾਵਾਂ ਦਾ ਖੁਲਾਸਾ ਕੀਤਾ ਹੈ; ਜੋ ਉਦੋਂ ਵਾਪਰੀਆਂ ਸਨ, ਜਦੋਂ ਦਲੀਪ ਸਿੰਘ ਸੌਂਦ ਅਤੇ ਜੈਕੀ ਕੋਚਰਨ ਕਾਂਗਰਸ ਲਈ ਲੜੇ ਸਨ।"

ਹੋਰ ਜਾਣਕਾਰੀ ਲਈ ਮ੍ਰਿਦੂ ਚੰਦਰਾ ਨਾਲ ਈਮੇਲ: mriduchandra@gmail.com ਜਾਂ ਫੋਨ: 1-917-312-2204 ਅਤੇ ਸਰਵਣ ਸਿੰਘ ਬੋਲੀਨਾ ਨਾਲ ਈਮੇਲ: samsinghraju@gmail.com ਜਾਂ 224-628-5522 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਓਕ ਕਰੀਕ 'ਚ ਫੰਡ ਇਕੱਤਰ ਕੀਤਾ

*ਫਿਲਮ ਨਿਰਮਾਤਾ ਮ੍ਰਿਦੂ ਚੰਦਰਾ ਨੇ ਲੰਘੇ ਐਤਵਾਰ, 25 ਅਗਸਤ ਨੂੰ ਵਿਸਕਾਨਸਿਨ ਦੇ ਗੁਰਦੁਆਰਾ ਓਕ ਕਰੀਕ ਦਾ ਦੌਰਾ ਕੀਤਾ ਅਤੇ ਕਾਂਗਰਸਮੈਨ ਦਲੀਪ ਸਿੰਘ ਸੌਂਦ ਬਾਰੇ ਦਸਤਾਵੇਜ਼ੀ ਫਿਲਮ ਬਣਾਏ ਜਾਣ ਦੇ ਆਪਣੇ ਨਵੇਂ ਪ੍ਰੋਜੈਕਟ ਬਾਰੇ ਗੱਲ ਕੀਤੀ। ਜ਼ਿਕਰਯੋਗ ਹੈ ਕਿ ਦਲੀਪ ਸਿੰਘ ਸੌਂਦ ਨੇ ਇਤਿਹਾਸ ਵਿੱਚ ਅਮਰੀਕਾ ਦੇ ਪਹਿਲੇ ਏਸ਼ੀਆਈ, ਭਾਰਤੀ ਅਤੇ ਸਿੱਖ ਕਾਂਗਰਸਮੈਨ ਵਜੋਂ ਤਿੰਨ ਵਾਰ ਸੇਵਾ ਕੀਤੀ। ਮ੍ਰਿਦੂ ਚੰਦਰਾ ਨੇ ਓਕ ਕਰੀਕ ਵਿਖੇ ਆਪਣੀ ਖੋਜ ਨੂੰ ਸੰਗਤ ਸਾਹਮਣੇ ਪੇਸ਼ ਕੀਤਾ ਅਤੇ ਦੱਸਿਆ ਕਿ ਦਲੀਪ ਸਿੰਘ ਸੌਂਦ ਦੀ ਕਹਾਣੀ ਨੂੰ ਅਮਰੀਕੀ ਇਤਿਹਾਸ ਦੀਆਂ ਕਿਤਾਬਾਂ ਵਿੱਚ ਸ਼ਾਮਲ ਕਰਨਾ ਕਿੰਨਾ ਜ਼ਰੂਰੀ ਹੈ।*

*ਮ੍ਰਿਦੂ ਚੰਦਰਾ ਨੇ ਦਲੀਪ ਸਿੰਘ ਸੌਂਦ ਬਾਰੇ ਇਸ ਡਾਕੂਮੈਂਟਰੀ ਦੇ ਨਿਰਮਾਣ ਦਾ ਸਮਰਥਨ ਕਰਨ ਲਈ 10,382 ਡਾਲਰ ਇਕੱਠੇ ਕੀਤੇ ਹਨ ਅਤੇ 2026 ਤੱਕ ਫਿਲਮ ਨੂੰ ਪੂਰਾ ਕਰਨ ਦੀ ਉਮੀਦ ਜਤਾਈ, ਜਦੋਂ ਅਮਰੀਕਾ ਆਜ਼ਾਦੀ ਦੇ ਐਲਾਨ ਦੀ 250ਵੀਂ ਵਰ੍ਹੇਗੰਢ ਮਨਾਏਗਾ। ਚੰਦਰਾ ਨੇ ਓਕ ਕਰੀਕ ਗੁਰਦੁਆਰਾ ਪ੍ਰਬੰਧਕਾਂ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸੰਗਤ ਤੋਂ ਫੰਡ ਇਕੱਠਾ ਕਰਨ ਵਿੱਚ ਸਹਿਯੋਗ ਦਿੱਤਾ।*

*ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ) ਵੱਲੋਂ ਪਹਿਲੀ ਸਤੰਬਰ ਨੂੰ ਕਰਵਾਏ ਜਾ ਰਹੇ ਕਬੱਡੀ ਕੱਪ ਦੌਰਾਨ ਵੀ ਮ੍ਰਿਦੂ ਚੰਦਰਾ ਵਿਸ਼ੇਸ਼ ਤੌਰ 'ਤੇ ਪੁੱਜ ਰਹੀ ਹੈ। ਇਸ ਮੌਕੇ ਫਿਲਮ ਬਾਰੇ ਜਾਣਕਾਰੀ ਵਾਲਾ ਇੱਕ ਟੇਬਲ ਸਵੇਰੇ 11 ਵਜੇ ਤੋਂ ਦੁਪਹਿਰ 3:30 ਵਜੇ ਤੱਕ ਸਥਾਪਤ ਕੀਤਾ ਜਾਵੇਗਾ। ਮ੍ਰਿਦੂ ਕਬੱਡੀ ਮੇਲੇ ਬਾਰੇ ਇੱਕ ਡਾਕੂਮੈਂਟਰੀ ਵੀ ਬਣਾਏਗੀ।*








# ਐਫ.ਆਈ.ਏ. ਨੇ ਸਟਾਰ ਅਵਾਰਡਜ਼ ਨਾਈਟ ਦੌਰਾਨ ਸਨਮਾਨ ਵੰਡੇ

**ਸ਼ਿਕਾਗੋ:** ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼ (ਐਫ.ਆਈ.ਏ.) ਵੱਲੋਂ ਵੱਕਾਰੀ ਸਟਾਰ ਅਵਾਰਡਜ਼ ਨਾਈਟ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਵੱਖ ਵੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਹ ਸਨਮਾਨ ਵੱਖ-ਵੱਖ ਸ਼੍ਰੇਣੀਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਦੇ ਮੱਦੇਨਜ਼ਰ ਪਿਛਲੇ ਦਿਨੀਂ ਨੇਪਰਵਿਲੇ ਦੇ ਮੈਟ੍ਰਿਕਸ ਕਲੱਬ ਵਿਖੇ ਸਮਾਗਮ ਦੌਰਾਨ ਤਕਸੀਮ ਕੀਤੇ ਗਏ। ਆਪਣੇ ਸਮੇਂ ਦੀ ਨਾਮੀ ਅਭਿਨੇਤਰੀ ਅਤੇ ਮਲਟੀਪਲ ਫਿਲਮਫੇਅਰ ਅਵਾਰਡ ਵਿਜੇਤਾ ਜਯਾ ਪ੍ਰਦਾ ਦੀ ਮੌਜੂਦਗੀ ਇੱਕ ਹਾਈਲਾਈਟ ਸੀ, ਜਿਸ ਨੇ ਮਹੱਤਵਪੂਰਨ ਧਿਆਨ ਖਿੱਚਿਆ ਅਤੇ ਜਸ਼ਨਾਂ ਵਿੱਚ ਬਾਲੀਵੁੱਡ ਗਲੈਮਰ ਨੂੰ ਜੋੜਿਆ। ਜਯਾ ਪ੍ਰਦਾ ਨੂੰ ਭਾਰਤੀ ਸਿਨੇਮਾ ਵਿੱਚ ਟਾਈਮਲੇਸ ਆਈਕਨ ਲਈ ਐਫ.ਆਈ.ਏ. ਚੁਆਇਸ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ, ਜੋ ਕਿ ਭਾਰਤੀ ਫਿਲਮ ਉਦਯੋਗ ਵਿੱਚ ਉਸਦੇ ਸ਼ਾਨਦਾਰ ਯੋਗਦਾਨ ਲਈ ਦਿੱਤਾ ਗਿਆ।

ਸਟਾਰ ਅਵਾਰਡਸ ਨਾਈਟ ਮਨੋਰੰਜਨ ਦੀ ਇੱਕ ਸ਼ਾਮ ਤੋਂ ਵਧ ਕੇ ਵੀ ਸੀ; ਇਹ ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਦਿਲੋਂ ਸਤਿਕਾਰ ਸੀ, ਜਿਨ੍ਹਾਂ ਨੇ ਸਮਾਜ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਵੱਖ-ਵੱਖ ਸ਼੍ਰੇਣੀਆਂ ਵਿੱਚ ਨਾਮਜ਼ਦਗੀ ਦੌਰ, ਵੋਟਿੰਗ ਰਾਊਂਡ ਤੇ ਜਿਊਰੀ ਰਾਊਂਡ ਤੋਂ ਬਾਅਦ ਸ਼ਖਸੀਅਤਾਂ ਨੂੰ 'ਐਫ.ਆਈ.ਏ. ਚੁਆਇਸ ਅਵਾਰਡ' ਦਿੱਤੇ ਗਏ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

-ਅਮਰਬੀਰ ਸਿੰਘ ਘੁਮਾਣ ਅਤੇ ਹਰਸ਼ਰਨ ਸਿੰਘ ਘੁਮਣ (ਪ੍ਰਾਹੁਣਚਾਰੀ ਵਿੱਚ ਉੱਤਮਤਾ ਲਈ)

-ਸ਼੍ਰੀਮਤੀ ਸੰਤੋਸ਼ ਕੁਮਾਰੀ (ਮਨੁੱਖਤਾ ਦੀ ਸੇਵਾ ਲਈ)

-ਸਈਅਦ ਹੁਸੈਨੀ (ਨਿਮਰ ਤੇ ਸਮਰਪਿਤ ਭਾਈਚਾਰਕ ਲੀਡਰਸ਼ਿਪ ਲਈ)

-ਡਾ. ਦੀਪਕਕਾਂਤ ਵਿਆਸ (ਆਲ-ਰਾਊਂਡ ਐਕਸੀਲੈਂਸ ਲਈ)

-ਡਾ. ਸ੍ਰੀਨਿਵਾਸ ਰੈਡੀ (ਮੈਡੀਕਲ ਖੇਤਰ ਵਿੱਚ ਵਿਲੱਖਣ ਸੇਵਾ ਲਈ)

-ਬ੍ਰਿਜ ਸ਼ਰਮਾ (ਸਮਰਪਿਤ ਕਮਿਊਨਿਟੀ ਲੀਡਰਸ਼ਿਪ ਲਈ)

-ਅਜੀਤ ਸਿੰਘ (ਐਕਸੀਲੈਂਸ ਚੈਂਪੀਅਨ ਲਈ)

-ਪਿੰਕੀ ਤੇ ਦਿਨੇਸ਼ ਠੱਕਰ (ਸਹਾਇਕ ਉੱਤਮਤਾ ਲਈ)



-ਡਾ. ਅਸ਼ੋਕ ਮਹਿਤਾ (ਸਰਵੋਤਮ ਮੈਡੀਕਲ ਪ੍ਰੋਫੈਸ਼ਨਲ)

-ਪ੍ਰਤਿਭਾ ਜੈਰਥ (ਐਫ.ਆਈ.ਏ. ਸੇਵਾ ਲਈ)

-ਡਾ. ਭਾਰਤ ਬਰਾਈ (ਸਾਲ ਦਾ ਕਮਿਊਨਿਟੀ ਲੀਡਰ)

-ਸਾਰਾ ਬੋਂਗਲੇ (ਸਰਵੋਤਮ ਫੈਸ਼ਨ ਆਈਕਨ ਅਵਾਰਡ-ਮਹਿਲਾ)

-ਸਾਨਵੀ ਸਿੰਘ ਤੇ ਰੀਆ ਰਾਜ (ਯੰਗ ਆਲ ਰਾਊਂਡਰ ਰਾਈਜ਼ਿੰਗ ਸਟਾਰ)

ਇਸ ਤੋਂ ਇਲਾਵਾ ਅਵਨੀ ਸ਼ਾਹ, ਡਾ. ਭੁਪਿੰਦਰ ਬੇਰੀ, ਡਾ. ਆਸ਼ਾ ਤੇ ਡਾ. ਅਨਿਲ ਓਰੋਸਕਰ, ਅਨਿਲ ਲੂੰਬਾ, ਸਪਰਸ਼ ਸ਼ਾਹ, ਅਨੀਤਾ ਰਾਵਲ, ਵਿਨੋਜ਼ ਚਨਾਮੋਲੂ, ਹਰੀਸ਼ ਕੋਲਸਾਨੀ ਸਮੇਤ ਹੋਰਨਾਂ ਨੂੰ ਵੀ ਅਵਾਰਡ ਦਿੱਤੇ ਗਏ। ਕੁਝ ਸਨਮਾਨ ਸ਼ਿਕਾਗੋ ਵਿੱਚ ਭਾਰਤੀ ਕੌਂਸਲੇਟ ਜਨਰਲ ਸੋਮਨਾਥ ਘੋਸ਼, ਮੇਅਰ ਟੌਮ ਡੇਲੀ, ਸਟੇਟ ਸੈਨੇਟਰ ਰਾਜਾ ਕ੍ਰਿਸ਼ਨਾਮੂਰਤੀ ਤੇ ਲੌਰਾ ਮਰਫੀ ਦੇ ਹੱਥੋਂ ਵੀ ਦਿਵਾਏ ਗਏ।

ਇਸ ਮੌਕੇ ਬੋਲਦਿਆਂ ਐਫ.ਆਈ.ਏ. ਦੇ ਚੇਅਰਮੈਨ ਸੁਨੀਲ ਸ਼ਾਹ ਨੇ ਭਾਈਚਾਰਕ ਉੱਤਮਤਾ ਨੂੰ ਮਾਨਤਾ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਭਾਰਤੀ ਭਾਈਚਾਰੇ ਦੇ ਅੰਦਰ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਲਈ ਉਨ੍ਹਾਂ ਦੀ ਵਚਨਬੱਧਤਾ ਪਿਛਲੇ ਸਾਲਾਂ ਵਿੱਚ ਸੰਸਥਾ ਦੀ ਸਫਲਤਾ ਦਾ ਆਧਾਰ ਹੈ।

ਇਸ ਤੋਂ ਪਹਿਲਾਂ ਸ਼ਾਮ ਦੀ ਸ਼ੁਰੂਆਤ ਗਿਨੀਜ਼ ਵਰਲਡ ਰਿਕਾਰਡ ਧਾਰਕ, ਗਾਇਕ ਤੇ ਰੈਪਰ ਸਪਸ਼ ਸ਼ਾਹ ਦੁਆਰਾ ਪ੍ਰਭਾਵਸ਼ਾਲੀ ਸੁਆਗਤ ਨਾਲ ਕੀਤੀ ਗਈ। ਸਪਸ਼ ਨੇ ਦੇਸ਼ ਭਗਤੀ ਦੇ ਗੀਤਾਂ ਦੀ ਲੜੀ ਨਾਲ 78ਵੇਂ ਸੁਤੰਤਰਤਾ ਦਿਵਸ ਸਮਾਰੋਹ ਦੀ ਸ਼ੁਰੂਆਤ ਕੀਤੀ, ਜਿਸ ਦੌਰਾਨ ਪ੍ਰਤਿਭਾਸ਼ਾਲੀ ਨਾਚੇ ਮਾਯੂਰੀ ਡਾਂਸ ਗਰੁੱਪ ਅਤੇ ਉਨ੍ਹਾਂ ਦੀ ਟੀਮ ਨੇ ਪ੍ਰਦਰਸ਼ਨ ਕੀਤਾ। ਨਾਚੇ ਮਾਯੂਰੀ ਅਤੇ ਐਲੀਜ਼ਾਰ ਡਾਂਸ ਅਕੈਡਮੀ ਦੇ ਨਾਲ ਮਸ਼ਹੂਰ ਸੋਸ਼ਲ ਮੀਡੀਆ ਪ੍ਰਭਾਵਕ ਦੀਪਿਕਾ ਸ਼ਾਹ ਦੀ ਵਿਸ਼ੇਸ਼ਤਾ, ਪ੍ਰਦਰਸ਼ਨਾਂ ਦਾ ਇੱਕ ਸ਼ਾਨਦਾਰ ਮੇਡਲੇ ਆਯੋਜਿਤ ਕੀਤਾ ਗਿਆ। ਉਨ੍ਹਾਂ ਨੇ ਜਯਾ ਪ੍ਰਦਾ ਦੇ ਸਭ ਤੋਂ ਮਸ਼ਹੂਰ ਹਿੱਟ ਗੀਤਾਂ ਵਿੱਚੋਂ ਵੀ ਕੁਝ ਨੂੰ ਪੇਸ਼ ਕੀਤਾ।

ਸਟਾਰ ਪਾਵਰ ਤੋਂ ਇਲਾਵਾ ਰੀਟਾ ਸ਼ਾਹ ਨੇ ਦੇਸ਼ ਭਗਤੀ ਦੇ ਗੀਤ 'ਐ ਵਤਨ ਤੇਰੇ ਲੀਏ' ਦੀ ਪੇਸ਼ਕਾਰੀ ਨਾਲ ਭੀੜ ਨੂੰ ਮੰਤਰਮੁਗਧ ਕੀਤਾ। ਉਸਦੇ ਪ੍ਰਦਰਸ਼ਨ ਨੇ ਸ਼ਾਮ ਨੂੰ ਇੱਕ ਡੂੰਘੀ ਭਾਵਨਾਤਮਕ ਛੋਹ ਦਿੱਤੀ। ਜਦੋਂ ਭਾਰਤ ਦੀ ਵਿਸ਼ਵ ਚੈਂਪੀਅਨ ਬਲਾਈਂਡ ਕ੍ਰਿਕਟ ਟੀਮ ਨੂੰ ਸਟੇਜ 'ਤੇ ਲਿਆਂਦਾ ਗਿਆ ਅਤੇ ਸਨਮਾਨਿਤ ਕੀਤਾ ਗਿਆ ਤਾਂ ਦਰਸ਼ਕ ਬਹੁਤ ਖੁਸ਼ ਹੋਏ। ਆਪਣੀਆਂ ਅਸਾਧਾਰਨ ਪ੍ਰਾਪਤੀਆਂ ਅਤੇ ਪ੍ਰੇਰਨਾਦਾਇਕ ਭਾਵਨਾ ਲਈ ਜਾਣੀ ਜਾਂਦੀ ਟੀਮ ਦਾ ਹਾਜ਼ਰੀਨ ਨੇ ਖੜ੍ਹੇ ਹੋ ਕੇ ਸਵਾਗਤ ਕੀਤਾ।

ਐਫ.ਆਈ.ਏ. ਦੀ ਪ੍ਰਧਾਨ ਪ੍ਰਤਿਭਾ ਜੈਰਥ ਨੇ ਸ਼ਾਮ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਸ ਦੀ ਅਗਵਾਈ ਅਤੇ ਸਮਰਪਣ ਪੂਰੇ ਸਮਾਗਮ ਦੌਰਾਨ ਸਪੱਸ਼ਟ ਸੀ, ਕਿਉਂਕਿ ਉਸਨੇ ਸੰਸਥਾ ਦੇ ਚੇਅਰਮੈਨ ਸੁਨੀਲ ਸ਼ਾਹ ਦੇ ਨਾਲ ਕਮਿਊਨਿਟੀ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਇਆ। ਸਾਬਕਾ ਪ੍ਰਧਾਨ ਵਿਨੀਤਾ ਗੁਲਾਬਾਨੀ ਇਵੈਂਟ ਦੀ ਸਫਲਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਸੀ। ਉਸ ਨੇ ਸੁਆਗਤ ਟੀਮ ਅਤੇ ਰੈੱਡ ਕਾਰਪੇਟ ਪ੍ਰਬੰਧਨ ਦਾ ਤਾਲਮੇਲ ਕੀਤਾ। ਪ੍ਰੋਗਰਾਮ ਦੀ ਰੂਪਰੇਖਾ ਸੰਸਥਾ ਦੇ ਵਾਈਸ ਚੇਅਰਮੈਨ ਨੀਲ ਖੋਟ ਵੱਲੋਂ ਉਲੀਕੀ ਗਈ ਸੀ। ਦੇਸੀ ਜੰਕਸ਼ਨ ਦੇ ਮੀਡੀਆ ਐਂਡ ਐਂਟਰਟੇਨਮੈਂਟ ਡਿਵੀਜ਼ਨ ਦਾ ਵੀ ਇਵੈਂਟ ਦੇ ਪ੍ਰਬੰਧਨ ਅਤੇ ਮੇਜ਼ਬਾਨੀ ਵਿੱਚ ਸਹਿਯੋਗ ਰਿਹਾ।

## ਕੰਗਣਾ ਰਣੌਤ ਦੀ ਵਿਵਾਦਗ੍ਰਸਤ ਫਿਲਮ

'ਆਲਮ ਸੈਨਾ' ਦਾ ਜ਼ਿਕਰ ਕਈ ਕਿਤਾਬਾਂ ਵਿੱਚ ਮਿਲਦਾ ਹੈ।

ਕੰਗਣਾ ਰਣੌਤ ਹੁਣ ਮੰਡੀ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੀ ਐਮ.ਪੀ. ਹੈ। ਬੀਤੇ ਦਿਨਾਂ ਵਿੱਚ ਉਹ ਫਿਲਮ ਦਾ ਟੀਜ਼ਰ ਰਿਲੀਜ਼ ਕਰਨ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਉਸ ਨੇ ਕਿਸਾਨ ਸੰਘਰਸ਼ ਬਾਰੇ ਇੱਕ ਹੋਰ ਵਿਵਾਦਗ੍ਰਸਤ ਬਿਆਨ ਦਾਗ ਦਿੱਤਾ। ਇਹ ਬਿਆਨ ਪਬਲਿਸਿਟੀ ਸਟੰਟ ਵੀ ਹੋ ਸਕਦਾ ਹੈ। ਫਿਲਮ ਨੂੰ ਲੈ ਕੇ ਉਸ ਦੇ ਖਿਲਾਫ ਪਹਿਲਾਂ ਹੀ ਸਿੱਖ ਸੰਗਠਨ ਅਤੇ ਕਿਸਾਨ ਜਥੇਬੰਦੀਆਂ ਪ੍ਰਤੀਕਰਮ ਪ੍ਰਗਟ ਕਰ ਰਹੇ ਹਨ ਤੇ ਇਸ ਫਿਲਮ ਦੇ ਪੰਜਾਬ ਵਿੱਚ ਰਿਲੀਜ਼ ਹੋਣ 'ਤੇ ਪਾਬੰਦੀ ਦੀ ਮੰਗ ਕਰ ਰਹੇ ਹਨ। ਕਿਸਾਨਾਂ ਖਿਲਾਫ ਉਸ ਦੇ ਬਿਆਨ ਨੇ ਬਲਦੀ 'ਤੇ ਹੋਰ ਤੇਲ ਪਾ ਦਿੱਤਾ ਹੈ। ਉਂਝ ਇਹ ਸੰਤੋਖ ਵਾਲੀ ਗੱਲ ਹੈ ਕਿ ਪੰਜਾਬ ਭਾਜਪਾ ਦੇ ਆਗੂ ਹਰਜੀਤ ਗਰੇਵਾਲ ਅਤੇ ਭਾਜਪਾ ਦੀ ਕੇਂਦਰੀ ਲੀਡਰਸ਼ਿੱਪ ਨੇ ਇਸ ਵਾਰ ਕੰਗਨਾ ਰਣੌਤ ਦੇ ਬਿਆਨ ਤੋਂ ਦੂਰੀ ਬਣਾ ਲਈ ਹੈ। ਭਾਜਪਾ ਦੇ ਇਸ ਸੰਜਮ ਦਾ ਕਾਰਨ ਹਰਿਆਣਾ ਵਿੱਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵੀ ਹਨ। ਇਹ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਹੀ ਸੀ, ਜਿੱਥੇ ਪਿਛਲੇ ਕਿਸਾਨ ਅੰਦੋਲਨ ਦਾ ਪ੍ਰਭਾਵ ਵਿਖਾਈ ਦਿੱਤਾ ਸੀ। ਕੰਗਣਾ ਦੇ ਕਿਸਾਨਾਂ ਖਿਲਾਫ ਬਿਆਨ ਭਾਰਤੀ ਜਨਤਾ ਪਾਰਟੀ ਦੀ ਹਰਿਆਣਾ ਵਿਚਲੀ ਚੋਣ ਮੁਹਿੰਮ ਨੂੰ ਹਰਜਾ ਪਹੁੰਚਾ ਸਕਦੇ ਹਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕੰਗਣਾ ਰਣੌਤ ਦੇ ਬਿਆਨ ਦਾ ਮਸਲਾ ਲੋਕ ਸਭਾ ਵਿੱਚ ਉਠਾਉਂਦਿਆਂ ਕਿਹਾ ਕਿ ਇਹ ਬਿਆਨ ਭਾਜਪਾ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਇੱਕ ਹੋਰ ਸਬੂਤ ਹੈ। ਕੰਗਨਾ ਨੇ ਆਪਣੇ ਬਿਆਨ ਵਿੱਚ ਦੋਸ਼ ਲਾਇਆ ਕਿ 2021 ਵਾਲੇ ਕਿਸਾਨ ਸੰਘਰਸ਼ ਵੇਲੇ ਦੇਸ਼ ਵਿੱਚ ਭਾਜਪਾ ਦੀ ਮਜਬੂਤ ਲੀਡਰਸ਼ਿੱਪ ਨਾ ਹੁੰਦੀ ਤਾਂ ਭਾਰਤ ਦਾ ਹਾਲ ਵੀ ਬੰਗਲਾ ਦੇਸ਼ ਵਰਗਾ ਹੋਣਾ ਸੀ। ਉਸ ਨੇ ਕਿਸਾਨ ਸੰਘਰਸ਼ ਨੂੰ ਭੰਡਦਿਆਂ ਕਿਹਾ ਕਿ ਇਸ ਸੰਘਰਸ਼ ਦੌਰਾਨ ਕਤਲ ਅਤੇ ਬਲਾਤਕਾਰ ਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ। ਇਸ ਕਿਸਮ ਦਾ ਵਾਹੀਆਤ ਬਿਆਨ ਉਸ ਨੇ ਕਿਸਾਨ ਸੰਘਰਸ਼ ਵੇਲੇ ਵੀ ਦਿੱਤਾ ਸੀ, ਜਿਸ ਵਿੱਚ ਉਸ ਨੇ ਕਿਹਾ ਸੀ ਕਿ ਕਿਸਾਨ ਸੰਘਰਸ਼ ਵਿੱਚ ਜਿਹੜੀਆਂ ਬੀਬੀਆਂ ਹਿੱਸਾ ਲੈਂਦੀਆਂ ਹਨ, ਉਹ ਸੌ-ਸੌ ਰੁਪਏ ਕਿਰਾਏ 'ਤੇ ਲਿਆਂਦੀਆਂ ਜਾਂਦੀਆਂ ਹਨ। ਇਸ ਬਿਆਨ ਕਾਰਨ ਬਾਅਦ ਵਿੱਚ ਚੰਡੀਗੜ੍ਹ ਹਵਾਈ ਅੱਡੇ 'ਤੇ ਉਸ ਨੂੰ ਸੀ.ਆਈ.ਐਸ.ਐਫ. ਦੀ ਇੱਕ ਮੁਲਾਜ਼ਮ ਕੁਲਵਿੰਦਰ ਕੌਰ ਨੇ ਥੱਪੜ ਵੀ ਮਾਰ ਦਿੱਤਾ ਸੀ। ਕੁਲਵਿੰਦਰ ਦੀ ਮਾਂ ਕਿਸਾਨ ਸੰਘਰਸ਼ ਵਿੱਚ ਹਿੱਸਾ ਲੈਂਦੀ ਰਹੀ ਹੈ।

ਕੰਗਨਾ ਭਾਵੇਂ ਫਿਲਮ ਬਣਾਵੇ ਜਾਂ ਕੋਈ ਬਿਅਨ ਦੇਵੇ, ਵਿਵਾਦ ਜਰੂਰ ਛਿੜਦੇ ਹਨ। ਉਂਝ ਮੀਡੀਆ ਦੀ ਚਰਚਾ ਵਿੱਚ ਰਹਿਣ ਦਾ ਇਹ ਇੱਕ ਤਰੀਕਾ ਵੀ ਹੈ; ਪਰ ਬੇਹੱਦ ਸੰਵੇਦਨਸ਼ੀਲ ਮਸਲਿਆਂ 'ਤੇ ਦਿੱਤੇ ਗਏ ਬਿਆਨ ਬਹੁਤ ਵੱਡੇ ਦੁਖਾਂਤਾਂ ਦਾ ਸਬੱਬ ਵੀ ਬਣ ਸਕਦੇ ਹਨ। ਇਸ ਪੱਖ ਤੋਂ ਸ਼ਾਇਦ ਕੰਗਨਾ ਬਹੁਤ ਅਣਜਾਣ ਹੈ। ਉਸ ਦੇ ਬਿਆਨਾਂ ਵਿੱਚ ਕਿਸੇ ਅੱਲ੍ਹੜ ਕੁੜੀ ਵਰਗਾ ਬੜਬੋਲਾਪਨ ਹੈ। ਭਾਜਪਾ ਨੂੰ ਸਮੇਂ ਸਿਰ ਉਸ ਨੂੰ ਨਕੇਲ ਮਾਰ ਲੈਣੀ ਚਾਹੀਦੀ ਹੈ। ਪੰਜਾਬੀ ਦੀ ਕਹਾਵਤ ਹੈ ਕਿ 'ਜ਼ੁਬਾਨੋ ਨਿਕਲੇ ਬੋਲ ਤੇ ਕਮਾਨੋਂ ਨਿਕਲੇ ਤੀਰ ਮੁੜ ਕੇ ਹੱਥ ਨ੍ਹੀਂ ਆਉਂਦੇ।' ਇਸੇ ਕਰਕੇ ਪੰਜਾਬ ਦੇ ਸੁਹਿਰਦ ਬੁੱਧੀਜੀਵੀ ਮੰਗ ਕਰ ਰਹੇ ਹਨ ਕਿ ਪੰਜਾਬ ਸਰਕਾਰ ਨੂੰ ਇਸ ਫਿਲਮ ਦੇ ਰਿਲੀਜ਼ ਹੋਣ ਤੋਂ ਪਹਿਲਾਂ ਇਸ ਬਾਰੇ ਇੱਕ ਹਾਈ ਪਾਵਰ ਕਮੇਟੀ ਬਣਾ ਦੇਣੀ ਚਾਹੀਦੀ ਹੈ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਵਾਂ ਸਮੇਤ ਫਿਲਮ ਸ਼ੈਲੀ ਦੇ ਮਾਹਿਰ ਬੰਦੇ ਵੀ ਹੋਣ। ਇਸ ਕਮੇਟੀ ਵੱਲੋਂ ਹਰੀ ਝੰਡੀ ਦੇਣ 'ਤੇ ਹੀ ਇਹ ਫਿਲਮ ਪੰਜਾਬ ਵਿੱਚ ਰਿਲੀਜ਼ ਕੀਤੀ ਜਾਣੀ ਚਾਹੀਦੀ ਹੈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਮਦਮੀ ਟਕਸਾਲ ਅਤੇ ਅਕਾਲੀ ਦਲ ਸਮੇਤ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਪੰਜਾਬ ਵਿੱਚ ਇਸ ਫਿਲਮ 'ਤੇ ਪਾਬੰਦੀ ਲਾਏ ਜਾਣ ਦੀ ਮੰਗ ਕੀਤੀ ਹੈ।


DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

He has over 30 years of surgical experience
HINDI, PUNJABI, ENGLISH AND SPANISH

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

847-310-1600

Bunions, sports medicine, Pediatric foot deformity, ingrown toenails, warts and Diabetic Limb Salvage

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169



Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

# ਪੰਜਾਬੀ ਅਤੇ ਅਮਰੀਕੀ ਖੇਡ ਪਰੰਪਰਾ ਦਾ ਸੁਮੇਲ

## ਖੇਡਾਂ ਤੇ ਸਭਿਆਚਾਰ


**ਅਮਨੀਤ ਕੌਰ ਸ਼ਿਕਾਗੋ**

ਅਮਰੀਕੀ ਸਭਿਆਚਾਰ ਵਿੱਚ ਬੱਚਿਆਂ ਦੇ ਜੀਵਨ ਵਿੱਚ ਖੇਡਾਂ ਦਾ ਖ਼ਾਸ ਮਹੱਤਵ ਹੈ। ਅਮਰੀਕਾ ਵਿੱਚ ਵੱਡੇ ਹੁੰਦਿਆਂ ਅਸੀਂ ਉਲੰਪਿਕਸ ਵਿੱਚ ਖਿਡਾਰੀਆਂ ਨੂੰ ਮੁਕਾਬਲਾ ਕਰਦੇ ਵੇਖਦੇ ਹਾਂ। ਖੇਡਾਂ ਅਮਰੀਕੀ ਜੀਵਨ ਦਾ ਮੂਲ ਅੰਗ ਹਨ: ਬੁਨਿਆਦੀ ਤੌਰ 'ਤੇ ਮਿਹਨਤ ਅਤੇ ਦੇਸ਼ ਭਗਤੀ ਦਾ ਪ੍ਰਤੀਕ ਹਨ। ਅਮਰੀਕੀ ਸਭਿਆਚਾਰ ਦੇ ਨਾਲ ਨਾਲ, ਪੰਜਾਬ ਵਿੱਚ ਵੀ ਖੇਡਾਂ ਦਾ ਕਾਫ਼ੀ ਪ੍ਰਭਾਵ ਸੀ। ਦੁੱਖ ਦੀ ਗੱਲ ਹੈ ਕਿ ਸਾਡੀ ਪੀੜੀ ਇਸ ਖੇਡਾਂ ਦੀ ਲੜੀ ਨੂੰ ਅਗਾਂਹ ਤੋਰਨ ਵਿੱਚ ਨਾਕਾਮਯਾਬ ਰਹੀ। ਜੇ ਆਪਣੇ ਪਿਛੋਕੜ ਵੱਲ ਝਾਤ ਮਾਰੀਏ ਤਾਂ 16ਵੀਂ ਸਦੀ ਵਿੱਚ ਸਾਡੇ ਗੁਰੂ ਸਾਹਿਬਾਨ ਨੇ ਵੀ ਇਹ ਕਿਹਾ ਕਿ ਸਰੀਰਕ ਕਸਰਤ ਕਿੰਨੀ ਜ਼ਰੂਰੀ ਹੈ। ਗੁਰੂ ਅੰਗਦ ਦੇਵ ਜੀ ਨੇ ਖੇਡਾਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਆਪਣੇ ਸਮੇਂ ਵਿੱਚ ਅਖਾੜੇ ਬਣਾਏ, ਤਾਂ ਕਿ ਸਭ ਸਰੀਰਕ ਰੂਪ ਵਿੱਚ ਤੰਦਰੁਸਤ ਰਹਿ ਸਕਣ। ਅਜੋਕੇ ਇਤਿਹਾਸ ਵਿੱਚ 'ਹਾਕੀ ਦਾ ਮੱਕਾ' ਕਹੇ ਜਾਣ ਵਾਲੇ ਪਿੰਡ ਸੰਸਾਰਪੁਰ ਦੀ ਗੱਲ ਕਰ ਸਕਦੇ ਹਾਂ, ਜਿੱਥੋਂ ਉੱਠ ਕੇ 14 ਹਾਕੀ ਦੇ ਖਿਡਾਰੀਆਂ ਨੇ ਭਾਰਤ ਦੇ ਨਾਲ ਨਾਲ ਕੀਨੀਆ ਅਤੇ ਕੈਨੇਡਾ ਵਰਗੇ ਮੁਲਕਾਂ ਦੀ ਅਗਵਾਈ ਕੀਤੀ। ਸਾਡੇ ਇੰਨੇ ਤਕੜੇ ਪਿਛੋਕੜ ਨੂੰ ਗਵਾਉਣ ਦੀ ਥਾਂ, ਇਸ ਵਿੱਚ ਪਏ ਵਕਫ਼ੇ ਨੂੰ ਭਰਨ ਦੀ ਲੋੜ ਹੈ। ਇਸ ਦੀ ਸ਼ੁਰੂਆਤ ਸਾਨੂੰ ਆਪਣੇ ਘਰਾਂ ਵਿੱਚੋਂ ਕਰਨੀ ਪਵੇਗੀ।

ਮੇਰੇ ਆਪਣੇ ਪਰਿਵਾਰ ਵਿਚ, ਪਰਿਵਾਰ ਦੇ ਕਈ ਜੀਅ ਖੇਡਾਂ ਦਾ ਸ਼ੌਕ ਰੱਖਦੇ ਹਨ। ਜਿਨ੍ਹਾਂ 'ਚ ਮੇਰੇ ਨਾਨਾ ਜੀ ਦੀ ਖੇਡਾਂ ਵਿੱਚ ਬਹੁਤ ਦਿਲਚਸਪੀ ਸੀ। ਜਦੋਂ ਉਹ ਪਹਿਲੀ ਵਾਰੀ 2009 ਵਿੱਚ ਅਮਰੀਕਾ ਆਏ ਸਨ, ਉਨ੍ਹਾਂ ਨੇ ਮੇਰੇ ਮਾਪਿਆ ਨੂੰ ਆਖਿਆ, "ਸਾਨੂੰ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਪਾਉਣਾ ਚਾਹੀਦਾ ਹੈ।" ਮੇਰੇ ਨਾਨਾ ਜੀ ਆਪ ਕੁਸ਼ਤੀ ਦਾ ਸ਼ੌਕ ਰੱਖਦੇ ਸਨ। ਮੇਰੇ ਮੰਮੀ ਜੀ ਦੱਸਦੇ ਹੁੰਦੇ ਕਿ ਸਵਖਤੇ ਉੱਠ ਕੇ 3-4 ਕਿਲੋਮੀਟਰ ਦੌੜਦੇ ਹੁੰਦੇ ਸੀ ਤੇ ਹਵੇਲੀ ਜਾ ਕੇ ਆਪਣੀ ਵਰਜਿਸ਼ ਕਰਦੇ ਸਨ। ਨੱਬੇਵੇਂ ਦੇ ਦਹਾਕੇ ਵਿੱਚ, ਜਦੋਂ ਮੇਰੇ ਮੰਮੀ ਅਤੇ ਮਾਸੀਆਂ ਵੱਡੀਆਂ ਹੋ ਰਹੀਆਂ ਸਨ ਤਾਂ ਮੇਰੇ ਨਾਨਾ ਜੀ ਨੇ ਉਨ੍ਹਾਂ ਵਾਸਤੇ ਬਾਸਕਟਬਾਲ ਦੇ ਰਿੰਗ ਵਿਹੜੇ ਵਿੱਚ ਲਗਵਾਏ ਤਾਂ ਕਿ ਉਹ ਘਰ ਵਿੱਚ ਖੇਡ ਸਕਣ। ਉਹ ਵਿਹੜੇ ਵਿੱਚ ਆਪਣੀਆਂ ਤਿੰਨ ਧੀਆਂ ਨਾਲ ਬਾਸਕਟਬਾਲ ਖੇਡਦੇ ਸਨ। ਜਦੋਂ ਮੈਂ ਵਿਹੜੇ ਦੀ ਥਾਂ ਆਪ ਵੇਖੀ, ਉਹ ਤਕਰੀਬਨ ਬਾਸਕਟਬਾਲ ਕੋਰਟ ਜਿੱਡੀ ਹੀ ਸੀ। ਅੱਜ ਮੈਂ 3 ਦਹਾਕਿਆਂ ਬਾਅਦ ਆਪਣੇ ਨਾਨਾ ਜੀ ਦੀ ਸੋਚ ਨੂੰ ਸਲਾਮ ਕਰਦੀ ਹਾਂ। ਉਨ੍ਹਾਂ ਨੇ ਉਸ ਜ਼ਮਾਨੇ ਵਿੱਚ ਉਹ ਕੀਤਾ, ਜੋ ਆਮ ਪ੍ਰਚਲਤ ਨਹੀਂ ਸੀ! ਮੇਰੀਆਂ ਮਾਸੀਆਂ ਨੇ ਬਾਅਦ ਵਿੱਚ ਕਾਲਜ ਟੀਮਾਂ ਵਿੱਚ ਬਾਸਕਟਬਾਲ ਖੇਡੀ। ਜਦੋਂ ਨਾਨਾ ਜੀ ਸਾਡੇ ਕੋਲ ਅਮਰੀਕਾ ਆਉਂਦੇ ਸਨ ਤਾਂ ਸਾਨੂੰ ਘਰ ਦੇ ਆਲ਼ੇ-ਦੁਆਲੇ ਦੌੜ ਲਾਉਣ ਨੂੰ ਆਖਦੇ। ਨਾਲੇ ਮੈਨੂੰ ਤੇ ਮੇਰੀਆਂ ਭੈਣਾਂ ਨੂੰ ਘਰ ਦੀ ਬੈਠਕ ਵਿੱਚ ਹੀ ਕਬੱਡੀ ਖੇਡਣ ਲਾਉਂਦੇ ਸਨ। ਉਹ ਹਮੇਸ਼ਾ ਕਹਿੰਦੇ ਹੁੰਦੇ ਸਨ, "ਕੁੜੀਆਂ ਕਿੱਸੇ ਗੱਲੋਂ ਘੱਟ ਨਹੀਂ ਹਨ।"

ਇਸ ਤੋਂ ਅੱਗੇ, ਮੇਰੇ ਡੈਡੀ ਜੀ ਵੀ ਖੇਡਾਂ ਦਾ ਸ਼ੌਕ ਰੱਖਦੇ ਸਨ। ਉਨ੍ਹਾਂ ਨੇ ਪੇਂਡੂ ਪੱਧਰ 'ਤੇ ਕਬੱਡੀ ਖੇਡੀ ਸੀ, ਫੇਰ ਆਪਣੇ ਪਿੰਡ ਵਿੱਚ ਕਬੱਡੀ ਟੂਰਨਾਮੈਂਟ ਕਰਵਾਉਂਦੇ ਸਨ ਅਤੇ ਸ਼ਿਕਾਗੋ ਵਿੱਚ ਵੀ ਕਬੱਡੀ ਟੂਰਨਾਮੈਂਟ ਦੇ ਸਰਗਰਮ ਮੈਂਬਰ ਸਨ। ਉਹ ਹਮੇਸ਼ਾ ਕਹਿੰਦੇ ਸਨ, "ਕਬੱਡੀ ਵਿੱਚ ਕਈ ਦੋਸਤ-ਮਿੱਤਰ ਬਣਦੇ ਸਨ ਅਤੇ ਕਬੱਡੀ ਤੁਹਾਨੂੰ ਸਿਖਾਉਂਦੀ ਹੈ ਕਿ ਜਦੋਂ ਤੁਹਾਡੇ 'ਤੇ ਮੁਸ਼ਕਲ ਆਉਂਦੀ ਆ ਤਾਂ ਤੁਸੀਂ ਉਸ ਦਾ ਸਾਹਮਣਾ ਕਰਨਾ ਹੈ, ਨਾ ਕਿ ਮੈਦਾਨ ਛੱਡ ਕੇ ਭੱਜਣਾ ਹੈ।"

ਮੈਂ ਭਰੋਸੇ ਨਾਲ ਕਹਿ ਸਕਦੀ ਹਾਂ ਕਿ ਖੇਡਾਂ ਨੇ ਮੇਰੀ ਸ਼ਖਸੀਅਤ ਬਦਲੀ। ਮੇਰਾ ਸੋਚਣ ਦਾ ਨਜ਼ਰੀਆ ਬਦਲ ਦਿੱਤਾ। 21ਵੀਂ ਸਦੀ ਵਿੱਚ ਜਿੱਥੇ ਬੱਚੇ ਬਹੁਤ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ, ਉੱਥੇ ਖੇਡਾਂ ਦਾ ਮਹੱਤਵ ਹੋਰ ਵੱਧ ਜਾਂਦਾ ਹੈ। ਮੈਂ ਪਿਛਲੇ 10 ਸਾਲ ਤੈਰਾਕੀ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ ਸੀ। ਮੈਨੂੰ 8 ਸਾਲਾਂ ਦੀ ਉਮਰ ਵਿੱਚ ਤੈਰਾਕੀ ਦੀ ਟੀਮ ਵਿੱਚ ਭਰਤੀ ਕਰਾ ਦਿੱਤਾ। ਇਸ ਸਮੇਂ ਦੌਰਾਨ ਮੈਂ ਹਫ਼ਤੇ ਦੇ 6 ਦਿਨ ਵਿੱਚ 2 ਘੰਟੇ ਰੋਜ਼ ਅਭਿਆਸ ਕਰਦੀ ਸੀ। ਮੇਰੇ ਮੰਮੀ ਜੀ ਨੇ ਕਿੰਨੇ ਸਾਲਾਂ



■ ਅਮਨੀਤ ਕੌਰ ਘੋੜਿਆਂ ਦੇ ਅਸਤਬਲ ਵਿੱਚ

ਤਕ ਰੋਜ਼ 45 ਮਿੰਟ ਗੱਡੀ ਚਲਾ ਕੇ ਸਾਨੂੰ ਤੈਰਾਕੀ ਦੇ ਅਭਿਆਸ 'ਤੇ ਲੈ ਕੇ ਜਾਣਾ ਤੇ 2 ਘੰਟੇ ਇੰਤਜ਼ਾਰ ਕਰਕੇ ਵਾਪਸ 45 ਮਿੰਟ ਗੱਡੀ ਚਲਾ ਕੇ ਘਰ ਆਉਣਾ। ਸ਼ੁੱਕਰਵਾਰ, ਸਨਿੱਚਰਵਾਰ ਅਤੇ ਐਤਵਾਰ ਸਾਡੇ ਤੈਰਾਕੀ ਦੇ ਮੁਕਾਬਲੇ ਹੁੰਦੇ ਸਨ ਤੇ ਮੇਰੇ ਡੈਡੀ ਜੀ ਸਾਡੇ ਹਰ ਮੁਕਾਬਲਿਆਂ ਨੂੰ ਦੇਖਣ ਪਹੁੰਚਦੇ ਸਨ। ਉਹ ਸੋਲ਼ਾਂ-ਸੋਲ਼ਾਂ ਘੰਟੇ ਕੰਮ ਕਰਕੇ ਰਤਾ ਭਰ ਸ਼ਿਕਾਇਤ ਨਾ ਕਰਦੇ ਤੇ ਸਾਡੇ ਮੁਕਾਬਲਿਆਂ 'ਤੇ ਪਹੁੰਚ ਹੀ ਜਾਂਦੇ ਸਨ। ਸਾਡਾ ਖੇਡਾਂ ਵਿੱਚ ਹਿੱਸਾ ਲੈਣਾ ਤਾਂ ਹੀ ਮੁਮਕਿਨ ਸੀ ਕਿ ਸਾਡੇ ਮਾਂ-ਬਾਪ ਨੇ ਆਪਣੇ ਕਈ ਸਮਾਜਕ ਕੰਮਕਾਰ ਛੱਡੇ ਤੇ ਸਾਨੂੰ ਵਖਤ ਦਿੱਤਾ। ਗਰਮੀਆਂ ਦੀਆਂ ਛੁੱਟੀਆਂ ਵਿੱਚ ਅਸੀਂ ਇੱਕ ਦਿਨ ਵਿੱਚ ਦੋ-ਦੋ ਵਾਰੀ ਅਭਿਆਸ ਕਰਦੀਆਂ ਸੀ। ਸਵੇਰੇ ਢਾਈ ਘੰਟੇ ਅਤੇ ਸ਼ਾਮਾਂ ਨੂੰ ਵੀ 2 ਘੰਟੇ ਤੈਰਦੇ ਸੀ। ਇੱਕ ਦਿਨ ਵਿੱਚ ਅਸੀਂ ਤਕਰੀਬਨ 8-9 ਮੀਲਾਂ ਤੈਰਦੇ ਸੀ। ਹਾਈ ਸਕੂਲ ਵਿੱਚ ਮੈਂ 4 ਸਾਲਾਂ ਲਈ ਵਾਰਸਿਟੀ ਟੀਮ ਵਿੱਚ ਹਿੱਸਾ ਲਿਆ। ਤੈਰਾਕੀ ਨੇ ਮੇਰੀ ਜ਼ਿੰਦਗੀ ਵਿੱਚ ਅਨੁਸ਼ਾਸਨ ਤੇ ਉੱਦਮ ਲਿਆਂਦਾ। ਇਹ ਮੇਰੇ ਲਈ ਇੱਕ ਅਮੋਲ ਗੁਣ ਹੈ।

ਮੇਰੇ ਤੈਰਾਕੀ ਦੇ ਕੋਚ, ਜਿਸ ਦਾ ਨਾਮ ਕੋਚ ਪੀਅਰ ਹੈ, ਨੇ ਸਿਖਾਇਆ ਕਿ ਤੁਸੀਂ ਹਮੇਸ਼ਾ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਤਿਆਰ ਬਰ ਤਿਆਰ ਰਹਿਣਾ ਹੈ। ਕੋਚ ਪੀਅਰ ਦੀ ਉਮਰ ਇਕਾਸੀਆਂ ਸਾਲਾਂ ਦੀ ਹੈ ਤੇ ਹਾਲੇ ਵੀ ਬੱਚਿਆਂ ਨੂੰ ਤੈਰਾਕੀ ਦੀ ਸਿਖਲਾਈ ਦਿੰਦਾ ਹੈ। ਕੋਚ ਪੀਅਰ ਦਾ ਪਿਛੋਕੜ ਬੜਾ ਦਿਲਚਸਪ ਹੈ। ਉਹ ਯਤੀਮਖ਼ਾਨੇ ਵਿੱਚ ਪਲਿਆ, ਵੱਡਾ ਹੋਇਆ। ਉਸ ਵੱਲੋਂ ਦਿੱਤੇ ਹੋਏ ਜ਼ਿੰਦਗੀ ਦੇ ਸਬਕ ਅਸੀਂ ਤਿੰਨੋ ਭੈਣਾਂ ਕਦੇ ਨਹੀਂ ਭੁੱਲ ਸਕਦੀਆਂ।

ਕੋਚ ਪੀਅਰ ਨੇ ਇਕੱਲੀ ਤੈਰਾਕੀ ਨਹੀਂ ਸਿਖਾਈ, ਪਰ ਸਾਨੂੰ ਹੋਰ ਬੜੀਆਂ ਚੀਜ਼ਾਂ ਸਿਖਾਈਆਂ। ਕੋਚ ਪੀਅਰ ਇੰਨਾ ਸਖ਼ਤ ਹੈ ਕਿ ਅਸੀਂ ਕਈ ਵਾਰੀ ਹੱਸਣਾ ਕਿ ਉਹ ਪੰਜਾਬ ਦੇ ਡੰਡੇ ਵਾਲ਼ੇ ਮਾਸਟਰ ਵਾਂਗ ਕੱਬਾ ਹੈ। ਉਸ ਅਨੁਸਾਰ ਜ਼ਿੰਦਗੀ ਦਾ ਕੋਈ ਵੀ ਨਿਰਣੇ ਲੈਣਾ ਹੈ, ਸੋਚ ਸਮਝ ਕੇ ਲਓ, ਕਿਉਂਕਿ ਭਟਕਣ ਲੱਗਿਆਂ ਬਹੁਤੀ ਦੇਰ ਨਹੀਂ ਲੱਗਦੀ। ਕੋਚ ਪੀਅਰ ਨੇ ਆਪ ਯੂ.ਐਸ. ਸਿਵਲ ਰਾਈਟਸ ਲਹਿਰ ਨੂੰ



ਹੰਢਾਇਆ। ਉਸਦਾ ਦੱਸਣਾ ਹੈ ਕਿ ਇੱਕ ਅਫ਼ਰੀਕੀ-ਅਮਰੀਕਨ ਹੋਣ ਦੇ ਨਾਤੇ, ਜੋ ਕੁੱਝ ਉਸ ਨੇ ਹੰਢਾਇਆ ਹੈ, ਉਸ ਦੇ ਮੁਕਾਬਲੇ ਤੁਹਾਨੂੰ ਜ਼ਿੰਦਗੀ ਵਿੱਚ ਬਹੁਤ ਸਹੂਲਤਾਂ ਮਿਲੀਆਂ ਹੋਈਆਂ ਹਨ, ਜੋ ਕੋਚ ਪੀਅਰ ਨੂੰ ਵੱਡੇ ਹੁੰਦਿਆਂ ਨਹੀਂ ਸੀ ਮਿਲੀਆਂ। ਉਹ ਸਭ ਤੋਂ ਵੱਡੀ ਗੱਲ ਕਹਿੰਦਾ ਹੁੰਦਾ ਸੀ ਕਿ ਤੁਹਾਡੇ ਕੋਲ ਮਾਂ-ਬਾਪ ਤੇ ਭੈਣ-ਭਰਾ ਹਨ, ਉਸ ਕੋਲ ਨਹੀਂ ਸਨ। ਤਾਂ ਹਮੇਸ਼ਾ ਉਸ ਚੀਜ਼ ਦੀ ਕਦਰ ਕਰਿਆ ਕਰੋ। ਕੋਚ ਪੀਅਰ ਦੀ ਤੈਰਾਕੀ-ਪ੍ਰਤੀ ਸਮਰਪਣ ਕਰਕੇ ਮੈਂ 24 ਗਜ ਤੈਰਾਕੀ ਦੀ ਸ਼ੁਰੂਆਤ ਤੋਂ ਚੈਂਪੀਅਨਸ਼ਿਪ ਟੂਰਨਾਮੈਂਟਾਂ ਵਿੱਚ ਹਿੱਸਾ ਲਿਆ। ਕੋਚ ਪੀਅਰ ਦੀ ਸਿਫ਼ਤ ਹੈ ਕਿ ਉਹ ਆਪਣੇ ਤੇਜ਼ ਖਿਡਾਰੀਆਂ ਦੇ ਨਾਲ ਨਾਲ ਹੌਲੇ ਖਿਡਾਰੀਆਂ ਉੱਤੇ ਵੀ ਓਨੀ ਹੀ ਨਿਗਾਹ ਰੱਖਦਾ ਸੀ; ਸਾਰੇ ਬੱਚਿਆਂ ਨੂੰ ਝਿੜਕਾਂ ਵੀ ਰੱਜ ਕੇ ਪੈਂਦੀਆਂ ਸਨ ਅਤੇ ਪਿਆਰ ਵੀ ਰੱਜ ਕੇ ਮਿਲਦਾ ਸੀ।

ਹੁਣ ਮੈਂ ਯੂਨੀਵਰਸਿਟੀ ਆਫ਼ ਵਿਸਕਾਨਸਿਨ ਮੈਡੀਸਨ ਦੀ ਵਿਦਿਆਰਥਣ ਹਾਂ ਤੇ ਉੱਥੇ ਜਾ ਕੇ ਮੈਂ ਕੁੱਝ ਨਵਾਂ ਕਰਨਾ ਚਾਹੁੰਦੀ ਸੀ। ਮੈਨੂੰ ਉੱਥੇ ਜਾ ਕੇ ਘੋੜਸਵਾਰੀ ਦਾ ਸ਼ੌਕ ਜਾਗਿਆ ਤੇ ਮੈਂ ਅੰਤਰ-ਕਾਲਜ ਘੋੜਸਵਾਰੀ (ਇੰਟਰਕੋਲੀਜਿਟ ਹੋਰਸ ਸ਼ੋਅ ਐਸੋਸੀਏਸ਼ਨ: ਆਈ. ਐਚ. ਐਸ.ਏ.) ਦੇ ਮੁਕਾਬਲਿਆਂ ਵਿੱਚ ਹਿੱਸਾ ਲੈਂਦੀ ਹਾਂ।

ਪੰਜਾਬੀ ਸਭਿਆਚਾਰ ਵਿੱਚ ਘੋੜਿਆਂ ਦਾ ਬਹੁਤ ਮਹੱਤਵ ਹੈ। ਘੋੜਸਵਾਰੀ ਦਾ ਸ਼ੌਕ ਤਾਂ ਪਿਆ ਜਦੋਂ ਮੈਂ ਨਾਨਕੇ ਪੰਜਾਬ ਜਾਂਦੀ ਸੀ; ਉਦੋਂ ਮੇਰੇ ਨਾਨਾ ਜੀ ਕੋਲ ਘੋੜੀਆਂ ਸਨ। ਇੱਕ ਦਾ ਨਾਮ 'ਬਸੰਤੀ' ਸੀ, ਇੱਕ 'ਲੈਲਾ' ਸੀ ਤੇ ਉਸ ਦਾ ਇੱਕ ਵਛੇਰਾ ਸੀ। ਘੋੜਸਵਾਰੀ ਮੈਂ ਤਾਂ ਸ਼ੁਰੂ ਕੀਤੀ, ਕਿਉਂਕਿ ਮੈਂ ਆਪਣੇ ਨਾਨਾ ਜੀ ਨੂੰ ਚੇਤੇ ਰੱਖਣ ਲਈ ਕੁੱਝ ਕਰਨਾ ਚਾਹੁੰਦੀ ਸਾਂ। ਮੈਂ ਇੰਗਲਿਸ਼ ਰਾਈਡਿੰਗ ਵਿੱਚ ਮੁਕਾਬਲਾ ਕਰਦੀ ਹਾਂ। ਘੋੜਿਆਂ ਦੇ ਨਾਲ ਰਹਿ ਕੇ, ਘੋੜਿਆਂ ਦੀ ਸਾਂਭ-ਸੰਭਾਲ ਕਰਕੇ ਮੇਰੇ ਵਿੱਚ ਬਹੁਤ ਨਿਮਰਤਾ ਆਈ। ਜਿੱਥੇ ਜ਼ਿਆਦਾਤਰ ਮੇਰੀ ਉਮਰ ਦੇ ਬੱਚੇ ਬੁਰੀ ਸੰਗਤ ਵੱਲ ਆਪਣੇ ਆਪ ਨੂੰ ਖਿੱਚਦੇ ਹਨ, ਉੱਥੇ ਘੋੜਸਵਾਰੀ ਅਤੇ ਖੇਡਾਂ ਨੇ ਇਸ ਸਭ ਤੋਂ ਮੈਨੂੰ ਬਚਾਅ ਕੇ ਰੱਖਿਆ।

ਖੇਡਾਂ ਵਿੱਚ ਭਾਗ ਲੈਣਾ ਜ਼ਰੂਰੀ ਹੋਣ ਦਾ ਇੱਕ ਹੋਰ ਵੱਡਾ ਕਾਰਨ ਹੈ ਕਿ ਬੱਚੇ ਆਪਣੇ ਸਮਾਜਕ ਮਿੱਤਰਤਾ ਵਧਾ ਸਕਦੇ ਹਨ। ਇਹ ਮਿੱਤਰਤਾ ਖੇਡ ਦੇ ਮੈਦਾਨ ਤੋਂ ਬਾਹਰ ਸਾਰੀ ਉਮਰ ਦਾ ਸਾਥ ਬਣਦੀ ਹੈ। ਇਸ ਤੋਂ ਅੱਗੇ ਖੇਡਾਂ ਤੁਹਾਡੀ ਮਾਨਸਿਕ ਸਿਹਤ ਵਾਸਤੇ ਬਹੁਤ ਜ਼ਰੂਰੀ ਹੈ। ਸਰੀਰਕ ਕਸਰਤ ਮਾਨਸਿਕ ਤਣਾਅ ਨੂੰ ਦੂਰ ਕਰਦੀ ਹੈ। ਅਮਰੀਕਾ ਵਿੱਚ ਪੜ੍ਹਾਈ ਦਾ ਬਹੁਤ ਤਣਾਅ ਰਹਿੰਦਾ ਹੈ ਤੇ ਖੇਡਾਂ ਉਸ ਤਣਾਅ ਨੂੰ ਦੂਰ ਕਰਨ ਵਾਸਤੇ ਬਹੁਤ ਸਹਾਈ ਹੁੰਦੀਆਂ ਹਨ। ਨਾਲੇ ਖੇਡਾਂ ਸਾਨੂੰ ਸਮੇਂ ਦੀ ਪਾਬੰਦੀ ਦੇ ਨਾਲ ਨਾਲ ਟੀਮ-ਵਰਕ ਅਤੇ ਅਗਵਾਈ ਕਰਨ ਦੀ ਸਿੱਖਿਆ ਦਿੰਦੀਆਂ ਹਨ। ਖੇਡਾਂ ਸਿਖਾਉਂਦੀਆਂ ਹਨ ਕਿ ਹਾਰਨ ਤੋਂ ਬਾਅਦ ਦਿਲ ਛੱਡ ਕੇ ਬੈਠ ਨਹੀਂ ਜਾਣਾ, ਸਗੋਂ ਜਿਹੜੀਆਂ ਕਮੀਆਂ ਪਹਿਲਾਂ ਰਹਿ ਗਈਆਂ ਸਨ, ਉਨ੍ਹਾਂ ਨੂੰ ਸੁਧਾਰ ਕੇ ਅਗਲੇ ਮੁਕਾਬਲੇ ਲਈ ਤਿਆਰ ਹੋਣਾ ਹੈ।

ਖੇਡਾਂ ਨੇ ਮੈਨੂੰ ਹਾਰਨ ਦੀ ਮਹੱਤਤਾ ਵੀ ਸਿਖਾਈ। ਜਦੋਂ ਕੋਈ ਵੀ ਖਿਡਾਰੀ ਜਿੱਤਦਾ ਹੈ, ਉਸ ਦੇ ਨਾਲ ਨਾਲ ਉਹ 10 ਵਾਰੀ ਹਾਰਿਆ ਵੀ ਹੁੰਦਾ ਹੈ। ਖੇਡਾਂ ਨੇ ਮੈਨੂੰ ਆਪਣੇ ਗ਼ੁੱਸੇ 'ਤੇ ਕਾਬੂ ਕਰਨਾ ਸਿਖਾਇਆ; ਚਿਹਰੇ 'ਤੇ ਮੁਸਕਰਾਹਟ ਰੱਖਣ ਦਾ ਇਲਮ ਬਖ਼ਸ਼ਿਆ ਹੈ। ਜੇ ਮੈਂ ਇੱਕ ਮੁਕਾਬਲੇ ਵਿੱਚ ਚੰਗਾ ਨਹੀਂ ਕਰਦੀ ਸੀ ਤਾਂ ਖੇਡਾਂ ਨੇ ਮੈਨੂੰ ਅਗਲੇ ਮੁਕਾਬਲੇ ਲਈ ਵਧੀਆ ਕਰਨ ਵਾਸਤੇ, ਤਿਆਰ ਹੋਣ ਦੀ ਸਿੱਖਿਆ ਦਿੱਤੀ। ਤਜਰਬਿਆਂ ਨੇ ਮੈਨੂੰ ਨਿਮਾਣਾ ਰਹਿਣ ਦੀ ਸਿੱਖਿਆ ਦਿੱਤੀ।

ਨਤੀਜੇ ਵਜੋਂ ਅੱਜ ਦੇ ਜ਼ਮਾਨੇ ਵਿੱਚ ਜਿੱਥੇ ਫ਼ੋਨ ਅਤੇ ਸਕਰੀਨ 'ਤੇ ਬਿਤਾਇਆ ਵਕਤ ਅਜਾਈਂ ਜਾਂਦਾ ਹੈ, ਉੱਥੇ ਖੇਡਾਂ ਸੰਤੁਲਨ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ। ਖੇਡਾਂ ਸਰੀਰਕ ਵਰਜਿਸ਼ ਦੇ ਨਾਲ ਨਾਲ, ਇੱਕ ਦੂਜੇ ਨਾਲ ਆਹਮੋ ਸਾਹਮਣੇ ਗੱਲ ਕਰਨ, ਤੇ ਜ਼ਿੰਦਗੀ ਦਾ ਜਿਊਣ ਢੰਗ ਸਿਖਾਉਂਦੀਆਂ ਹਨ। ਅੱਜ ਦੇ ਜ਼ਮਾਨੇ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਕਿ ਹਰ ਇੱਕ ਕੁੜੀ ਨੂੰ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਪੰਜਾਬੀ ਭਾਈਚਾਰੇ ਵਿੱਚ ਇਹ ਗੁਣ ਹੈ ਕਿ ਉਹ ਭਵਿੱਖ ਦੇ ਵਿੱਚ ਬਦਲਾਅ ਲਿਆ ਸਕਦਾ ਹੈ।

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਬੱਬੂ (ਐਪਲਟਨ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਸੰਨੀ ਧੂੜ (ਮਿਸ਼ੀਗਨ)
ਮਨਮਿੰਦਰ ਸਿੰਘ ਹੀਰ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ
ਜਿਗਰਦੀਪ ਸਿੰਘ ਢਿੱਲੋਂ

# ਕਲਕੱਤਾ ਬਲਾਤਕਾਰ ਮਾਮਲੇ ‘ਤੇ ਸਿਆਸੀ ਘਮਸਾਣ ਜਾਰੀ

**ਪੰਜਾਬੀ ਪਰਵਾਜ਼ ਬਿਊਰੋ**

## *ਸੁਪਰੀਮ ਕੋਰਟ ਵੱਲੋਂ ਸੁਹਿਰਦਤਾ ਨਾਲ ਨਜਿੱਠਣ ਦੀ ਕੋਸ਼ਿਸ਼

ਕਲਕੱਤਾ ਦੇ ਆਰ.ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਇੱਕ ਪੋਸਟ ਗਰੈਜੂਏਸ਼ਨ ਕਰ ਰਹੀ ਡਾਕਟਰ ਕੁੜੀ ਨਾਲ ਵਾਪਰੇ ਰੇਪ ਕੇਸ ਦੀ ਘਟਨਾ ਨੇ ਤਕਰੀਬਨ ਸਾਰੇ ਦੇਸ਼ ਦੀ ਆਤਮਾ ਨੂੰ ਹਲੂਣ ਕੇ ਰੱਖ ਦਿੱਤਾ ਹੈ। ਇਸ ਘਟਨਾ ‘ਤੇ ਨਾ ਸਿਰਫ ਮੈਡੀਕਲ ਕਿੱਤੇ ਨਾਲ ਜੁੜੇ ਲੋਕਾਂ, ਸਗੋਂ ਹੋਰਨਾਂ ਕਿੱਤਿਆਂ ਦੇ ਲੋਕਾਂ ਨੇ ਵੀ ਪ੍ਰਦਰਸ਼ਨ ਕਰ ਕੇ ਆਪਣਾ ਰੋਸ ਜ਼ਾਹਰ ਕੀਤਾ ਹੈ। ਬਲਾਤਕਾਰ ਆਪਣੇ ਆਪ ਵਿੱਚ ਹੀ ਇੱਕ ਭਿਆਨਕ ਜ਼ੁਰਮ ਹੈ। ਇਹ ਉਹਦੀ ਮਰਜ਼ੀ ਦੇ ਖਿਲਾਫ ਇੱਕ ਜਵਾਨ ਔਰਤ ਦੀ ਜਿਸਮਾਨੀ/ਮਾਨਸਿਕ ਖੁਦਮੁਖਤਾਰੀ ਦਾ ਹਨਨ ਕਰਨ ਦੀ ਘਟਨਾ ਹੈ; ਪਰ ਬਲਾਤਕਾਰ ਤੋਂ ਬਾਅਦ ਸੰਬੰਧਤ ਔਰਤ ਨੂੰ ਕਤਲ ਕਰ ਦੇਣਾਂ ਅਤਿ ਦਾ ਘਿਨਾਉਣਾ ਜ਼ੁਰਮ ਬਣ ਜਾਂਦਾ ਹੈ। ਭਾਰਤ ਵਿੱਚ ਹਰ ਰੋਜ਼ ਤਕਰੀਬਨ 80 ਬਲਾਤਕਾਰ ਦੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਸੱਤਾ ਵਿੱਚ ਆਉਣ ਨਾਲ ਇਸ ਕਿਸਮ ਦੀਆਂ ਘਟਨਾਵਾਂ ਨੂੰ ਕੋਈ ਫਰਕ ਨਹੀਂ ਪੈਂਦਾ। ਧਰਮ/ਜਾਤ/ਖੇਤਰ/ਨਸਲ ਦੇ ਆਧਾਰ ‘ਤੇ ਵਿਚਰਦੇ ਵਿਤਕਰੇ ਵੀ ਕਈ ਵਾਰ ਇਨ੍ਹਾਂ ਘਟਨਾਵਾਂ ਨੂੰ ਜਨਮ ਦਿੰਦੇ ਹਨ। ਭਾਰਤੀ ਜਨਤਾ ਪਾਰਟੀ ਵੱਲੋਂ ਪਿੱਛੇ ਜਿਹੇ ਇੱਕ ਬਲਾਤਕਾਰੀ ਟੋਲੇ ਦਾ ਸਨਮਾਨ ਕਰਨ ਦੀਆਂ ਖਬਰਾਂ ਸਾਹਮਣੇ ਆਈਆਂ ਸਨ। ਇਸ ਤੋਂ ਇਲਾਵਾ ਬੀਤੇ ਵਰ੍ਹੇ ਜੋ ਕੁਝ ਇੱਕ ਕੁੱਕੀ ਕਬੀਲੇ ਦੀ ਔਰਤ ਨਾਲ ਮਨੀਪੁਰ ਵਿੱਚ ਵਾਪਰਿਆ, ਉਸ ਕਰਕੇ ਅੰਤਰਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਨੂੰ ਵੀ ਮਾਮਲੇ ਦਾ ਨੋਟਿਸ ਲੈਣ ਲਈ ਮਜਬੂਰ ਹੋਣਾ ਪਿਆ।

ਆਰ.ਜੀ. ਕਰ ਹਸਪਤਾਲ ਵਾਲਾ ਮਾਮਲਾ ਪੱਛਮੀ ਬੰਗਾਲ ਨਾਲ ਸੰਬੰਧਤ ਹੈ। ਇੱਥੇ ਤ੍ਰਿਣਮੂਲ ਕਾਂਗਰਸ ਦੀ ਸਰਕਾਰ ਹੈ। ਮਮਤਾ ਬੈਨਰਜੀ ਖੁਦ ਆਪ ਔਰਤ ਹੈ। ਉਹ ਲੇਖਣ ਤੇ ਪੇਂਟਿੰਗ ਜਿਹੀਆਂ ਸੂਖਮ ਕਲਾਵਾਂ ਨਾਲ ਵੀ ਜੁੜੇ ਹੋਏ ਹਨ। ਇਸ ਘਟਨਾ ਦੀ ਪੀੜ ਦਾ ਅੰਦਾਜ਼ਾ ਤਾਂ ਲਾ ਹੀ ਸਕਦੇ ਹਨ ਕਿ ਸੰਬੰਧਤ ਮਾਮਲੇ ਦਾ ਸ਼ਿਕਾਰ ਹੋਈ ਇੱਕ ਪੜ੍ਹੀ ਲਿਖੀ ਆਪਣੇ ਪੈਰਾਂ ‘ਤੇ ਖੜ੍ਹੀ ਕੁੜੀ ਦੇ ਮਾਪੇ ਕਿਸ ਹਾਲਤ ’ਚੋਂ ਗੁਜ਼ਰ ਰਹੇ ਹੋਣਗੇ। ਮਮਤਾ 2011 ’ਚ ਪਹਿਲੀ ਵਾਰ ਮੁੱਖ ਮੰਤਰੀ ਬਣੀ ਸੀ। ਉਸ ਨੇ ਪੱਛਮੀ ਬੰਗਾਲ ’ਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਦਹਾਕਿਆਂ ਲੰਮੇ ਸ਼ਾਸਨ ਨੂੰ ਮਾਤ ਦੇ ਕੇ ਆਪਣੀ ਸਰਕਾਰ ਬਣਾਈ। 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਸ ਨੇ ਭਾਜਪਾ ਦੇ ਵੱਡੇ ਹੱਲੇ ਨੂੰ ਕਰਾਰੀ ਮਾਤ ਦੇ ਕੇ ਸਰਕਾਰ ਬਣਾਈ। ਮਮਤਾ ਦੀ ਸਿਆਸੀ ਸਮਰਥਾ ‘ਤੇ ਕਿਸੇ ਨੂੰ ਕੋਈ ਸ਼ੱਕ ਨਹੀਂ, ਪਰ ਸਾਵਾਂ ਪੱਧਰਾ ਪ੍ਰਸ਼ਾਸਨ ਕੌਣ ਦੇਵੇਗਾ?

ਜਦੋਂ ਕਿਸੇ ਵੀ ਸਟੇਟ ਵਿੱਚ ਦੋ ਟਰਮਾਂ ਤੋਂ ਵੱਧ ਕਿਸੇ ਇੱਕ ਪਾਰਟੀ ਦਾ ਰਾਜ ਰਹਿ ਜਾਂਦਾ ਹੈ ਤਾਂ ਸਰਕਾਰ ਦੇ ਚੁਣੇ ਹੋਏ ਮੈਂਬਰਾਂ ਅਤੇ ਅਫਸਰਸ਼ਾਹੀ ਦੀ ਛਤਰ ਛਾਇਆ ਹੇਠ ਕ੍ਰਿਮਿਨਲ ਮਾਨਸਿਕਤਾ ਵਾਲੇ ਲੋਕਾਂ ਦਾ ਜੁੜ ਜਾਣਾ ਆਮ ਗੱਲ ਹੈ। ਜਦੋਂ ਇਨ੍ਹਾਂ ਦੀ ਇੱਕ ਪ੍ਰਾਈਵੇਟ ਫੌਜ ਸੱਤਾ ਦੇ ਨਸ਼ੇ ਵਿੱਚ ਸਮਾਜ ਵਿੱਚ ਵਿਚਰਨ ਲਗਦੀ ਹੈ, ਉਦੋਂ ਕਈ ਵਾਰ ਘਿਨਾਉਣੀ ਕਿਸਮ ਦੇ ਅਪਰਾਧ ਵੀ ਵਾਪਰ ਜਾਂਦੇ ਹਨ। ਪੰਜਾਬ ਵਿੱਚ ਵੀ ਅਜਿਹਾ ਵਾਪਰਦਾ ਰਿਹਾ ਹੈ। ਖੜਕੂਵਾਦ ਨੂੰ ਖਤਮ ਕਰਨ ਲਈ ਪ੍ਰਾਈਵੇਟ ਹਥਿਆਰਬੰਦ ਗਰੋਹ ਖੜ੍ਹੇ ਕੀਤੇ ਗਏ। ਕਾਨੂੰਨੋਂ ਬਾਹਰੇ ਕਤਲ ਹੋਏ। ਬਲਾਤਕਾਰਾਂ ਦੀਆਂ ਘਟਨਾਵਾਂ ਵਾਪਰੀਆਂ। ਅਕਾਲੀ ਸਰਕਾਰ ਦੀ ਦੂਜੀ ਟਰਮ ਵੇਲੇ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਇੱਕ ਚਲਦੀ ਬੱਸ ਵਿੱਚੋਂ ਕੁੜੀ ਨੂੰ ਚੁੱਕ ਕੇ ਬਾਹਰ ਸੁੱਟ ਦਿੱਤਾ ਗਿਆ ਸੀ। ਪੰਜਾਬ ਵਿੱਚ ਅਕਾਲੀ ਸਰਕਾਰ ਵੇਲੇ ਵਾਪਰਿਆ ਨਸ਼ੇ ਦਾ ਪਸਾਰਾ ਵੀ ਇਸ ਕਿਸਮ ਦੇ ਲੋਕਾਂ ਦੇ ਸੱਤਾ ਨਾਲ ਜੁੜਨ ਦਾ ਹੀ ਸਿੱਟਾ ਸੀ। ਜਿਹੜੀ ਵੀ ਸਰਕਾਰ ਆਵੇ, ਉਸੇ ਨਾਲ ਜੁੜਨ ਦਾ ਰਾਹ ਇਹ ਲੋਕ ਲੱਭ ਲੈਂਦੇ ਹਨ। ਇਸ ਲਈ ਨਸ਼ਾ ਅੱਜ ਵੀ ਰੁਕ ਨਹੀਂ ਰਿਹਾ; ਕਿਉਂਕਿ ਇਨ੍ਹਾਂ ਦੇ ਧੰਦੇ ਸੱਤਾ ਦੀ ਓਟ ਵਿੱਚ ਹੀ ਪਲ ਸਕਦੇ ਹਨ।

ਕਲਕੱਤਾ ਦੇ ਮੈਡੀਕਲ ਕਾਲਜ ਵਿੱਚ ਵਾਪਰੇ ਬਲਾਤਕਾਰ ਦੇ ਮਾਮਲੇ ਵਿੱਚ ਵੀ ਇਸ ਕਿਸਮ ਦੀ ਜਾਣਕਾਰੀ ਸਾਹਮਣੇ ਆ ਰਹੀ ਹੈ ਕਿ ਕਥਿਤ ਮੁੱਖ ਮੁਲਜ਼ਮ ਕੋਲੋਂ ਜਿਹੜਾ ਮੋਟਰਸਾਈਕਲ ਜਬਤ ਕੀਤਾ ਗਿਆ ਹੈ, ਉਹ ਕਿਸੇ ਸਥਾਨਕ ਪੁਲਿਸ ਅਧਿਕਾਰੀ ਦੇ ਨਾਂ ‘ਤੇ ਰਜਿਸਟਰਡ ਹੈ। ਇਸ ਲਈ ਸਪਸ਼ਟ ਹੈ ਕਿ ਜ਼ੁਰਮ ਕਰਨ ਵਾਲੇ ਨੂੰ ਸੱਤਾ ਦੀ ਛਾਂ ਹਾਸਲ ਸੀ। ਇਸੇ ਕਰਕੇ ਐਫ.ਆਈ.ਆਰ. ਰਜਿਸਟਰ ਕਰਨ ਵਿੱਚ ਦੇਰੀ ਹੋਈ ਅਤੇ ਕਾਲਜ ਦੇ ਮੁਖੀ ਵੱਲੋਂ ਇਸ ਕਤਲ ਕੇਸ ਨੂੰ ਆਤਮ ਹੱਤਿਆ ਦਾ ਮਾਮਲਾ ਬਣਾਉਣ ਦਾ ਯਤਨ ਕੀਤਾ ਗਿਆ।

ਇਸ ਦੇ ਬਾਵਜੂਦ ਬਲਾਤਕਾਰ ਦੇ ਮਾਮਲਿਆਂ ਨੂੰ ਆਧਾਰ ਬਣਾ ਕੇ ਆਪਣੀ ਰਾਜਨੀਤੀ ਅੱਗੇ ਵਧਾਉਣ ਤੋਂ ਹਰ ਪਾਰਟੀ ਨੂੰ ਗੁਰੇਜ਼ ਕਰਨਾ ਚਾਹੀਦਾ ਹੈ; ਪਰ ਹਾਲੇ ਵੀ ਸਾਡੇ ਇਸ ਕਿਸਮ ਦੀ ਸਿਆਸੀ ਸਰਬ-ਸੰਮਤੀ ਨਹੀਂ ਹੈ ਕਿ ਕੀ ਕੀਤਾ ਜਾਣਾ ਚਾਹੀਦਾ ਹੈ ਤੇ ਕੀ ਨਹੀਂ? ਕੀ ਜਾਇਜ਼ ਹੈ, ਕੀ ਨਾਜਾਇਜ਼ ਹੈ? ਜਿਵੇਂ ਜ਼ਿੰਦਗੀ ਦੇ ਬਾਕੀ ਸ਼ੋਹਬਿਆਂ ਲਈ ਕਾਨੂੰਨ ਜਾਂ ਨਿਯਮ ਹਨ, ਉਸੇ ਤਰ੍ਹਾਂ ਸਿਆਸੀ ਕੋਡ ਆਫ ਕੰਡਕਟ ਵੀ ਕੋਈ ਹੋਣਾ ਹੀ ਚਾਹੀਦਾ ਹੈ, ਕਿ ਨਹੀਂ? ਪਰ ਅੱਜ ਵੀ ਜੇ ਸਰਵੇ ਕੀਤਾ ਜਾਵੇ ਤਾਂ ਬਹੁਤੀਆਂ ਰਾਜਨੀਤਿਕ ਪਾਰਟੀਆਂ ਇਸ ਮਸਲੇ ‘ਤੇ ਉੱਤਰ ਨਾਂਹ ਵਿੱਚ ਦੇਣਗੀਆਂ। ਵਿਰੋਧੀ ਸਿਆਸੀ ਪਾਰਟੀਆਂ ਹੁਣ ਪੱਛਮੀ ਬੰਗਾਲ ਵਿੱਚ ਵੀ ਇਸ ਬਲਾਤਕਾਰ ਦੀ ਘਟਨਾ ਦਾ ਲਾਭ ਉਠਾਉਣ ਦਾ ਸਿਰਤੋੜ ਯਤਨ ਕਰ ਰਹੀਆਂ ਹਨ। ਖਾਸ ਕਰਕੇ ਸੀ.ਪੀ.ਐਮ. ਅਤੇ ਭਾਰਤੀ ਜਨਤਾ ਪਾਰਟੀ ਇੱਥੇ ਹੋ ਰਹੇ ਪ੍ਰਦਰਸ਼ਨਾਂ ਨੂੰ ਹਿੰਸਕ ਹੋਣ ਵੱਲ ਧੱਕ ਰਹੇ ਹਨ। ਇਸ ਨਾਲ ਪੀੜਤਾਂ ਨੂੰ ਇਨਸਾਫ ਮਿਲੇ ਜਾਂ ਨਾ, ਪਰ ਕੁਝ ਹੋਰ ਲੋਕਾਂ ਦਾ ਜਾਨੀ/ਮਾਲੀ ਨੁਕਸਾਨ ਜ਼ਰੂਰ ਹੋ ਸਕਦਾ ਹੈ। ਇਸ ਤੋਂ ਇਲਾਵਾ ਰਾਜ ਦੀ ਕੀਮਤੀ ਜਾਇਦਾਦ ਦਾ ਨੁਕਸਾਨ ਅਲੱਗ। ਉਂਝ ਇਹ ਸੰਤੋਖ ਵਾਲੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਇਸ ਮਾਮਲੇ ਦਾ ਆਪਣੇ ਤੌਰ ‘ਤੇ ਨੋਟਿਸ ਲੈ ਲਿਆ ਹੈ। ਅਦਾਲਤ ਅਨੁਸਾਰ ਮੈਡੀਕਲ ਅਮਲੇ ਦੀ ਸੁਰੱਖਿਆ, ਭਲਾਈ ਅਤੇ ਮਨੁੱਖੀ ਸ਼ਾਨ (ਡਿਗਨਿਟੀ) ਨੂੰ ਬਰਕਰਾਰ ਰੱਖਣਾ, ‘ਉੱਚਤਮ ਕੌਮੀ ਕਨਸਰਨ’ ਹੈ। ਕਲਕੱਤਾ ਹਾਈਕੋਰਟ ਨੇ ਸਥਾਨਕ ਪੁਲਿਸ ਤੋਂ ਲੈ ਕੇ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਦੇ ਦਿੱਤੀ ਹੈ।

ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਬੇਹੱਦ ਅਹਿਮ ਟਿੱਪਣੀਆਂ ਕੀਤੀਆਂ ਹਨ। 20 ਅਗਸਤ ਨੂੰ ਉਚਤਮ ਅਦਾਲਤ ਵਿੱਚ ਮਾਮਲੇ ਦੀ ਪਹਿਲੀ ਸੁਣਵਾਈ ਸੀ। ਚੀਫ ਜਸਟਿਸ ਦੀ ਅਗਵਾਈ ਵਿੱਚ ਮਾਮਲੇ ਦੀ ਸੁਣਵਾਈ ਕਰ ਰਹੇ ਬੈਂਚ ਨੇ ਕਿਹਾ ਕਿ ਕਲਕੱਤੇ ਵਿੱਚ ਵਾਪਰੀ ਇਸ ਘਟਨਾ ਨੇ ਮੈਡੀਕਲ ਅਮਲੇ ਦੀ ਸੁਰੱਖਿਆ ਅਤੇ ਮਨੁੱਖੀ ਸ਼ਾਨ ਕਾਇਮ ਰੱਖਣ ਦਾ ਮਾਮਲਾ ਸਾਹਮਣੇ ਲਿਆ ਦਿੱਤਾ ਹੈ। ਇਸ ਕਾਂਡ ਦੇ ਕਥਿਤ ਮੁਲਜ਼ਮ ਸੰਜੇ ਰਾਏ ਨੇ ਸੀ.ਬੀ.ਆਈ. ਦੀ ਹਿਰਾਸਤ ਵਿੱਚ ਕੀਤੇ ਗਏ ਪੌਲੀਗਰਾਫ ਟੈਸਟ ਵਿੱਚ ਆਪਣਾ ਦੋਸ਼ ਕਬੂਲ ਕਰ ਲਿਆ ਹੈ। ਸੁਪਰੀਮ ਕੋਰਟ ਨੇ ਮੈਡੀਕਲ ਅਮਲੇ ਦੀਆਂ ਸੁਰੱਖਿਆ ਦੀਆਂ ਜ਼ਰੂਰਤਾਂ ਅਤੇ ਆਮ ਭਲਾਈ ਦੇ ਮਾਮਲਿਆਂ ਨੂੰ ਘੋਖਣ ਲਈ ਇੱਕ 9 ਮੈਂਬਰੀ ‘ਨੈਸ਼ਨਲ ਟਾਸਕ ਫੋਰਸ’ ਦਾ ਗਠਨ ਵੀ ਕੀਤਾ ਹੈ। ਇਹ ਕਮੇਟੀ ਤਿੰਨ ਹਫਤਿਆਂ ਦੇ ਅੰਦਰ-ਅੰਦਰ ਆਪਣੀ ਰਿਪੋਰਟ ਦੇ ਦੇਵੇਗੀ। ਅਦਾਲਤ ਅਨੁਸਾਰ ਇਹ ਕਮੇਟੀ ਮੈਡੀਕਲ ਅਮਲੇ ਦੀ ਸੁਰੱਖਿਆ, ਕੰਮ ਹਾਲਤਾਂ ਅਤੇ ਆਮ ਭਲਾਈ ਦੇ ਮਸਲਿਆਂ ਦੇ ਹੱਲ ਲਈ ਸਿਫਾਰਸ਼ਾਂ ਕਰੇਗੀ। ਸੁਪਰੀਮ ਕੋਰਟ ਨੇ ਕਿਹਾ, ‘ਅਸੀਂ ਕਿਸੇ ਹੋਰ ਬਲਾਤਕਾਰ ਦੇ ਵਾਪਰਨ ਦੀ ਉਡੀਕ ਨਹੀਂ ਕਰ ਸਕਦੇ, ਸਾਨੂੰ ਇਨ੍ਹਾਂ ਮੁੱਦਿਆਂ ਨੂੰ ਸੁਲਝਾਉਣ ਲਈ ਅਗਾਊਂ ਕਦਮ ਚੁੱਕਣੇ ਹੋਣਗੇ।’ ਅਦਾਲਤ ਨੇ ਹੜਤਾਲ ‘ਤੇ ਗਏ ਸਿਹਤ ਅਮਲੇ ਨੂੰ ਅਪੀਲ ਵੀ ਕੀਤੀ ਕਿ ਉਹ ਆਪਣੇ ਕੰਮ ‘ਤੇ ਵਾਪਸ ਪਰਤ ਜਾਣ, ਉਨ੍ਹਾਂ ਦੇ ਮਸਲੇ ਨੂੰ ਇੱਕ ਕੌਮੀ ਚਿੰਤਾ ਦੇ ਤੌਰ ‘ਤੇ ਨਜਿੱਠਿਆ ਜਾਵੇਗਾ।

ਇਸ ਭਿਆਨਕ ਘਟਨਾ ਨੇ ‘ਦੇਸ਼ ਦੀ ਜਮੀਰ’ ਨੂੰ ਝੰਜੋੜ ਦਿੱਤਾ ਹੈ। ਸਰਬਉੱਚ ਅਦਾਲਤ ਨੇ ਭੀੜ ਵੱਲੋਂ ਹਸਪਤਾਲ ਦੀ ਭੰਨ ਤੋੜ ਕਰਨ, ਮਾਮਲੇ ਨੂੰ ਆਤਮ ਹੱਤਿਆ ਦਾ ਕੇਸ ਬਣਾਉਣ ਦੇ ਯਤਨ ਅਤੇ ਐਫ.ਆਈ.ਆਰ. ਵਿੱਚ ਦੇਰੀ ਕਰਨ ਦੇ ਮਾਮਲੇ ਵਿੱਚ ਪੱਛਮੀ ਬੰਗਾਲ ਸਰਕਾਰ ਦੀ ਵੀ ਖਿਚਾਈ ਕੀਤੀ। ਅਸਲ ਵਿੱਚ ਇਹ ਸਾਰੇ ਕੰਮ ਰਾਜ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਕਰਨ ਦੇ ਹਨ, ਜਿਹੜੇ ਸੁਪਰੀਮ ਕੋਰਟ ਨੂੰ ਕਰਨੇ ਪੈ ਰਹੇ ਹਨ। ਫਿਰ ਵੀ ਜਾਅਲੀ ਜਿਹੇ ਸਟੂਡੈਂਟ ਗੁੱਟ ਬਣਾ ਕੇ ਮਾਮਲੇ ਨੂੰ ਤੂਲ ਦੇਣ ਦੇ ਵਿਰੋਧੀ ਸਿਆਸੀ ਸਿਆਪਿਆਂ ਤੋਂ ਬਚਿਆ ਜਾਣਾ ਚਾਹੀਦਾ ਹੈ। ਜੇ ਇਸ ਮਸਲੇ ਨੇ ‘ਕੌਮੀ ਜ਼ਮੀਰ’ ਨੂੰ ਝੰਜੋੜਿਆਂ ਤਾਂ ਇਹ ਸਵਾਲ ਤਾਂ ਬਣਦਾ ਹੀ ਹੈ ਕਿ ਰਾਜਨੀਤਿਕ ਪਾਰਟੀਆਂ ਦੀ ਕੋਈ ‘ਕੌਮੀ ਜ਼ਮੀਰ’ ਹੈ ਵੀ ਜਾਂ ਨਹੀਂ? ਜੇ ਹੈ ਤਾਂ ਇਸ ਨੂੰ ਹੁਣ ਤਾਂ ਜਾਗ ਹੀ ਜਾਣਾ ਚਾਹੀਦਾ ਹੈ!

# ਮਿਡਵੈਸਟ ਪੰਜਾਬੀ ਗੌਲਫ ਐਸੋਸੀਏਸ਼ਨ ਨੇ ਕਰਵਾਇਆ ਗੌਲਫ ਟੂਰਨਾਮੈਂਟ

**ਸ਼ਿਕਾਗੋ:** ਮਿਡਵੈਸਟ ਪੰਜਾਬੀ ਗੌਲਫ ਐਸੋਸੀਏਸ਼ਨ ਨੇ ਲੰਘੇ ਐਤਵਾਰ ਇੱਥੋਂ ਦੀ ਸਬਰਬ ਹਾਫਮੈਨ ਅਸਟੇਟਸ ਦੇ ਹਾਈਲੈਂਡ ਵੁੱਡਜ਼ ਗੌਲਫ ਕੋਰਸ ਵਿੱਚ 13ਵਾਂ ਸਾਲਾਨਾ ਗੌਲਫ ਟੂਰਨਾਮੈਂਟ ਕਰਵਾਇਆ। ਇਸ ਟੂਰਨਾਮੈਂਟ ਵਿੱਚ ਇਲੀਨਾਏ ਸਟੇਟ ਤੋਂ ਇਲਾਵਾ ਵਿਸਕਾਨਸਿਨ ਅਤੇ ਆਇਓਵਾ ਸਟੇਟ ਤੋਂ ਵੀ ਗੌਲਫਰ ਪਹੁੰਚੇ ਹੋਏ ਸਨ। ‘ਟੂ ਮੈਨ ਸਕਰੈਂਬਲ’ ਯਾਨਿ ਦੋ-ਦੋ ਗੌਲਫਰਾਂ ਦੀ ਇੱਕ ਟੀਮ ਦੇ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਉਤੇ ਹਾਮਿਸ ਪਟੇਲ ਅਤੇ ਪ੍ਰੀਤੇਸ਼ ਪਟੇਲ ਰਹੇ। ਉਨ੍ਹਾਂ ਦਾ ਸਕੋਰ ਅੰਡਰ-10 ਸੀ। ਦੂਜੇ ਸਥਾਨ ਉਤੇ ਗੁਰਸਾਹਿਬ ਸਿੰਘ ਤੂਰ ਅਤੇ ਟੋਨੀ ਚਾਹਲ ਦੀ ਜੋੜੀ ਰਹੀ, ਜਿਨ੍ਹਾਂ ਦਾ ਸਕੋਰ ਅੰਡਰ-9 ਸੀ। ਇਸ ਤੋਂ ਇਲਾਵਾ ਲੰਮੀ ਡਰਾਈਵ ਲਈ ਗਿਆਰਵੇਂ ਹੋਲ ’ਤੇ ਅੰਗਦ ਵਿਰਕ ਅਤੇ ਪਿੰਨ ਦੇ ਨੇੜੇ ਸਤਾਰ੍ਹਵੇਂ ਹੋਲ ’ਤੇ ਗੁਰਸਾਹਿਬ ਸਿੰਘ ਤੂਰ ਜੇਤੂ ਰਹੇ।

ਇਸ ਟੂਰਨਾਮੈਂਟ ਵਿੱਚ 56 ਗੌਲਫਰਾਂ ਨੇ ਹਿੱਸਾ ਲਿਆ, ਜਿਨ੍ਹਾਂ ਨੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਮਿਡਵੈਸਟ ਪੰਜਾਬੀ ਗੌਲਫ ਐਸੋਸੀਏਸ਼ਨ ਸਾਲ 2012 ਤੋਂ ਇਹ ਟੂਰਨਾਮੈਂਟ ਕਰਵਾਉਂਦੀ ਆ ਰਹੀ ਹੈ। ਐਸੋਸੀਏਸ਼ਨ ਨੇ ਇੱਕ ਵਾਰ ਸਾਲ ਵਿੱਚ ਦੋ ਵਾਰ ਟੂਰਨਾਮੈਂਟ ਵੀ ਕਰਵਾਇਆ ਸੀ। ਇਸ ਵਾਰ ਦੇ ਟੂਰਨਾਮੈਂਟ ਵਿੱਚ ਵਿਸ਼ੇਸ਼ ਇਹ ਰਿਹਾ ਕਿ 22-23 ਨੌਜਵਾਨਾਂ ਨੇ ਸ਼ਮੂਲੀਅਤ ਕੀਤੀ, ਜੋ ਸਾਰੇ ਹੀ ਕਰੀਬ 35 ਸਾਲਾਂ ਦੇ ਆਸ-ਪਾਸ ਜਾਂ ਘੱਟ ਉਮਰ ਦੇ ਸਨ। ਉਨ੍ਹਾਂ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ। ਟੂਰਨਾਮੈਂਟ ਦੇ ਮੁੱਖ ਪ੍ਰਬੰਧਕਾਂ ਵਿੱਚ ਕਮਲਦੀਪ ਸਿੰਘ ਸੰਘਾ, ਡਾ. ਹਰਜਿੰਦਰ ਸਿੰਘ ਖਹਿਰਾ, ਮੁਖਤਿਆਰ ਸਿੰਘ (ਹੈਪੀ) ਹੀਰ, ਜਗਮੀਤ (ਜੈਸੀ) ਸਿੰਘ ਆਦਿ ਸ਼ੁਮਾਰ ਸਨ।

ਟੂਰਨਾਮੈਂਟ ਉਪਰੰਤ ਜੇਤੂ ਤੇ ਵਧੀਆ ਗੌਲਫਰਾਂ ਦੇ ਸਨਮਾਨ ਹਿੱਤ ‘ਟੱਚ ਆਫ ਸਪਾਈਸ’ ਇਟਾਸਕਾ ਵਿੱਚ ਇੱਕ ਸਨਮਾਨ ਸਮਾਗਮ ਅਤੇ ਰਾਤ ਦੇ ਖਾਣੇ ਦਾ ਇੰਤਜ਼ਾਮ ਕੀਤਾ ਗਿਆ ਸੀ। ਇਸ ਮੌਕੇ ਜੇਤੂਆਂ ਨੂੰ ਟਰਾਫੀ ਅਤੇ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਪੰਜਾਬੀ ਭਾਈਚਾਰੇ ਦੇ ਬਜ਼ੁਰਗ ਗੌਲਫਰ (ਕਰੀਬ 85 ਸਾਲ) ਸ. ਨਿਰਮਲ ਸਿੰਘ ਸਿੰਘਾ, ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੀ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਰਘਵਿੰਦਰ ਸਿੰਘ ਮਾਹਲ ਅਤੇ ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਨਰਿੰਦਰ ਸਿੰਘ ਸਰਾਂ ਦੇ ਹੱਥੋਂ ਜੇਤੂਆਂ ਨੂੰ ਟਰਾਫੀਆਂ ਦਿਵਾਈਆਂ ਗਈਆਂ।











ਇਸ ਮੌਕੇ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਲਖਵਿੰਦਰ ਸਿੰਘ, ਮੀਤ ਪ੍ਰਧਾਨ ਜਸਰੂਪ ਸਿੰਘ, ਸਾਬਕਾ ਪ੍ਰਧਾਨ- ਅਮਰਦੇਵ ਸਿੰਘ ਬੰਦੇਸ਼ਾ, ਬਲਵਿੰਦਰ ਸਿੰਘ ਚੱਠਾ, ਦੀਪਾ ਬੰਦੇਸ਼ਾ, ਖਜ਼ਾਨਚੀ ਅੰਮ੍ਰਿਤਪਾਲ ਮਾਂਗਟ; ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੇ ਬਿਕਰਮ ਸੋਹੀ, ਭੁਪਿੰਦਰ ਸਿੰਘ ਧਾਲੀਵਾਲ, ਵਿੱਕ ਸਿੰਘ; ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਲੱਕੀ ਸਹੋਤਾ ਤੇ ਜਿੰਦੀ ਦਿਆਲ; ਦਿਲਰਾਜ ਸਿੰਘ ਢੀਂਡਸਾ, ਬੱਬੀ ਬਾਠ, ਬਲਵਿੰਦਰ ਸਿੰਘ (ਏ-ਵਨ), ਡਾ. ਅਮਰਦੀਪ ਸਿੰਘ ਸੰਘਾ, ਹੈਰੀ ਕੰਗ ਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

# ਮਿਲਵਾਕੀ ਦੇ 'ਤੀਆਂ ਦੇ ਮੇਲੇ' ਵਿੱਚ ਲੱਗੀਆਂ ਖੂਬ ਰੌਣਕਾਂ

**ਮਿਲਵਾਕੀ, ਵਿਸਕਾਨਸਿਨ (ਪੰਜਾਬੀ ਪਰਵਾਜ਼ ਬਿਊਰੋ):** ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ ਦੇ ਬੀਬੀਆਂ ਦੇ ਗਰੁੱਪ ਵੱਲੋਂ ਲੰਘੇ ਦਿਨੀਂ ਕਰਵਾਏ ਗਏ ਤੀਆਂ ਦੇ ਮੇਲੇ ਵਿੱਚ ਖੂਬ ਰੌਣਕਾਂ







ਲੱਗਿਆਂ ਅਤੇ ਵੱਡੀ ਗਿਣਤੀ ਵਿੱਚ ਬੀਬੀਆਂ ਨੇ ਸ਼ਮੂਲੀਅਤ ਕਰਦਿਆਂ ਵੱਖ-ਵੱਖ ਰੰਗਾਂ ਦੀਆਂ ਪੇਸ਼ਕਾਰੀਆਂ ਨਾਲ ਇਸ ਨੂੰ ਯਾਦਗਾਰੀ ਬਣਾ ਦਿੱਤਾ। ਸਖੀਆਂ-ਸਹੇਲੀਆਂ ਨੇ ਦੂਰੋਂ-ਨੇੜਿਓਂ ਇਕੱਤਰ ਹੋ ਕੇ ਤੀਆਂ ਮਨਾਈਆਂ ਅਤੇ ਸਮਾਗਮ ਨੂੰ ਭਰਪੂਰ ਹੁੰਗਾਰਾ ਦਿੱਤਾ। ਤੀਆਂ ਦਾ ਇਹ ਪੰਜਵਾਂ ਮੇਲਾ ਸੀ। ਤੀਆਂ ਦੀਆਂ ਪ੍ਰਬੰਧਕ ਬੀਬੀਆਂ- ਹਰਪ੍ਰੀਤ ਚਾਹਲ, ਹਰਜਿੰਦਰ ਸੂਸ, ਪਿੰਕੀ ਸੰਧਾਵਾਲੀਆ, ਗੁਰਦੀਪ ਚਾਹਲ, ਜਸ ਕੌਰ, ਹਰਪ੍ਰੀਤ ਤੂਰ, ਮਨੀ ਤੂਰ, ਬਲਜੀਤ ਗਿੱਲ, ਰੀਨਾ ਔਲਖ, ਹਰਜੀਤ ਬੋਪਾਰਾਏ ਤੇ ਰਮਨ ਹਾਂਸੀ ਨੇ ਮੇਲਾ ਕਾਮਯਾਬ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਤੀਆਂ ਮਨਾਉਣ ਲਈ ਜੁੜੀਆਂ ਸਾਰੀਆਂ ਬੀਬੀਆਂ ਦਾ ਉਚੇਚਾ ਧੰਨਵਾਦ ਕੀਤਾ ਹੈ।

ਤੀਆਂ ਲਈ ਹਾਲ ਇਸ ਤਰ੍ਹਾਂ ਸਜਾਇਆ ਹੋਇਆ ਸੀ, ਜਿਵੇਂ ਕੋਈ ਵਿਆਹ ਧਰਿਆ ਹੋਵੇ। ਸਟੇਜ ਨੂੰ ਰੰਗ-ਬਰੰਗੇ ਪਰਦਿਆਂ ਅਤੇ ਸਾਜ-ਸਜਾਵਟ ਵਾਲੀ ਸਮੱਗਰੀ ਨਾਲ ਸ਼ਿੰਗਾਰਿਆ ਹੋਇਆ ਸੀ। ਫੁੱਲ-ਬੂਟਿਆਂ ਵਾਲੀਆਂ ਛਤਰੀਆਂ, ਚੁੰਨੀਆਂ ਆਦਿ ਨਾਲ ਵੀ ਪੂਰੀ ਸਜਾਵਟ ਕੀਤੀ ਹੋਈ ਸੀ। ਉਤੋਂ ਬੀਬੀਆਂ ਵੀ ਪੂਰਾ ਸੱਜ-ਫੱਬ ਕੇ ਪਹੁੰਚੀਆਂ ਹੋਈਆਂ ਸਨ। ਪੰਜਾਬ ਵਿੱਚ ਪੁਰਾਣੇ ਵੇਲਿਆਂ ਦੀਆਂ ਤ੍ਰਿੰਜਣਾਂ ਦਾ ਦ੍ਰਿਸ਼ ਪੇਸ਼ ਕਰਦੀ ਇੱਕ ਵੰਨਗੀ ਦੌਰਾਨ ਬੀਬੀਆਂ ਨੇ ਚੰਗਾ ਰੰਗ ਬੰਨ੍ਹਿਆ। ਕੋਈ ਜਣੀ ਚਰਖੇ 'ਤੇ ਤੰਦ ਪਾਉਂਦੀ ਸੀ ਅਤੇ ਕੋਈ ਫੁਲਕਾਰੀ ਕੱਢਦੀ ਸੀ। ਕੋਈ ਰੰਗ-ਬਰੰਗੀਆਂ ਝਾਲਰਾਂ ਵਾਲੀਆਂ ਪੱਖੀਆਂ ਝੱਲਦੀ ਨਜ਼ਰ ਆਉਂਦੀ, ਤਾਂ ਕੋਈ ਛੱਜ ਛੱਟਦੀ ਆਪੋ-ਆਪਣੀ ਵਾਰੀ ਮੁਤਾਬਕ ਪੰਜਾਬੀ ਸੱਭਿਆਚਾਰ ਨਾਲ ਜੁੜੀਆਂ ਬੋਲੀਆਂ ਤੇ ਟੱਪੇ ਗਾ ਗਾ ਖੁਸ਼ੀ ਦਾ ਇਜ਼ਹਾਰ ਕਰ ਰਹੀ ਸੀ। ਸਟੇਜ ਉਤੇ ਡਾਹੇ ਮੰਜੇ ਉਤੇ ਬਹਿ ਕੇ ਬੀਬੀਆਂ ਨੇ ਸਿੱਠਣੀਆਂ ਗਾਈਆਂ ਤੇ ਬੋਲੀਆਂ ਪਾਈਆਂ। ਢੋਲੀ ਜਦੋਂ ਢੋਲ ਉਤੇ ਡੱਗਾ ਲਾਉਂਦਾ ਅਤੇ ਡੀ.ਜੇ. ਵਾਲਾ ਸਰਦਾਰ ਮੁੰਡਾ ਜਦੋਂ ਗਾਣਾ ਵਜਾਉਂਦਾ ਤਾਂ ਦੂਹਰੇ ਮਨੋਰੰਜਨ ਦੀ ਛਹਿਬਰ ਲੱਗ ਜਾਂਦੀ। ਵਡੇਰੀ ਉਮਰ ਦੀਆਂ ਬੀਬੀਆਂ ਨੇ ਵੀ ਬੋਲੀਆਂ ਪਾਇਆ।

ਕੁਝ ਨੇ ਸਿਰ ਉਤੇ ਘੜੇ ਚੁੱਕ ਚੁੱਕ ਬੋਲੀਆਂ ਪਾਉਣ ਦੌਰਾਨ ਐਕਸ਼ਨ ਕਰ ਪਿੜ ਵਿੱਚ ਧਮੱਚੜ ਪਾਇਆ। ਧਾਰਾਂ ਚੋਣ ਅਤੇ ਚਾਟੀ ਵਿੱਚ ਪਾਈ ਮਧਾਣੀ ਨਾਲ ਦੁੱਧ ਰਿੜਕਣ ਦਾ ਦ੍ਰਿਸ਼ ਵੀ ਦਿਲਚਸਪ ਸੀ। ਵਣਜਾਰਣ ਵਾਲੇ ਲਿਬਾਸ ਵਿੱਚ ਇੱਕ ਬੀਬੀ ਨੇ ਹੱਥ ਵਿੱਚ ਪੀਪਾ, ਛਨਣੀ, ਚਿਮਟਾ ਆਦਿ ਫੜ ਕੇ ਅਤੇ ਸਿਰ ਉਤੇ ਤਸਲੇ ਜਿਹਾ ਭਾਂਡਾ ਰੱਖ ਕੇ ਹੋਕਾ ਦਿੱਤਾ ਤੇ ਗਿੱਧਾ ਪਾਇਆ। ਉਸ ਨੇ ਭਾਰੇ ਗਹਿਣੇ-ਗੱਟੇ ਪਾਏ ਹੋਏ ਸਨ ਤੇ ਪੈਰੀਂ ਜੁੱਤੀ ਵੀ ਨੋਕਦਾਰ ਸੀ। ਫਿਰ ਉਸ ਨੇ ਗੀਤ ਉਤੇ ਗਿੱਧਾ ਵੀ ਪਾਇਆ। ਮਨਮੀਤ ਕੌਰ ਤੇ ਇੱਕ ਹੋਰ ਬੀਬੀ ਨੇ ਬੋਲੀਆਂ ਅਤੇ ਗੀਤਾਂ ਨਾਲ ਮੇਲਣਾਂ ਦਾ ਮਨੋਰੰਜਨ ਕੀਤਾ ਤੇ ਉਨ੍ਹਾਂ ਨੂੰ ਨੱਚਣ ਵੀ ਲਾਇਆ। ਪ੍ਰੋਗਰਾਮ ਦੇ ਅਖੀਰ ਵਿੱਚ ਗਿੱਧੇ ਦਾ ਖੁੱਲ੍ਹਾ ਪਿੜ ਬੱਝਾ। ਵਿਆਹੀਆਂ, ਕੁਆਰੀਆਂ ਤੇ ਵਡੇਰੀ ਉਮਰ ਦੀਆਂ ਬੀਬੀਆਂ ਨੇ ਵੀ ਰੱਜ ਰੱਜ ਬੋਲੀਆਂ ਪਾਈਆਂ ਅਤੇ ਆਪਣਾ ਨੱਚਣ-ਗਾਉਣ ਦਾ ਚਾਅ ਲਾਹਿਆ। ਨਣਦਾਂ-ਭਰਜਾਈਆਂ, ਸਖੀਆਂ-ਸਹੇਲੀਆਂ, ਮਾਂਵਾਂ-ਸੱਸਾਂ ਦੀਆਂ ਤਾਰੀਫਾਂ ਤੇ ਮਿੱਠੀਆਂ ਮਿੱਠੀਆਂ ਨੋਕਾਂ-ਝੋਕਾਂ ਨਾਲ ਭਰਪੂਰ ਬੋਲ ਵੀ ਗੂੰਜ ਰਹੇ ਸਨ। ਮਾਹੌਲ ਪੂਰਾ ਪਰਿਵਾਰਕ ਤੇ ਖੁਸ਼ੀਆਂ ਵਾਲਾ ਬਣਿਆ ਹੋਇਆ ਸੀ।





ਕੁਝ ਬੀਬੀਆਂ ਇਸ ਤੀਆਂ ਦੇ ਮੇਲੇ ਵਿੱਚ ਦੇਰ ਪਿੱਛੋਂ ਸਬੱਬੀਂ ਮਿਲੀਆਂ ਹੋਣ ਕਾਰਨ ਇੱਕ-ਦੂਜੀ ਨਾਲ ਇਸ ਤਰ੍ਹਾਂ ਗਲ ਲੱਗ ਰਹੀਆਂ ਸਨ, ਜਿਵੇਂ ਵਿਹੜੇ ਨਾਨਕਾ ਮੇਲ ਆ ਢੁੱਕਾ ਹੋਵੇ; ਤੇ ਮਿਲਣ ਦੀ ਖੁਸ਼ੀ ਉਨ੍ਹਾਂ ਦੇ ਚਿਹਰਿਆਂ 'ਤੇ ਸਪਸ਼ਟ ਝਲਕ ਰਹੀ ਸੀ। ਗਹਿਣਿਆਂ, ਕੱਪੜਿਆਂ ਤੇ ਮਹਿੰਦੀ ਦੇ ਸਟਾਲ ਵੀ ਸਨ। ਕੱਪੜਿਆਂ ਦੇ ਸਟਾਲ ਉਤੇ ਕੁਝ ਬੀਬੀਆਂ ਇਸ ਤਰ੍ਹਾਂ ਕੱਪੜਾ ਵੇਖ ਰਹੀਆਂ ਸਨ, ਜਿਵੇਂ ਕਿਸੇ ਬਜਾਜੀ ਕੋਲ ਬੈਠੀਆਂ ਨਾਲੇ ਕੱਪੜੇ ਦੀ ਕਿਸਮ ਪੁੱਛ ਰਹੀਆਂ ਹੋਣ ਤੇ ਨਾਲੇ ਪ੍ਰਤੀ ਗਜ ਦਾ ਭਾਅ। ਦੂਜੇ ਪਾਸੇ ਜਲੇਬੀਆਂ ਦੇ ਨਾਲ ਨਾਲ ਗੋਲਗੱਪੇ, ਬੇਲਪੂਰੀ, ਸਮੋਸੇ, ਪਕੌੜੇ ਤੇ ਹੋਰ ਚਟਖਾਰਿਆਂ ਵਾਲੀਆਂ ਚੀਜ਼ਾਂ ਤੋਂ ਇਲਾਵਾ ਸਵਾਦੀ ਖਾਣਾ ਹਾਜ਼ਰ ਸੀ।

ਬੱਚਿਆਂ ਨੇ ਆਪੋ-ਆਪਣੇ ਉਮਰ ਵਰਗ ਗਰੁੱਪ ਵਿੱਚ ਵੱਖ-ਵੱਖ ਪੇਸ਼ਕਾਰੀਆਂ ਦੌਰਾਨ ਕੋਰਿਓਗ੍ਰਾਫੀ ਕੀਤੀ ਤੇ ਭੰਗੜਾ ਪਾਇਆ। ਕਾਲੇ ਕੁੜਤੇ-ਪਜਾਮਿਆਂ ਵਿੱਚ ਖੂੰਡੇ ਲਹਿਰਾਅ ਕੇ ਨੱਚਦੇ ਮੁੰਡਿਆਂ ਦੀ ਪੇਸ਼ਕਾਰੀ ਵੀ ਖੂਬ ਸੀ, ਇਸ ਵਿੱਚ ਕੁੜੀਆਂ ਵੀ ਸ਼ਾਮਲ ਸਨ। ਮੁੰਡੇ-ਕੁੜੀਆਂ ਦੀ ਇੱਕ ਹੋਰ ਟੀਮ ਦਾ ਗਿੱਧਾ-ਭੰਗੜਾ ਵੀ ਖੂਬ ਸੀ। ਇਹ ਟੀਮਾਂ ਭੰਗੜਾ ਰਾਈਮਜ਼ ਸ਼ਿਕਾਗੋ ਵੱਲੋਂ ਤਿਆਰ ਕਰਵਾਈਆਂ ਗਈਆਂ ਸਨ। ਖਾਸ ਗੱਲ ਇਹ ਵੀ ਸੀ ਕਿ ਪੀ.ਸੀ.ਓ. ਦੀਆਂ ਪ੍ਰਬੰਧਕ ਬੀਬੀਆਂ ਵੱਲੋਂ ਮਿਲਵਾਕੀ ਏਰੀਏ ਵਿੱਚ ਰਹਿੰਦੀਆਂ ਬਜ਼ੁਰਗ ਬੀਬੀਆਂ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ। ਜਿਨ੍ਹਾਂ ਟੀਮਾਂ ਜਾਂ ਬੱਚਿਆਂ, ਕੁੜੀਆਂ ਨੇ ਗਿੱਧਾ-ਭੰਗੜਾ ਪੇਸ਼ ਕੀਤਾ ਸੀ, ਉਨ੍ਹਾਂ ਨੂੰ ਬਜ਼ੁਰਗਾਂ ਦੇ ਹੱਥੋਂ ਗਿਫਟ ਦਿਵਾਏ ਗਏ। ਮਾਣ-ਤਾਣ ਮਿਲਣ 'ਤੇ ਬੀਬੀਆਂ ਵੀ ਖੁਸ਼ ਸਨ ਅਤੇ ਪ੍ਰਬੰਧਕ ਬੀਬੀਆਂ ਨੂੰ ਅਸੀਸਾਂ ਦੇ ਰਹੀਆਂ ਸਨ। ਸਟੇਜ ਹਰਪ੍ਰੀਤ ਚਾਹਲ ਨੇ ਸੰਭਾਲੀ। ਗੋਲਡਨ ਸਪਾਂਸਰਾਂ ਵਿੱਚ ਚਰਨਜੀਤ ਨਵੀ ਵੀ ਸ਼ਾਮਲ ਸੀ, ਜਦਕਿ 'ਡਰੀਮ ਡੈਕੋਰ' ਦੀ ਕਿਰਨ ਨੇ ਡੈਕੋਰੇਸ਼ਨ ਕੀਤੀ ਸੀ।

**Your Moment Photography**













# ਮਿਲਵਾਕੀ ਦੇ 'ਤੀਆਂ ਦੇ ਮੇਲੇ' ਦੀਆਂ ਕੁਝ ਯਾਦਗਾਰੀ ਤਸਵੀਰਾਂ



'ਤੀਆਂ ਦੇ ਮੇਲੇ' ਦੀਆਂ ਪ੍ਰਬੰਧਕ ਬੀਬੀਆਂ

























Sponsored Space

# ਪਾਣੀ ਦਾ ਆਦੇਸ਼

*ਇਸ ਸਾਲ ਗਰਮੀਆਂ ਦੌਰਾਨ ਅੱਤ ਦੀ ਗਰਮੀ ਵਿੱਚ ਦਿੱਲੀ ਸ਼ਹਿਰ ਦੇ ਬਾਸ਼ਿੰਦਿਆਂ ਨੂੰ ਜਿਸ ਤਰ੍ਹਾਂ ਪਾਣੀ ਦੀ ਕਿੱਲਤ ਨਾਲ ਜੂਝਣਾ ਪਿਆ ਹੈ, ਇਹ ਕੋਈ ਆਮ ਗੱਲ ਨਹੀਂ। ਦੂਜੇ ਪਾਸੇ ਆਬਾਂ ਦੀ ਧਰਤੀ ਪੰਜਾਬ ਵਿੱਚ ਹੀ ਪਾਣੀ ਸ਼ੁੱਧ ਨਾ ਮਿਲਣ ਕਰਕੇ ਹਜ਼ਾਰਾਂ ਲੋਕ ਕੈਂਸਰ, ਗੁਰਦੇ ਦੇ ਰੋਗ, ਪੇਟ ਦੀਆਂ ਬਿਮਾਰੀਆਂ ਅਤੇ ਚਰਮ-ਰੋਗਾਂ ਦੇ ਸ਼ਿਕਾਰ ਹੋ ਰਹੇ ਹਨ। ਅਨੇਕਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ। ਪਾਣੀ ਦਾ ਆਦੇਸ਼ ਹੈ, 'ਮੈਨੂੰ ਸਾਂਭ ਲਓ, ਪਲੀਤ ਨਾ ਕਰੋ; ਸੰਜਮ ਨਾਲ ਵਰਤੋ, ਕਿਉਂਕਿ ਮੈਂ ਚਲਾ ਗਿਆ ਤਾਂ ਵਾਪਸ ਨਹੀਂ ਪਰਤਾਂਗਾ!' "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥" ਜ਼ਿੰਦਗੀ ਦਾ ਆਧਾਰ ਪਾਣੀ ਹੈ- ਪਾਣੀ ਖਤਮ, ਕਹਾਣੀ ਖਤਮ! ਖ਼ੈਰ, ਕਿਸੇ ਸ਼ਖਸ ਨੇ ਕਿਹਾ ਸੀ, 'ਜ਼ਿੰਦਗੀ 'ਚ ਪਾਣੀ ਵਾਂਗ ਨਿਮਰਤਾ ਬਣਾਈ ਰੱਖੋ; ਕਿਉਂਕਿ ਪਾਣੀ ਨੀਵਾਣਾਂ ਵੱਲ ਨੂੰ ਵਗਦਾ ਹੈ ਤੇ ਰਸਤੇ ਆਪੇ ਬਣਦੇ ਜਾਂਦੇ ਹਨ।'*

ਅਹਿਮੀਅਤ

ਬਲਵਿੰਦਰ ਬਾਲਮ ਗੁਰਦਾਸਪੁਰ
ਫੋਨ: +91-9815625409



ਪਾਣੀ ਤੋਂ ਬਿਨਾ ਜੀਵਨ ਅਧੂਰਾ ਹੈ। ਪਾਣੀ ਜ਼ਿੰਦਗੀ 'ਚ ਨਿਰੰਤਰ ਵਹਿਣ ਦਾ ਆਦੇਸ਼ ਦਿੰਦਾ ਹੈ। 84 ਲੱਖ ਜੂਨਾਂ ਪਾਣੀ ਉੱਪਰ ਹੀ ਨਿਰਭਰ ਹਨ। ਪਾਣੀ ਇੱਕ ਪ੍ਰਾਕ੍ਰਿਤਿਕ ਅਤੇ ਜੀਵਨਦਾਈ ਸਾਧਨ ਹੈ। ਪਾਣੀ ਇੱਕ ਮਹੱਤਵਪੂਰਨ ਸੰਸਾਧਨ ਹੈ। ਪਾਣੀ ਜੜ੍ਹ ਚੇਤਨਾ ਦਾ ਸਵਾਮੀ ਹੈ। ਪਾਣੀ ਕੁਦਰਤ ਦੀ ਮੁੱਢ ਕਦੀਮੀ ਪਾਰਦਰਸ਼ੀ ਅਦਭੁਤ, ਅਨਮੋਲ, ਅਦੁੱਤੀ ਤੇ ਸ਼ੀਤਲ ਸੁੰਦਰ ਰਚਨਾ ਹੈ। ਤੜਪਦੇ ਜਾਂ ਜ਼ਖਮੀ ਪ੍ਰਾਣੀ ਨੂੰ ਸ਼ਾਂਤ/ਸੰਤੁਸ਼ਟ ਕਰਨ ਲਈ ਅਤੇ ਹਾਏ ਦੀ ਤ੍ਰਿਪਤੀ ਦਾ ਪਰਮਾਤਮਾ ਪਾਣੀ ਹੀ ਹੈ। ਸਾਰੀ ਧਰਤੀ ਪਾਣੀ ਦੀ ਪ੍ਰਭੂਸੱਤਾ ਰੂਪੀ ਥੰਮੀਆਂ ਉੱਪਰ ਸੁੰਦਰ ਸ੍ਰਿਸ਼ਟੀ ਨਾਲ ਸ਼ੋਭਨੀਏ ਹੈ। ਪਾਣੀ ਜ਼ਿੰਦਗੀ ਨੂੰ ਨਿਰੰਤਰ ਵਹਿਣ ਦਾ ਸੰਦੇਸ਼ ਦਿੰਦਾ ਹੋਇਆ ਨਿਮਰਤਾ ਅਤੇ ਅਭਿਵਾਦਨ ਦਾ ਸੂਚਕ ਹੋ ਜਾਂਦਾ ਹੈ।

ਸ੍ਰਿਸ਼ਟੀ ਦੀ ਸਮੁੱਚੀ ਹੋਂਦ ਦੀ ਸੁੰਦਰਤਾ, ਉਪਜਤਾ, ਖੁਸ਼ਹਾਲੀ, ਖੇੜਾ ਤੇ ਲੰਬੀ ਉਮਰ ਦਾ ਸੱਚਾ ਸਾਥੀ ਹੈ। ਪਾਣੀ ਹੀ ਹੈ ਜੋ ਅਗਨੀ ਨੂੰ ਸ਼ਾਂਤ ਕਰ ਸਕਦਾ ਹੈ। ਪਾਣੀ ਇੱਕ ਐਸਾ ਸਰਵੋਤਮ ਦੇਵਤਾ ਹੈ, ਜਿਸ ਦੇ ਅੱਗੇ ਗੰਦਲਾ ਪ੍ਰਸ਼ਾਦਿ ਚੜ੍ਹਾਉਣਾ ਇੱਕ ਮਹਾਂ ਪਾਪ ਹੈ। ਪਾਣੀ ਦੀ ਪਵਿੱਤਰਤਾ ਹੀ ਮਨੁੱਖ ਨੂੰ ਸਰੀਰਕ ਸੁੱਖ ਤੇ ਜੰਨਤ ਦਾ ਰਸਤਾ ਦੱਸਦੀ ਹੈ। ਕਿਸੇ ਵੀ ਜੜ੍ਹ ਨੂੰ ਪ੍ਰਫੁੱਲਤ ਹੋਣ ਲਈ ਖੁਸ਼ਹਾਲੀ ਦਾ ਅਸ਼ੀਰਵਾਦ ਪਾਣੀ ਹੀ ਦਿੰਦਾ ਹੈ। ਪਾਣੀ ਦਾ ਮੋਹ ਤਾਂ ਜੰਨਤ ਹੈ, ਪਰ ਇਸ ਦੀ ਦੁਸ਼ਮਣੀ ਬਰਬਾਦੀ ਕਰਦੀ ਹੈ। ਜਿਨ੍ਹਾਂ ਕੌਮਾਂ 'ਤੇ ਪਾਣੀ ਦੀਆਂ ਸ਼ੁਭਕਾਮਨਾਵਾਂ ਹਨ, ਉਨ੍ਹਾਂ ਨੇ ਸੁਖਦ ਜੀਵਨ ਪਾ ਕੇ ਤਰੱਕੀ ਦੀਆਂ ਮੰਜ਼ਿਲਾਂ ਛੂਹੀਆਂ ਹਨ। ਸਭ ਤੋਂ ਪਹਿਲਾਂ ਮਨੁੱਖ ਨੂੰ ਪਾਣੀ ਦੇ ਤੱਤਾਂ ਨੇ ਹੀ ਹੋਂਦ ਵਿੱਚ ਲਿਆਂਦਾ ਹੋਵੇਗਾ; ਜਿੱਥੇ ਪਾਣੀ ਨਹੀਂ, ਉੱਥੇ ਜੀਵਨ ਨਹੀਂ। ਜਿੱਥੇ ਪਾਣੀ ਦਾ ਪੱਧਰ ਬਿਲਕੁਲ ਘੱਟ ਜਾਂਦਾ ਹੈ, ਉੱਥੇ ਗੈਸਾਂ ਦੀ ਬਹੁਤਾਤ ਹੋਣ ਕਰਕੇ ਜਵਾਲਾ ਪੈਦਾ ਹੁੰਦੇ ਹਨ। ਪਾਣੀ ਦੇ ਘਟਦੇ ਪੱਧਰ ਨਾਲ ਗੈਸਾਂ ਦੀ ਬਹੁਤਾਤ ਧਰਤੀ ਨੂੰ ਨਸ਼ਟ ਕਰ ਦਿੰਦੀ ਹੈ।

ਵਧਦੀ ਜਨਸੰਖਿਆ ਅਤੇ ਵੱਖ-ਵੱਖ ਪਹਿਲੂਆਂ ਦੁਆਰਾ ਇਸ ਦੇ ਦੁਰ-ਉਪਯੋਗ ਕਾਰਨ ਪਾਣੀ ਦਾ ਪੱਧਰ ਘੱਟ ਰਿਹਾ ਹੈ। ਪਾਣੀ ਦੀ ਇੱਕ ਵਿਸ਼ੇਸ਼ ਮਹੱਤਤਾ ਹੈ। ਪਾਣੀ ਮਨੁੱਖ ਦੀ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਸਾਥ ਦਿੰਦਾ ਹੈ। ਵਿਗਿਆਨ ਤੋਂ ਲੈ ਕੇ ਧਾਰਮਿਕ, ਘਰੇਲੂ, ਸਮਾਜਿਕ, ਵਿਹਾਰਕ ਕਾਰਜਾਂ-ਸਮਾਗਮਾਂ ਵਿੱਚ ਪਾਣੀ ਦੀ ਵਿਸ਼ੇਸ਼ ਅਹਿਮੀਅਤ ਜੁਗਾਂ ਜੁਗੰਤਰਾਂ ਤੋਂ ਚਲਦੀ ਆ ਰਹੀ ਹੈ। ਖੇਤੀ ਕਾਇਨਾਤ ਤੋਂ ਮਨੁੱਖ ਦੀ ਖੂਬਸੂਰਤੀ ਲਈ ਪਾਣੀ ਦੀ ਮੁੱਖ ਭੂਮਿਕਾ ਹੈ।

ਜਲ ਸੰਸਾਧਨਾਂ ਦੇ ਨਿਯੋਜਨ, ਵਿਕਾਸ ਅਤੇ ਪ੍ਰਬੰਧਨ ਨੂੰ ਰਾਸ਼ਟਰੀ ਪੱਧਰ 'ਤੇ ਸੰਚਾਲਿਤ ਕਰਨ ਲਈ ਫੌਰੀ ਜ਼ਰੂਰਤ ਨੂੰ ਦੇਖਦਿਆਂ ਸੰਨ 1986 ਤੋਂ ਹੁਣ ਤੱਕ ਤਿੰਨ ਵਾਰ ਵੱਖ-ਵੱਖ ਜਲ ਵਿਸ਼ੇਸ਼ ਵਿਗਿਆਨੀਆਂ ਦੀ ਨਿਗਰਾਨੀ ਵਿੱਚ ਜਲ ਨੀਤੀ ਦੀ ਰੂਪ-ਰੇਖਾ ਤਿਆਰ ਕੀਤੀ ਗਈ। ਦੇਸ਼ ਦੀ ਪਹਿਲੀ ਜਲ ਨੀਤੀ ਸੰਨ 1986 ਵਿੱਚ ਅਤੇ ਦੂਸਰੀ ਸੰਨ 2002 ਵਿੱਚ ਲਾਗੂ ਕੀਤੀ ਗਈ, ਪਰ ਇੰਨਾ ਜਲ ਨੀਤੀਆਂ ਦੇ ਬਾਵਜੂਦ ਕਈ ਖਾਮੀਆਂ ਕਾਰਨ ਜਲ ਪੱਧਰ ਵਿੱਚ ਗਿਰਾਵਟ ਦਾ ਸਿਲਸਿਲਾ ਜਾਰੀ ਰਿਹਾ। ਨਦੀਆਂ-ਨਾਲੇ ਸੁੱਕਣ ਕਾਰਨ, ਜਲ ਪ੍ਰਦੂਸ਼ਣ ਵਧਣ ਦੇ ਕਾਰਨ, ਪਹਾੜੀ ਨਦੀਆਂ ਵਿੱਚ ਗੰਦਲਾ ਰੋੜ੍ਹ ਹੋਣ ਕਰਕੇ ਜਲ ਪ੍ਰਦੂਸ਼ਣ ਵਧਣ ਲੱਗ ਪਿਆ। ਭਾਰਤ ਦੀਆਂ ਪ੍ਰਸਿੱਧ ਨਦੀਆਂ ਵਿੱਚ ਗੰਦਗੀ ਸੁੱਟਣ ਕਰਕੇ, ਅਸਥੀਆਂ ਪ੍ਰਵਾਹਣ ਕਰਕੇ, ਧਾਰਮਿਕ ਰੀਤਾਂ-ਰਿਵਾਜਾਂ ਕਰਕੇ, ਸ਼ਹਿਰੀ ਕੂੜਾ-ਕਰਕਟ ਸੁੱਟਣ ਕਰਕੇ ਆਦਿ ਪਾਣੀਆਂ ਵਿੱਚ ਸੰਘਣੀ ਗੰਦਗੀ ਤੋਂ ਗਾਰ ਫੈਲਣੀ ਸ਼ੁਰੂ ਹੋ ਗਈ। ਇਸ ਕਰਕੇ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਜਲ ਨੀਤੀ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਤਾਂ ਕਿ ਨਦੀਆਂ-ਨਾਲਿਆਂ ਦੇ ਜਲ ਦੇ ਗੰਦਲੇਪਨ ਨੂੰ ਰੋਕਣ ਲਈ ਵੱਧ ਤੋਂ ਵੱਧ ਜਲ ਸੰਯੋਜਨ ਕੀਤੇ ਜਾ ਸਕਣ। ਭਾਰਤ ਸਰਕਾਰ ਦੇ ਜਲ ਸੰਸਾਧਨ ਮੰਤਰਾਲੇ ਵੱਲੋਂ ਇੱਕ ਹੋਰ ਨਵੀਂ ਜਲ ਨੀਤੀ ਤਿਆਰ ਕੀਤੀ ਗਈ, ਜਿਸ ਨੂੰ ਜਲ ਨੀਤੀ 2022 ਦਾ ਨਾਮ ਦਿੱਤਾ ਗਿਆ।

ਰਾਸ਼ਟਰੀ ਜਲ ਨੀਤੀ ਅਨੁਸਾਰ "ਜਲ ਸੰਸਾਧਨਾਂ ਨਿਯੋਜਨ ਵਿਕਾਸ ਅਤੇ ਪ੍ਰਬੰਧਨ ਰਾਸ਼ਟਰੀ ਦ੍ਰਿਸ਼ਟੀ ਕੌਮ ਨਾਲ ਸੰਚਾਲਿਤ ਕੀਤੇ ਜਾਣ ਦੀ ਜ਼ਰੂਰਤ ਹੈ। ਕੇਂਦਰ ਅਤੇ ਰਾਜ ਪੱਧਰ ਦੀਆਂ ਏਜੰਸੀਆਂ ਇੱਕ ਸ਼ਕਤੀਸ਼ਾਲੀ ਨੈਟਵਰਕ ਦੀ ਭੂਮਿਕਾ ਨਿਭਾਉਣ। ਉਪਯੋਗੀ ਜਲ ਸੰਸਾਧਨਾਂ ਨੂੰ ਹੋਰ ਜ਼ਿਆਦਾ ਉੱਪਰ ਚੁੱਕਣ ਲਈ ਇੱਕ ਨਦੀ ਨੂੰ ਦੂਸਰੀ ਨਦੀ ਨਾਲ ਜੋੜਿਆ ਜਾਏ। ਸਮੁੰਦਰ ਜਲ ਦੇ ਖਾਰੇ ਪਾਣੀ ਨੂੰ ਦੂਰ ਕਰਨ ਲਈ ਵਿਧੀਆਂ ਦੇ ਨਾਲ-ਨਾਲ ਬਾਰਿਸ਼ ਦੇ ਪਾਣੀ ਨੂੰ ਸੁਚੱਜੇ ਢੰਗ ਨਾਲ ਮੁੱਖ ਪਾਣੀ ਦੇ ਯੋਗ ਬਣਾਇਆ ਜਾਏ। ਇਸ ਲਈ ਰਾਸ਼ਟਰੀ ਪੱਧਰ 'ਤੇ ਖੋਜ ਤੇ ਵਿਕਾਸ ਨੂੰ ਹੋਰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ। ਹਾਈਡ੍ਰੋਲਾਜੀਕਲ ਇਕਾਈ ਦੇ ਲਈ ਜਲ ਸੰਸਾਧਨ ਵਿਕਾਸ ਤੇ ਪ੍ਰਬੰਧਨ ਦੀ ਯੋਜਨਾ ਤਹਿਤ ਨਦੀਆਂ, ਘਾਟੀਆਂ ਦੇ ਸੰਗਠਨਾਂ ਨੂੰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਜਿਸ ਜਗ੍ਹਾ 'ਤੇ ਪਾਣੀ ਦੀ ਕਮੀ ਹੈ, ਉਸ ਇਲਾਕੇ ਨੂੰ ਨਦੀਆਂ-ਨਾਲਿਆਂ ਨਾਲ ਜੋੜਿਆ ਜਾਏ। ਜਲ ਵੰਡ ਦੀ ਪ੍ਰਾਰਥਮਿਕਤਾ ਸਭ ਤੋਂ ਪਹਿਲਾਂ ਪੀਣ ਵਾਲੇ ਪਾਣੀ ਨੂੰ, ਫਿਰ ਸਿੰਚਾਈ, ਇਸਦੇ ਬਾਅਦ ਪਣ-ਬਿਜਲੀ, ਖੇਤੀਬਾੜੀ ਅਤੇ ਗੈਰ-ਉਦਯੋਗਾਂ ਆਦਿ ਨੂੰ ਕ੍ਰਮ ਵਿੱਚ ਕਰਨਾ ਚਾਹੀਦਾ ਹੈ। ਪਾਣੀ ਦੀ ਦੁਰ-ਉਪਯੋਗਤਾ ਨੂੰ ਰੋਕਿਆ ਜਾਏ। ਪੁਨਰ ਸਥਾਪਿਤ ਤੇ ਪੁਨਰਵਾਸ ਤੋਂ ਯੋਜਨਾ ਮੰਤਰੀ ਨਾਲ ਕੰਮ ਕੀਤਾ ਜਾਏ ਤਾਂ ਕਿ ਇਸਦਾ ਲਾਭ ਪ੍ਰਭਾਵਿਤ ਲੋਕਾਂ ਨੂੰ ਵੀ ਮਿਲ ਸਕੇ। ਸਤਹਾ ਵਾਲੇ ਪਾਣੀ ਤੇ ਧਰਤੀ ਵਿਚਲੇ ਪਾਣੀ ਦੀ ਗੁਣਵਤਾ 'ਤੇ ਨਿਗਰਾਨੀ ਰੱਖੀ ਜਾਵੇ। ਦੂਸ਼ਿਤ ਪਾਣੀ ਨੂੰ ਪ੍ਰਕ੍ਰਿਤਿਕ ਪਾਣੀ ਵਿੱਚ ਮਿਲਾਉਣ ਦੀ ਕੋਸ਼ਿਸ਼ ਕੀਤੀ ਜਾਏ। ਪਾਣੀ ਦੇ ਪੱਧਰ ਲਈ, ਇਸਦੇ ਬਚਾਓ ਲਈ ਪ੍ਰਚਾਰ, ਪ੍ਰਸਾਰ, ਸਿੱਖਿਆ, ਦੰਡ ਅਤੇ ਮਾਨ-ਸਨਮਾਨ ਦੇ ਜਰੀਏ ਜਲ ਬਚਾਓ ਚੇਤਨਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।"

ਧਰਤੀ ਵਿਚਲਾ ਪਾਣੀ ਮਿੱਠਾ ਹੁੰਦਾ ਹੈ, ਕਿਉਂਕਿ ਇਹ ਮਿੱਟੀ ਦੇ ਕਣਾਂ ਵਿੱਚ ਵਸਿਆ ਹੁੰਦਾ ਹੈ। ਇਹ ਗਰਭਿਤ ਪਾਣੀ ਹੁੰਦਾ ਹੈ। ਬਾਟਲਿੰਗ ਪਲਾਂਟਸ (ਬੋਤਲ ਉਪਯੋਗ) ਦੁਆਰਾ ਪਾਣੀ ਦੀ ਜ਼ਿਆਦਾ ਖਪਤ ਕਰਕੇ ਵੀ ਬਹੁਤ ਸਾਰਾ (ਲੱਖ ਟਨ) ਪਾਣੀ ਫਜ਼ੂਲ ਹੀ ਜਾਂਦਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਪਾਣੀ ਦਾ ਪੱਧਰ ਇਸ ਕਰਕੇ ਠੀਕ ਹੈ, ਕਿਉਂਕਿ ਉੱਥੇ ਨਦੀਆਂ-ਨਾਲਿਆਂ ਤੇ ਕੁਦਰਤੀ ਨਿਕਲਦੇ ਪਾਣੀਆਂ ਨੂੰ ਖੇਤੀ ਆਦਿ ਲਈ ਵਰਤਿਆ ਜਾਂਦਾ ਹੈ।

ਭਾਰਤ ਦੇ ਸੇਮ ਵਾਲੇ ਇਲਾਕੇ, ਗੰਦਲੇ ਦਰਿਆਈ ਇਲਾਕੇ, ਕੱਲਰੀ ਇਲਾਕੇ, ਗੰਦਲੇ ਨਾਲੇ ਵਾਲੇ ਇਲਾਕੇ ਵਿੱਚ ਲੱਖਾਂ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਕਿਉਂਕਿ ਓਧਰ ਪਿਛੜੇ ਇਲਾਕਿਆਂ ਵਿੱਚ ਸਾਫ-ਸੁਥਰੇ ਪਾਣੀ ਦੀ ਬਹੁਤ ਘਾਟ ਹੈ। ਵਿਸ਼ੇਸ਼ ਕਰਕੇ ਪੰਜਾਬ ਵਿੱਚ ਹੀ ਪਾਣੀ ਸ਼ੁੱਧ ਨਾ ਮਿਲਣ ਕਰਕੇ ਹਜ਼ਾਰਾਂ ਲੋਕ ਕੈਂਸਰ, ਗੁਰਦੇ ਦੇ ਰੋਗ, ਪੇਟ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਅਨੇਕਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ, ਤੇ ਇਹ ਸਿਲਸਿਲਾ ਜਾਰੀ ਹੈ। ਸਰਕਾਰ ਵੱਲੋਂ ਹਸਪਤਾਲ ਤਾਂ ਖੋਲ੍ਹੇ ਜਾ ਰਹੇ ਹਨ, ਪਰ ਪੀਣ ਵਾਲੇ ਪਾਣੀ ਦਾ ਹਾਲੇ ਤੱਕ ਮੁਕੰਮਲ ਸਹੀ ਯੋਜਨਾਬੱਧ ਖੋਜ ਪੂਰਵਕ ਢੰਗ ਨਾਲ ਹੱਲ ਨਹੀਂ ਲੱਭਿਆ ਜਾ ਸਕਿਆ।

ਭੌਤਿਕ ਮਾਪ ਅਨੁਸਾਰ ਪੀਣ ਵਾਲਾ ਸਾਫ ਪਾਣੀ ਸ਼ੀਤਲ ਗੰਦ ਰਹਿਤ ਹੋਣਾ ਚਾਹੀਦਾ ਹੈ। ਜੈਵਿਕ ਮਾਪ ਅਨੁਸਾਰ ਸ਼ੁੱਧ ਪੀਣ ਵਾਲੇ ਪਾਣੀ ਵਿੱਚ ਕੋਈ ਗੰਦਲਾ ਤੱਤ ਨਹੀਂ ਹੋਣਾ ਚਾਹੀਦਾ। ਕੈਲੀਫਾਰਮ ਫੋਕਟੀਰੀਆ 10 ਤੋਂ ਜ਼ਿਆਦਾ ਨਹੀਂ ਹੋਣੇ ਚਾਹੀਦੇ। ਅਸ਼ੁੱਧ ਪਾਣੀ ਵਿੱਚ ਕੈਲਸ਼ੀਅਮ, ਸਲਫੇਟ, ਲੋਹਾ, ਮੈਗਨੀਜ, ਤਾਂਬਾ, ਜਿੰਕ, ਸ਼ੀਸ਼ਾ, ਕੈਡੀਸ਼ੀਅ, ਪਾਰਾ ਅਤੇ ਹੋਰ ਰਸਾਇਣਕ ਪਦਾਰਥ ਆਦਿ ਪਾਏ ਜਾਂਦੇ ਹਨ। ਜੇਕਰ ਕੋਈ ਰੋਗ ਫੈਲਦਾ ਹੈ, ਉਸਦੇ ਰੋਗਾਣੂ ਪਾਣੀ ਵਿੱਚ ਘੁਲ ਕੇ ਬਿਮਾਰੀਆਂ ਫੈਲਾਉਂਦੇ ਹਨ। ਕੇਂਦਰ ਅਤੇ ਰਾਜ ਸਰਕਾਰਾਂ ਕਈ ਸ਼ੁੱਧ ਜਲ ਯੋਜਨਾਵਾਂ ਚਲਾ ਰਹੀਆਂ ਹਨ, ਪਰ ਵੱਡੇ ਪੱਧਰ ਦਾ ਖਰਚਾ ਆਉਣ ਕਰਕੇ ਅਧੂਰੀਆਂ ਹਨ।


ਭਾਰਤ ਜਲਵਾਯੂ ਦੀ ਦ੍ਰਿਸ਼ਟੀ ਨਾਲ ਮਾਨਸੂਨੀ ਪ੍ਰਦੇਸ਼ ਹੋਣ ਕਰਕੇ ਸਾਲ ਦੇ ਤਿੰਨ ਜਾਂ ਚਾਰ ਮਹੀਨੇ ਹੀ ਬਾਰਿਸ਼ ਹੁੰਦੀ ਹੈ। ਬਾਕੀ ਦੇ ਮਹੀਨੇ ਬਾਰਿਸ਼ ਨਾ ਹੋਣ ਕਰਕੇ ਬਹੁਤ ਸਾਰੇ ਭਾਗਾਂ ਵਿੱਚ ਧਰਾਤਲੀਏ ਜਲ ਦੀ ਕਮੀ ਰਹਿੰਦੀ ਹੈ। ਭਾਰੀ ਬਾਰਿਸ਼ ਵਾਲੇ ਇਲਾਕਿਆਂ ਵਿੱਚ ਵੀ ਖੁਸ਼ਕ ਮਹੀਨਿਆਂ ਵਿੱਚ ਪਾਣੀ ਦੀ ਕਮੀ ਰਹਿੰਦੀ ਹੈ।


ਉੱਤਰ ਦੇ ਟਟੀਏ (ਕਿਨਾਰੇ) ਮੈਦਾਨਾਂ ਵਿੱਚ ਭੂਮੀਗਤ ਪਾਣੀ ਦੇ ਵਿਸ਼ਾਲ ਭੰਡਾਰ ਪਾਏ ਜਾਂਦੇ ਹਨ। ਦੇਸ਼ ਦੇ ਦੂਸਰੇ ਭਾਗਾਂ ਵਿੱਚ ਪਾਣੀ ਦੀ ਬਹੁਤ ਕਮੀ ਪਾਈ ਜਾਂਦੀ ਹੈ। ਅਜੇ ਤੱਕ ਦੇਸ਼ ਦੇ ਹਰ ਇੱਕ ਪਿੰਡ ਵਿੱਚ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਵਿਵਸਥਾ ਨਹੀਂ ਹੋ ਸਕੀ ਹੈ। ਦੇਸ਼ ਦੇ ਕੁਝ ਇਲਾਕੇ ਤਾਂ ਅਜਿਹੇ ਹਨ, ਜਿੱਥੇ ਅੱਜ ਵੀ ਲੋਕਾਂ ਨੂੰ ਇੱਕ ਕਿਲੋਮੀਟਰ ਤੋਂ ਵੱਧ ਪੈਦਲ ਚੱਲ ਕੇ ਪਾਣੀ ਲਿਆਉਣਾ ਪੈਂਦਾ ਹੈ। ਸੰਪੂਰਨ ਜਲ ਸੰਸਾਧਨ ਦਾ ਅਧਿਐਨ, ਅਨੇਕ ਦ੍ਰਿਸ਼ਟੀਕੋਣ, ਜਿਸ ਵਿੱਚ ਨਦੀ-ਨਾਲੇ, ਨਿਕਾਸ ਪ੍ਰਣਾਲੀ, ਹੜ੍ਹ-ਔੜ ਦੀ ਸਮੱਸਿਆ ਸਿੰਚਾਈ ਪਰੀਯੋਜਨਾ ਆਦਿ ਦੀ ਸਖ਼ਤ ਜ਼ਰੂਰਤ ਹੈ। ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਭਾਗਾਂ ਵਿੱਚ ਸਮਤਲ ਭੂਮੀ ਹੋਣ ਕਾਰਨ ਵਿਕਾਸ ਕਾਰਜ (ਨਵੀਆਂ ਸੜਕਾਂ, ਰੇਲ ਤੇ ਨਹਿਰੀ ਮਾਰਗ) ਕਰ ਕੇ ਫਾਲਤੂ ਪਾਣੀ ਦਾ ਨਿਕਾਸ ਪੂਰੀ ਤਰ੍ਹਾਂ ਨਾਲ ਨਹੀਂ ਹੋ ਸਕਿਆ।

ਭਾਰਤ ਸਰਕਾਰ ਨੇ 1954 ਵਿੱਚ ਹੜ੍ਹਾਂ 'ਤੇ ਕਾਬੂ ਪਾਉਣ ਲਈ ਰਾਸ਼ਟਰੀ ਹੜ੍ਹ ਆਯੋਗ ਦੀ ਸਥਾਪਨਾ ਕੀਤੀ ਸੀ। ਹੜ੍ਹਾਂ ਨਾਲ ਨਿਪਟਣ ਲਈ ਤਿੰਨ ਪੱਧਰੀ ਯੋਜਨਾ ਪ੍ਰਸਤੁਤ ਕੀਤੀ ਸੀ, ਜਿਸ ਵਿੱਚ ਦਰਿਆਈ ਕਿਨਾਰੇ ਪੱਕੇ ਕਰਨਾ, ਦਰਿਆਈ ਮਾਰਗਾਂ ਨੂੰ ਵੰਡਣਾ, ਉੱਚੇ ਚਬੂਤਰੇ ਬਣਾਉਣਾ, ਪੌਦੇ ਲਗਾਉਣਾ, ਹੜ੍ਹ ਵਾਲੇ ਇਲਾਕਿਆਂ ਦਾ ਨਿਰਧਾਰਣ, ਹੜ੍ਹ ਸੁਰੱਖਿਆ ਅਤੇ ਭਵਿੱਖਵਾਣੀ ਦੇ ਸੰਕੇਤ ਦੇਣਾ ਤੇ ਢਲਾਣਾਂ ਉੱਪਰ ਬੰਨ੍ਹ ਆਦਿ ਢੰਗ ਅਪਨਾਏ ਗਏ।

ਦੇਖਿਆ ਜਾਏ ਤਾਂ ਖਾਸ ਕਰਕੇ ਏਸ਼ੀਅਨ ਦੇਸ਼ਾਂ ਵਿੱਚ ਹੀ ਪਾਣੀ ਦੀਆਂ ਜ਼ਿਆਦਾ ਸਮੱਸਿਆਵਾਂ ਹਨ। ਖਾਸ ਕਰਕੇ ਭਾਰਤ ਵਿੱਚ ਗੰਧਲੇ ਪਾਣੀ ਦਾ ਪ੍ਰਦੂਸ਼ਣ ਲਗਾਤਾਰ ਵਾਧਾ ਜਾ ਰਿਹਾ ਹੈ, ਘਰਾਂ, ਪਿੰਡਾਂ, ਸ਼ਹਿਰਾਂ ਦੀਆਂ ਗਲੀਆਂ-ਨਾਲੀਆਂ ਦੁਕਾਨਾਂ ਆਦਿ ਦਾ ਕੂੜਾ-ਕਰਕਟ ਨਦੀ-ਨਾਲਿਆਂ ਵਿੱਚ ਪ੍ਰਵੇਸ਼ ਕਰਦਾ ਹੈ। ਭਾਰਤੀ ਲੋਕਾਂ ਉੱਪਰ ਮੌਕੇ 'ਤੇ ਤੁਰੰਤ ਫੈਸਲੇ ਵਾਲਾ ਕਾਨੂੰਨ ਲਾਗੂ ਨਹੀਂ ਹੁੰਦਾ, ਹਰ ਵਿਅਕਤੀ ਕਾਨੂੰਨ ਦੀਆਂ ਧੱਜੀਆਂ ਉਡਾਉਂਦਾ ਨਜ਼ਰ ਆਉਂਦਾ ਹੈ, ਇਸ ਲਈ ਪਾਣੀ ਦੀ ਸ਼ੁੱਧਤਾ ਲਈ ਕੋਈ ਸਖ਼ਤ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ।







## ਕੁਰਬਾਨੀ ਦਾ ਮੁਆਵਜ਼ਾ

*ਹਰਦੀਪ ਸਿੰਘ ਹੈਪੀ ਪੰਡਵਾਲਾ*

ਘਰੇਲੂ ਝਗੜਿਆਂ ਦਾ ਸਤਾਇਆ ਇਨਸਾਨ ਫ਼ਕੀਰ, ਸਾਧ, ਸੰਤ ਬਣ ਜਾਂਦਾ ਏ (ਪਰ ਅੱਜ ਕੱਲ੍ਹ ਇਸ ਰਾਹ ਪੈਣਾ ਇੱਕ ਤਰ੍ਹਾਂ ਦਾ ਕਾਰੋਬਾਰ ਤੋਰਨ ਦੇ ਬਰਾਬਰ)। ਸਮਾਜ ਦਾ ਸਤਾਇਆ ਫ਼ਿਲਾਸਫ਼ਰ, ਦਾਰਸ਼ਨਿਕ, ਸਮਾਜ ਦੀਆਂ ਰਸਮਾਂ ਤੋੜਨ ਵਾਲਾ ਹੋ ਜਾਂਦਾ ਏ। ਹਕੂਮਤ-ਸੱਤਾ ਦਾ ਸਤਾਇਆ ਵਿਦਰੋਹੀ, ਬਾਗ਼ੀ ਬਣ ਜਾਂਦਾ ਏ। ਜਿਸ ਦੇਸ਼-ਖਿੱਤੇ 'ਚ ਵਿਦਰੋਹੀ ਵੱਧ ਗਿਣਤੀ 'ਚ ਹੋ ਜਾਣ ਤਾਂ ਸਮਝ ਲਈਏ ਕਿ ਉਥੇ ਦੀ ਸੱਤਾ ਬਹੁ-ਜ਼ਾਲਮ ਹੋ ਗਈ ਏ। ਕਈ ਸਾਲ ਪਹਿਲਾਂ ਇੱਕ ਪੱਤਰਕਾਰ ਸਾਥੀ ਵੱਲੋਂ ਦਿੱਤੀ ਕਿਤਾਬ ਪੜ੍ਹੀ ਸੀ, ਜਿਸ ਵਿੱਚ ਜ਼ਿਕਰ-ਏ-ਖ਼ਾਸ ਸੀ ਕਿ ਜਦੋਂ ਦੇਸ਼ 'ਚ ਕਰਫ਼ਿਊ ਲੱਗਦਾ ਸੀ ਤਾਂ ਇੱਕ ਰਾਸ਼ਟਰੀ ਸੰਤ ਇੱਕ ਸਾਲ ਲਈ ਮੌਨ ਵਰਤ ਰੱਖ ਲੈਂਦਾ ਸੀ। ਉਹ ਜਾਣਦਾ ਸੀ ਕਿ ਇਹ ਰੌਲਾ ਸਾਲ ਭਰ ਤਾਂ ਚੱਲੂਗਾ। ਬੋਲਿਆ ਤਾਂ ਸਰਕਾਰ ਨੇ ਜੇਲ੍ਹ ਡੱਕ ਦੇਣਾ। ਦੋਹਾਂ ਹੱਥਾਂ 'ਚ ਲੱਡੂ ਲਈ ਫਿਰਦਾ। ਉਹ ਨਾ ਬੋਲ ਕੇ ਹਕੂਮਤ ਦਾ ਖ਼ਾਸ ਅਤੇ ਵਿਦਰੋਹੀਆਂ ਦਾ ਹਮਦਰਦ ਬਣਿਆ ਰਿਹਾ; ਪਰ ਵਿਰਲੇ ਹੁੰਦੇ ਨੇ ਜਿਹੜੇ ਮਿਸ਼ਨ 'ਤੇ ਅਡੋਲ ਹੋ ਤੁਰਦੇ ਨੇ... ਸ਼ਹੀਦ ਊਧਮ ਸਿਓਂ, ਭਗਤ ਸਿਓਂ ਜਿਹੇ।

ਪੀਰ ਬੁੱਧੂ ਸ਼ਾਹ ਹੁਰਾਂ ਨੇ ਆਪਣੇ ਪੁੱਤ ਸ਼ਹੀਦ ਕਰਾ, ਪੀਰ ਭੀਖ਼ਮ ਸ਼ਾਹ ਦੀ ਦੂਰ-ਦ੍ਰਿਸ਼ਟੀ, ਗਨੀ ਖ਼ਾਂ-ਨਬੀ ਖ਼ਾਂ ਦੀ ਦੀਰਘ ਸੋਚ, ਸਾਈਂ ਮੀਆਂ ਮੀਰ ਜਿਹੇ ਔਲੀਏ-ਫ਼ੱਕਰ ਨਾ ਹੁੰਦੇ ਤਾਂ ਇਤਿਹਾਸ ਕੁਝ ਹੋਰ ਹੁੰਦਾ। ਇਹ ਇਤਿਹਾਸਕ ਤਵਾਰੀਖ਼ 'ਚ ਸਨਮਾਨਯੋਗ ਨਾਂ ਹਨ; ਪਰ ਦੂਜੇ ਬੰਨੇ ਚੰਦੂ, ਨੰਦੂ, ਗੰਗੂ, ਔਰੰਗਜ਼ੇਬ, ਬਾਬਰ ਦੇ ਨਾਵਾਂ ਨੂੰ ਸਦਾ ਲਾਹਨਤਾਂ ਨੇ। ਔਰੰਗਜ਼ੇਬ ਕਰੀਬ 88 ਸਾਲ ਦਾ ਹੋਇਆ, ਪਰ ਜ਼ਿੰਦਗੀ ਕੰਡਿਆਂ ਵਾਂਗ ਜੀਵੀ। ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ 42 ਸਾਲ ਸਰੀਰ 'ਚ ਰਹੇ... ਜੀਵਨ ਸੀ ਖ਼ੁਸ਼ਬੂਦਾਰ ਫੁੱਲਾਂ ਦੀ ਮਹਿਕ ਵਰਗਾ। ਕੁਝ ਮਹਿਕ ਤੇ ਦਿੱਤੀ, ਕੁਝ ਖੇੜਾ ਤਾਂ ਦਿੱਤਾ, ਕੁਝ ਮਸਤੀ ਤਾਂ ਮਿਲੀ, ਕਿਸੇ ਨੂੰ ਸੁਗੰਧੀ ਤਾਂ ਦਿੱਤੀ। ਪਰ ਕੰਡੇ ਨੇ ਕੀ ਦਿੱਤਾ? ਸਿਰਫ਼ ਛਲਣੀ ਕੀਤਾ। ਸਾਲਾਂ-ਸਦੀਆਂ ਬਾਅਦ ਮਹਿਕਾਂ ਦੇ ਵਣਜਾਰਿਆਂ ਦਾ ਅਕੀਦਤ ਨਾਲ ਜ਼ਿਕਰ ਕਰਨਾ ਹੀ ਉਨ੍ਹਾਂ ਦੀ ਕੁਰਬਾਨੀ ਦਾ ਅਸਲ ਮੁਆਵਜ਼ਾ ਏ; ਪਰ ਕੰਡੇ ਤਾਂ ਸਦੀਆਂ ਬਾਅਦ ਵੀ ਕੰਡੇ ਹੀ ਨੇ!



ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ)
SHER-E-PUNJAB SPORTS CLUB CHICAGO MIDWEST
ਸ਼ਿਕਾਗੋ ਕਬੱਡੀ ਕੱਪ 1 ਸਤੰਬਰ 2024
ਖੇਡ ਅਤੇ ਸੱਭਿਆਚਾਰਕ ਮੇਲਾ
ਐਤਵਾਰ, ਸਵੇਰੇ 10:30 ਤੋਂ ਦੇਰ ਸ਼ਾਮ ਤੱਕ
ਕਬੱਡੀ, ਵਾਲੀਬਾਲ ਤੇ ਰੱਸਾਕਸ਼ੀ ਦੇ ਮੁਕਾਬਲੇ ਹੋਣਗੇ
ਬੱਚਿਆਂ ਦੀਆਂ ਖੇਡਾਂ ਵੀ ਕਰਵਾਈਆਂ ਜਾਣਗੀਆਂ
ਬਸੀ ਵੁੱਡਜ਼ ਫਾਰੈਸਟ ਪ੍ਰੀਜ਼ਰਵ
ਐਲਕ ਗਰੂਵ (ਇਲੀਨਾਏ)
ਅਮਰਜੀਤ ਸਿੰਘ ਢੀਂਡਸਾ ਮੁੱਖ ਮਹਿਮਾਨ
ਲਖਬੀਰ ਸਿੰਘ ਢੀਂਡਸਾ ਮੁੱਖ ਮਹਿਮਾਨ
ਗੁਰਿੰਦਰਜੀਤ ਸਿੰਘ ਗਰੇਵਾਲ ਡਾਇਰੈਕਟਰ ਆਫ ਈਵੈਂਟ
ਬਲਦੇਵ ਸਿੰਘ ਸੱਲ੍ਹਾਂ ਚੇਅਰਮੈਨ
Hon. Michelle Mussman State Representative District # 56 Special Guest
Hon. Mary Beth Canty State Representative District # 54 Special Guest
Hon. Kevin B. Morrison Cook County Commissioner, Dist.# 15 Special Guest
ਵਿਸ਼ੇਸ਼ ਮਹਿਮਾਨ
ਜੇ.ਪੀ. ਖਹਿਰਾ
ਹੈਰੀ ਘੁਮਾਣ
ਅਮਰਬੀਰ ਘੁਮਾਣ
ਕੁਲਵੰਤ ਢਿੱਲੋਂ
ਬਿੱਲਾ ਢਿੱਲੋਂ
ਗੈਸਟ ਆਫ ਆਨਰ
ਐਮ. ਆਰ. ਦੂਬੇ ਐਡਵੋਕੇਟ
ਜਥੇਦਾਰ ਤਾਰਾ ਸਿੰਘ ਸੱਲ੍ਹਾਂ
ਭੋਲਾ ਸਿੰਘ ਧੰਮ
ਨਰਿੰਦਰ ਸਿੰਘ ਮੁੰਦਰ
ਜੱਸੀ ਸਹੋਤਾ
ਬੱਬੂ ਖੱਟੜਾ ਐਪਲਟਨ
ਹਰਦੀਪ ਸਿੰਘ ਭੱਟੀ
ਲਵ ਮਿਨਹਾਸ
ਸੰਨੀ ਸ਼ੇਰਗਿੱਲ
ਲਖਵਿੰਦਰ ਸੇਖੋਂ
ਕੰਵਰਵੀਰ ਕਵੀ
ਸੁਖਦੇਵ ਸਿੰਘ ਸਮਰਾ
ਅਮਰਜੀਤ ਚੀਮਾ
ਦੀਦਾਰ ਸਿੰਘ ਧਨੋਆ
ਹਰਜੀਤ ਹਰਮਨ ਗਾਇਕੀ ਦੇ ਖੁੱਲ੍ਹੇ ਅਖਾੜੇ ਰਾਹੀਂ ਮਨੋਰੰਜਨ ਕਰੇਗਾ
Free Entry
Free Food
Free Parking
ਪ੍ਰਧਾਨ
ਮੀਤ ਪ੍ਰਧਾਨ
ਲਖਵਿੰਦਰ ਸਿੰਘ 815-690-0941
ਜਸਰੂਪ ਸਿੰਘ 224-578-2939
ਬੋਰਡ ਮੈਂਬਰ
ਪਰਮਿੰਦਰ ਸਿੰਘ ਵਾਲੀਆ 847-477-1613
ਅਮਰਦੇਵ ਸਿੰਘ ਬੰਦੇਸ਼ਾ 708-612-7963
ਹਰਦੀਪ ਸਿੰਘ ਬੰਦੇਸ਼ਾ 815-546-0525
ਅੰਮ੍ਰਿਤਪਾਲ ਸਿੰਘ ਗਿੱਲ 920-460-1001
ਬਲਵਿੰਦਰ ਸਿੰਘ ਚੱਠਾ 630-523-3412
ਗੁਰਦੇਵ ਸਿੰਘ ਗਿੱਲ 847-271-7451
ਦਰਸ਼ਨ ਸਿੰਘ ਪੰਮਾਂ 847-561-7101
ਅੰਮ੍ਰਿਤਪਾਲ ਮਾਂਗਟ ਖਜ਼ਾਨਚੀ 847-890-0704
ਅਮਰਜੀਤ ਸਿੰਘ ਬੰਦੇਸ਼ਾ 815-474-5424
ਮਨਜਿੰਦਰ ਸਿੰਘ ਚੀਮਾ 815-261-2148
ਸਭ ਨੂੰ ਖੁੱਲ੍ਹਾ ਸੱਦਾ
ਪਰਿਵਾਰਾਂ ਨਾਲ ਆਓ
ਮੇਲੇ ਦੀ ਰੌਣਕ ਵਧਾਓ



ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ)
ਕਬੱਡੀ ਦਾ ਪਹਿਲਾ ਇਨਾਮ
THE ROYAL CLUB
Lakhvir S. Johal
Jassi Maan
Gurmeet S. Babbar
Gurpreet S. Gopi
San Khattra
ਕਬੱਡੀ ਦਾ ਦੂਜਾ ਇਨਾਮ
Amritpal gill
Sarbjit Singh
Satnam Gill
Swarn Singh
Davinder S. Dhami
Reminder Singh
Davinder S. Sarpanch
Rajvinder Singh (Raja)
Sumarjot Gill
ਕਬੱਡੀ ਦਾ ਤੀਜਾ ਇਨਾਮ
ਸੁਖਵਿੰਦਰ ਸਿੰਘ ਘੱਗਰ
ਸਤਪਾਲ ਸਿੰਘ
ਹਰਜਿੰਦਰ ਜਿੰਦੀ
ਭੁਪਿੰਦਰ ਟਿੰਕਾ
ਕੁਲਜੀਤ ਸਿੰਘ
ਜਰਨੈਲ ਮਿਆਣੀ
ਰਨਦੀਪ ਰਿੰਕੂ
ਕਬੱਡੀ ਦਾ ਚੌਥਾ ਇਨਾਮ
Mandeep Singh Lucky
Sandeep Singh
Abi Singh
Palwinder Singh
Jatinder Singh
Lovepreet Singh
Sibi Singh
ਵਾਲੀਬਾਲ ਦੇ ਇਨਾਮ ਢੀਂਡਸਾ ਪਰਿਵਾਰ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ
ਕਬੱਡੀ ਦੇ ਇੰਚਾਰਜ
ਵਿੱਕੀ ਸ਼ੰਮੀਪੁਰੀਆ
ਅਵਤਾਰ ਡੱਬ
ਵਾਲੀਬਾਲ ਦੇ ਇੰਚਾਰਜ
ਟੋਨੀ ਸੰਘੇੜਾ
ਹਰਜੀਤ ਬਿਲਿੰਗ
ਕਬੱਡੀ ਦੀ ਕੁਮੈਂਟਰੀ ਕਾਲਾ ਰਸ਼ੀਨ ਅਤੇ ਮੱਖਣ ਅਲੀ ਕਰਨਗੇ
ਪਲਾਟੀਨਮ ਸਪਾਂਸਰ
ਹਰਵਿੰਦਰ ਵਾਲੀਆ
ਦਰਸ਼ਨ ਸਿੰਘ ਦਰੜ
ਪ੍ਰਿਥਪਾਲ ਘੋਤੜਾ
ਹਰਵਿੰਦਰ ਕੰਗ
ਪਾਲ ਸਿੰਘ ਖ਼ਲੀਲ
ਗੁਰਮੀਤ ਸਿੰਘ ਸੱਲ੍ਹਾਂ
ਸਰਬਜੀਤ ਸਿੰਘ ਸੱਲ੍ਹਾਂ
ਲਖਵੀਰ ਸਿੰਘ ਸਹੋਤਾ
ਬਲਦੇਵ ਵਿਰਕ
ਗੁਰਚਰਨ ਸਿੰਘ ਭੱਜ
ਜੈਦੇਵ ਸਿੰਘ ਭੱਠਲ
ਸੁਖਰਾਜ ਸਿੰਘ ਤੱਖਰ
ਡਾ. ਵਿਕਰਮ ਗਿੱਲ
ਗੁਰਪ੍ਰੀਤ ਸਿੱਧੂ
ਅਮਰੀਕ ਸਿੰਘ ਸ਼ਿਕਾਗੋ
ਮੁਖਤਿਆਰ ਸਿੰਘ ਨੰਦੜਾ
ਚਰਨਜੀਤ ਸਮਰਾ
ਪਰਮਜੀਤ ਸਿੰਘ ਮਹਿਰਾਜ
ਦਪਿੰਦਰ ਸਿੰਘ ਧਾਲੀਵਾਲ
ਜਸਵੰਤ ਸਿੰਘ
ਬਲਜੀਤ ਸਿੰਘ
ਹਰਇੰਦਰਜੀਤ ਧਾਲੀਵਾਲ
ਗੁਰਮੀਤ ਸਿੰਘ ਬਾਠ
ਧਰਮਿੰਦਰ ਸਿੰਘ ਬਾਠ
ਕੁਲਦੀਪ ਛੱਟ
ਸਤਵਿੰਦਰ ਸਿੰਘ ਧਨੇਸਰ
ਕੁਲਦੀਪ ਸਿੰਘ ਲੰਗ
ਜੱਸੀ ਧਾਲੀਵਾਲ
ਰਿੰਪੀ ਖੱਟੜਾ
ਧਰਮਿੰਦਰ ਖੱਟੜਾ
ਰਾਣਾ ਵਿਰਕ
ਮਨਦੀਪ ਸਿੰਘ ਭੂਰਾ
ਬਲਦੇਵ ਰਾਜੂ
ਬੇਅੰਤ ਬੋਪਾਰਾਏ
ਵਿਕਰਮ ਸੋਹੀ
ਹਰਕਿਸ਼ਨ ਸਿੰਘ ਭੱਟੀ
ਡਾ. ਪਾਲ ਬੰਦੇਸ਼ਾ
ਪੰਮੀ ਗਰੇਵਾਲ
ਰਾਕੇਸ਼ ਰਿਹਾਨ
ਗੁਰਸ਼ਰਨ ਸਹੋਤਾ
ਗੁਰਸਾਹਿਬ ਸਿੰਘ ਤੂਰ
ਭੁਪਿੰਦਰ ਸੋਢੀ
ਹੈਪੀ ਸਿੰਘ ਹੀਰ
ਏ.ਜੇ. ਸੰਧੂ
PRADEEP SINGH
REALTOR
847 322 5832
847-241-4824
ishowhomes@yahoo.com
homeshowings365@gmail.com
www.pradeepsinghrealtor.com
20 S Roselle Rd Schaumburg IL 60193
Agent ID 242347
COLDWELL BANKER | REALTY
HARMINDER KAUR
Realtor
C:2248482686
harminder.kaur@cbrealty.com
www.harminderkaur.sites.cbmoxi.com
1212 S Naper Blvd Ste 122
Naperville, IL 60540
COLDWELL BANKER | REALTY
SERVING CHICAGOLAND & NORTHWEST SBURBS
RE/MAX
E-Mail: J.SINGH@REMAX.COM,
WEBSITE: JSINGH.REMAX.COM
REMAX SHOWCASE, LONG GROVE, IL 60060
JESSE SINGH
Ph: 847-606-3664

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ)

## ਗੋਲਡ ਸਪਾਂਸਰ



ਜਸਵਿੰਦਰ ਸਿੰਘ ਗਿੱਲ | ਨਾਜ਼ਰ ਸਿੰਘ ਗਿੱਲ | ਚਰਨਜੀਤ ਕਾਹਲੋਂ | ਹਰਜੀਤ ਸਿੰਘ ਗਿੱਲ | ਜਸਕਰਨ ਸਿੰਘ ਧਾਲੀਵਾਲ | ਪਰਮਿੰਦਰ ਮਾਂਗਟ | ਹਰਦੀਪ ਗਿੱਲ | ਜਰਨੈਲ ਸਿੰਘ ਮੱਲ੍ਹੀ | ਜਤਿੰਦਰ ਸਿੰਘ | ਗੁਰਮੀਤ ਧਾਲੀਵਾਲ | ਪਰਮਿੰਦਰ ਮੁਲਤਾਨੀ | ਅਜੈਬ ਸਿੰਘ ਲੱਖਣ



ਰਣਜੀਤ ਗਿੱਲ | ਮਨਜੀਤ ਸਿੰਘ | ਵਰਿੰਦਰ ਨਾਗਰਾ | ਪਰਮਿੰਦਰ ਸਿੱਧੂ | ਜਸਵੀਰ ਪੰਨੂ | ਬਿਕਰਮਜੀਤ ਸਿੰਘ ਸੇਖੋਂ | ਲਖਬੀਰ ਸਿੰਘ ਚੀਮਾ | ਸੁਖਦੇਵ ਸਿੰਘ ਕਾਹਲੋਂ | ਇੰਦਰ ਵਿਰਕ | ਜਸਬੀਰ ਰੰਧਾਵਾ | ਭੁਪਿੰਦਰ ਧਾਲੀਵਾਲ | ਸੰਤੋਖ ਸਿੰਘ ਛੀ ਸੀ



ਅਭੀ ਜੈਲਦਾਰ | ਸਨੀ ਗਿੱਲ | ਰਿਪਨ ਜ਼ੈਲਦਾਰ | ਤੇਜਿੰਦਰ ਸਿੰਘ | ਪੀਟਾ ਸਹੋਤਾ | ਗੁਰਨੇਕ ਸਿੰਘ ਬਸੰਤੀ | ਅਮਰਦੀਪ ਛੀਨਾ | ਗੁਰਮੀਤ ਅਰੋੜਾ | ਮੱਖਣ ਸਿੰਘ ਗਿੱਲ | ਕੁਲਵਿੰਦਰ ਸਿੰਘ | ਜੋਧ ਸਿੰਘ ਸਿੱਧੂ | ਡਾ. ਹਰਜਿੰਦਰ ਸਿੰਘ ਖਹਿਰਾ



ਡਾ. ਪਰਦੀਪ ਸਿੰਘ ਗਿੱਲ | ਸਰਵਣ ਸਿੰਘ ਬੋਲੀਨਾ | ਡਾ ਰਸ਼ਪਾਲ ਬਾਜਵਾ | ਰਘਵਿੰਦਰ ਮਾਹਲ | ਸਨੀ ਜੈਨ | ਗੁਰਦੇਵ ਸਿੰਘ ਮਾਣਕ | ਹਰਕੇਵਲ ਲਾਲੀ | ਕਸ਼ਮੀਰਾ ਸਿੰਘ | ਮਨਜੀਤ ਸਿੰਘ ਢਿੱਲੋਂ | ਇੰਦਰਜੀਤ ਸਿੰਘ ਮੁੱਕਰ | ਨਰਿੰਦਰ ਸਰਾਂ



ਸੁਖਜੀਤ ਸਿੰਘ ਢਿੱਲੋਂ | ਸੁਰਜੀਤ ਸਿੰਘ ਤੂਰ | ਗੁਰਦੇਵ ਸਿੰਘ ਜੌੜਾ | ਜਗਦੀਸ਼ਰ ਸਿੰਘ ਕਲੇਰ | ਬਲਬੀਰ ਸਿੰਘ ਸੈਣੀ | ਹਰਜੀਤ ਸਿੰਘ ਸੰਧਰ | ਹਰਵਿੰਦਰ ਲਾਲੀ ਸਿੱਧੂ | ਪਾਖਰ ਸਿੰਘ ਸਿੱਧੂ | ਹਰਭਜਨ ਸੰਧਾਵਾਲੀਆ | ਬਹਾਦਰ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰਜੀਤ ਸਿੰਘ ਸੰਧਰ

## Sher-E-Punjab Sports & Cultural Society Cincinnati (OHIO)



Charanjit Singh Brar | Amrik Singh Tiwana | Harvinder Walia | Harinder Singh Kang | Gurpreet Singh Gill | Gurminder Sandhu | Palwinder Dhillon | Jaswant Singh Jassi | Vineet Gupta



Surjeet Singh Mavi | Amarjit Aggarwal | Pritampaul Singh | Paramjit Singh Garcha | Happy Matot | Narinder Pal Tatla | Gurnek Singh | Harvinder Kang Binda | Happy Mundi



Surinder Cheema | Sukhdev Singh Garcha | Surmukh Singh Kang | Pamma Dhilwan | Simranjit Malhi | Raj Sandhu | Surinder Pal | Guru Dharni | Goldi Mundi



ਲੰਬੜਦਾਰ ਅਮਰਜੀਤ ਸਿੰਘ ਚਾਹਲ | ਜਗਜੀਤ ਸਿੰਘ ਢੀਂਡਸਾ | ਮਨਮਿੰਦਰ ਸਿੰਘ ਹੀਰ | ਲਾਲੀ ਪੰਧੇਰ

## ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ



ਅੰਮ੍ਰਿਤਪਾਲ ਸਿੰਘ ਸੰਘਾ ਪ੍ਰਧਾਨ | ਯਾਦਵਿੰਦਰ ਸਿੰਘ ਗਰੇਵਾਲ ਉਪ ਪ੍ਰਧਾਨ | ਲਵਦੀਪ ਸਿੰਘ ਦੁੱਲਤ ਜਨਰਲ ਸਕੱਤਰ | ਗੁਰਮੀਤ ਸਿੰਘ ਭੋਲਾ ਮੀਡੀਆ ਸਕੱਤਰ


**Mortgage Loans**
**Residential & Commercial**
(Licensed Mortgage Originator)
» Call: Amrik P. Singh
Serving Community from Last 14 Years
312-608-0006
asingh@gosfmc.com www.gosfmc.com
2700 Patriot Blvd., Suite 110 Glenview IL 60026
Solutions Financial Mortgage Company



NMLS #232904
EQUAL HOUSING LENDER

Deepak & Nikita Chandani | Ashok Chandani | Pritam & Priya Chandani
NP
**N.P. Jewelers, Inc.**
EXQUISITE 22KT GOLD, DIAMOND, POLKI & STUDDED JEWELRY
(773) 508-GOLD(4653)
(312)-522-8685


ਵਧੀਆ ਜਾਫੀ ਅਤੇ ਵਧੀਆ ਧਾਵੀ ਦਾ **'ਰੰਗਲਾ ਪੰਜਾਬ' ਐਪਲਟਨ ਵੱਲੋਂ** ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ)

## ਗੋਲਡ ਸਪਾਂਸਰ



ਲਖਬੀਰ ਸਿੰਘ ਸੰਧੂ, ਪਾਲ ਸਿੰਘ ਜੱਜ, ਬਲਵਿੰਦਰ ਸਿੰਘ ਢਿੱਲੋਂ, ਗੁਰਿੰਦਰ ਸਿੰਘ ਖਾਲਸਾ, ਸਤੀਸ਼ ਭਾਰਦਵਾਜ, ਪਰਮਜੀਤ ਸਿੰਘ ਪੰਮਾ, ਕਮਲ ਸੰਘਾ, ਤੇਜਵੀਰ ਸੰਧੂ, ਬਲਵਿੰਦਰ ਕਲਸੀ



ਸੁਰਜੀਤ ਗਰੇਵਾਲ, ਇੰਦਰਜੀਤ ਗਰੇਵਾਲ, ਪਰਦੀਪ ਸਲਵਾਨ, ਬਰੈਟੀ ਗਿੱਲ, ਹਰਮਨ ਧਾਮੀ, ਨਵੀ ਧਾਮੀ, ਜਗਜੀਤ ਝੱਜ, ਪਰਵਿੰਦਰ ਔਜਲਾ, ਪ੍ਰੀਤਮ ਸਿੰਘ ਸਿੱਧੂ




ਦਮਨਜੀਤ ਹਰੀਕਾ, ਰਮਨ ਪੋਪਲੀ, ਪਵਨ ਕਵਾਤੜਾ, ਹੈਰੀ ਪੋਪਲੀ, ਬਲਵਿੰਦਰ ਚੀਮਾ, ਜੋਰਾਵਰ ਸਿੰਘ, ਰਵਿੰਦਰ ਰਵੀ, ਸਿਕੰਦਰ ਬਿੱਟੂ, ਜਸਜੀਤ ਸਿੱਧੂ, ਨਿਧਾਨ ਸਿੰਘ



ਸਨੀ ਕੁਲਾਰ, ਸੁਖਵਿੰਦਰ ਨਾਗਰਾ, ਮਨਜੀਤ ਸਿੰਘ, ਨਿਰਪਿੰਦਰ ਸਿੰਘ, ਗੁਰਮੀਤ ਗਡਾਣੀ, ਅਮਰਜੀਤ ਗਡਾਣੀ, ਅਵਤਾਰ ਸਿੰਘ ਸੱਲ੍ਹਾਂ, ਮਲਕੀਤ ਸਿੰਘ ਸੱਲ੍ਹਾਂ, ਤਰਲੋਚਨ ਸਿੰਘ ਸੰਘਾ, ਜਗਮੋਹਨ ਸਿੰਘ ਬੇਗੋਵਾਲ, ਸੁਖਜਿੰਦਰ ਸਿੰਘ ਸੋਨੂੰ




ਹੌਬੀ ਗਰੇਵਾਲ, ਸਾਬੀ ਨਿਮਾਜੀਪੁਰ, ਹੈਰੀ ਟੁੱਟ, ਬਲਿਹਾਰ ਦੁਲਈ, ਜੱਗਾ ਬਾਜਵਾ, ਮੱਖਣ ਸਿੰਘ ਕਲੇਰ, ਰੰਮੀ ਗਰੇਵਾਲ, ਲੱਖੀ ਔਜਲਾ, ਕੁਲਵੰਤ ਸਿੰਘ ਨਾਗਰਾ

## ਸਵੇਰ ਦੇ ਖਾਣੇ ਦੇ ਸਪਾਂਸਰ



ਇੰਦਰਬੰਸ ਬਰਾੜ, ਜਪਤੇਜ ਔਲਖ, ਨਵਤੇਜ ਗਿੱਲ, ਸੁਰਿੰਦਰ ਪਾਂਗਲੀ, ਨਿਰਭੈਅ ਪਾਂਗਲੀ, ਰੇਸ਼ਮ ਸਿੰਘ

## ਖਾਣੇ ਦੀ ਸੇਵਾ ਕੇ.ਕੇ. ਪੰਮਾ ਵੱਲੋਂ



**ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ, ਗੁਰਦੁਆਰਾ ਸਾਹਿਬਾਨ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।**

## ਵਿਸ਼ੇਸ਼ ਆਕਰਸ਼ਣ

- ਇੰਡੀਅਨਐਪੋਲਿਸ ਦੀਆਂ ਰੱਸਾਕਸ਼ੀ ਦੀਆਂ ਦੋ ਟੀਮਾਂ ਦੇ ਮੁਕਾਬਲੇ ਸ਼ਿਕਾਗੋ ਅਤੇ ਮਿਲਵਾਕੀ ਦੀਆਂ ਟੀਮਾਂ ਨਾਲ ਹੋਣਗੇ
- ਬੱਚਿਆਂ ਦੇ ਦੌੜਾਂ ਦੇ ਮੁਕਾਬਲੇ ਕਰਵਾਏ ਜਾਣਗੇ
- ਬੀਬੀਆਂ ਦੇ ਮਿਊਜ਼ੀਕਲ ਚੇਅਰ ਮੁਕਾਬਲੇ ਹੋਣਗੇ ਅਤੇ ਕੱਪੜਿਆਂ ਤੇ ਗਹਿਣੇ-ਗੱਟਿਆਂ ਦੇ ਸਟਾਲ ਵੀ ਲਾਏ ਜਾਣਗੇ



ਫਿਲਮ ਨਿਰਮਾਤਾ ਅਤੇ ਨਿਰਦੇਸ਼ਕ ਮ੍ਰਿਦੂ ਚੰਦਰਾ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ। ਉਹ ਕਬੱਡੀ ਮੇਲੇ ਦੀ ਡਾਕੂਮੈਂਟਰੀ ਬਣਾਉਣਗੇ

SWERA Women Support Group ਸਵੇਰਾ SIKH WOMEN ERA

Fresh INDIAN GRILL Bring Flavor to Your Life
Jaswant Singh Owner
317.853.6550
info@freshindiangrill.com
freshindiangrill.com
1420 W Main St. Suite D Carmel, IN 46032

BHANGRA RHYMES

AJ Sandhu
ASHYANA BANQUETS & CATERING

Lakhvir Singh Johal
We do catering at home or business or private location.

ਪੰਜਾਬੀ ਪਰਵਾਜ਼ Punjabi Parwaz
ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

Apna
Pardeep Salwan President
Apna Foods Imports Co.
Wholesale Distributor of Indo/Pak/Nepali Foods
info@apnafoods.com
apnafoods@yahoo.com
pardeepsalwan@yahoo.com
360 S. Lombard Rd. Addison, IL 60101 (USA)
Ph: (630) 628-6666
Fax: (630) 628-6680
Cell: (630) 400-8080
www.apnafoods.com

# ਗੁਣਾਂ ਦੀ ਗੁਥਲੀ: ਹਾਕੀ ਖਿਡਾਰੀ ਰਾਜਿੰਦਰ ਸਿੰਘ ਸੀਨੀਅਰ

## ਤਕੜਾ ਖਿਡਾਰੀ, ਵੱਡਾ ਕੋਚ, ਚੰਗਾ ਇਨਸਾਨ ਤੇ ਅਸੂਲੀ ਬੰਦਾ

*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਖ਼ਿਡਾਰੀ ਵਜੋਂ ਓਲੰਪਿਕ ਚੈਂਪੀਅਨ ਬਣੇ ਅਤੇ ਕੋਚ ਵਜੋਂ ਵਿਸ਼ਵ ਵਿਜੇਤਾ ਬਣੇ ਹਾਕੀ ਖਿਡਾਰੀ ਰਾਜਿੰਦਰ ਸਿੰਘ ਬਾਰੇ ਸੰਖੇਪ ਵੇਰਵਾ ਹੈ। ਉਹ ਹਰ ਖੇਡ ਖੇਡਦਾ ਸੀ- ਹਾਕੀ, ਵਾਲੀਬਾਲ, ਫੁਟਬਾਲ। ਇੱਥੋਂ ਤੱਕ ਕਿ ਗੁੱਲੀ ਡੰਡਾ ਵਰਗੀਆਂ ਦੇਸੀ ਖੇਡਾਂ ਵਿੱਚ ਵੀ ਪੂਰੀ ਮੁਹਾਰਤ ਸੀ। 1983 ਵਿੱਚ ਗੋਡੇ ਦੀ ਸੱਟ ਕਾਰਨ ਰਾਜਿੰਦਰ ਸਿੰਘ ਨੇ ਕੌਮਾਂਤਰੀ ਕਰੀਅਰ ਨੂੰ ਅਲਵਿਦਾ ਆਖ ਦਿੱਤੀ। ਉਹ 200 ਦੇ ਕਰੀਬ ਮੈਚ ਖੇਡਿਆ।*

**ਖਿਡਾਰੀ ਪੰਜ-ਆਬ ਦੇ (24)**


ਨਵਦੀਪ ਸਿੰਘ ਗਿੱਲ
ਫੋਨ: +91-9780036216



ਰਾਜਿੰਦਰ ਸਿੰਘ ਸੀਨੀਅਰ ਹਾਕੀ ਦਾ ਜਿੰਨਾ ਤਕੜਾ ਖ਼ਿਡਾਰੀ ਹੋਇਆ, ਉਸ ਤੋਂ ਵੱਡਾ ਉਹ ਕੋਚ ਹੋਇਆ। ਉਸ ਤੋਂ ਵੀ ਵੱਡੀ ਗੱਲ ਉਹ ਚੰਗਾ ਇਨਸਾਨ ਤੇ ਅਸੂਲੀ ਬੰਦਾ ਹੈ। ਰਾਜਿੰਦਰ ਸਿੰਘ ਨੂੰ ਅਰਜੁਨਾ ਐਵਾਰਡ ਤੇ ਦਰੋਣਾਚਾਰੀਆ ਐਵਾਰਡ- ਦੋਵੇਂ ਹੀ ਮਿਲੇ ਹਨ। ਇਹ ਦੁਰਲੱਭ ਪ੍ਰਾਪਤੀ ਵਾਲਾ ਉਹ ਦੇਸ਼ ਦਾ ਇਕਲੌਤਾ ਖ਼ਿਡਾਰੀ ਹੈ। ਰਾਜਿੰਦਰ ਸਿੰਘ ਨੇ ਜਿੱਥੇ ਵੀ ਪੈਰ ਧਰਿਆ, ਸਫਲਤਾ ਹੀ ਹਾਸਲ ਕੀਤੀ। ਖੇਡਦਾ ਉਹ ਫੁੱਲਬੈਕ ਦੀ ਪੁਜੀਸ਼ਨ 'ਤੇ ਸੀ, ਪਰ ਪੈਨਲਟੀ ਕਾਰਨਰ ਮੁਹਾਰਤ ਕਾਰਨ ਟੀਮ ਲਈ ਉਹ ਫਾਰਵਰਡਾਂ ਤੋਂ ਵੀ ਵੱਧ ਗੋਲ ਕਰਦਾ ਸੀ। ਕਹਿੰਦੇ ਕਹਾਉਂਦੇ ਫਾਰਵਰਡ ਉਸ ਤੋਂ ਖ਼ੌਫ ਖ਼ਾਂਦੇ ਸਨ। ਪਾਕਿਸਤਾਨ ਦੇ ਮੰਨੇ ਪ੍ਰਮੰਨੇ ਸਟਰਾਈਕਰ ਹਸਨ ਸਰਦਾਰ ਦੀ ਰਾਜਿੰਦਰ ਸਾਹਮਣੇ ਬੱਸ ਹੋ ਜਾਂਦੀ ਸੀ। ਖ਼ਿਡਾਰੀ ਵਜੋਂ ਉਹ ਓਲੰਪਿਕ ਚੈਂਪੀਅਨ ਬਣਿਆ ਅਤੇ ਕੋਚ ਵਜੋਂ ਉਹ ਵਿਸ਼ਵ ਵਿਜੇਤਾ। ਰਾਜਿੰਦਰ ਸਿੰਘ ਵੱਲੋਂ ਮਾਸਕੋ ਓਲੰਪਿਕਸ ਵਿੱਚ ਜਿੱਤਿਆ ਸੋਨੇ ਦਾ ਤਮਗਾ ਭਾਰਤੀ ਟੀਮ ਦਾ ਆਖਰੀ ਓਲੰਪਿਕ ਸੋਨ ਤਮਗਾ ਹੈ। ਭਾਰਤੀ ਟੀਮ ਦਾ ਚੀਫ ਕੋਚ ਰਿਹਾ ਰਾਜਿੰਦਰ ਸਿੰਘ ਐੱਨ.ਆਈ.ਐੱਸ. ਪਟਿਆਲਾ ਦੇ ਚੀਫ ਕੋਚ ਦੇ ਅਹੁਦੇ ਤੋਂ ਰਿਟਾਇਰ ਹੋ ਕੇ ਪਹਿਲਾਂ ਮੱਧ ਪ੍ਰਦੇਸ਼ ਹਾਕੀ ਅਕੈਡਮੀ ਭੋਪਾਲ ਵਿਖੇ ਸਲਾਹਕਾਰ ਕੰਸਲਟੈਂਟ ਵਜੋਂ ਕੰਮ ਕੀਤਾ ਅਤੇ ਅੱਜ-ਕੱਲ੍ਹ ਉਹ ਪੰਜਾਬ ਵਿੱਚ ਹਾਕੀ ਲਈ ਕੰਮ ਕਰ ਰਹੀ ਸੰਸਥਾ ਰਾਊਂਡਗਲਾਸ ਵੱਲੋਂ ਸੇਵਾਵਾਂ ਨਿਭਾਅ ਰਹੇ ਹਨ।

ਰਾਜਿੰਦਰ ਨਾਂ ਨੂੰ ਵੀ ਬਲਬੀਰ ਸਿੰਘ ਤੇ ਬਲਜੀਤ ਸਿੰਘ ਵਾਂਗ ਬਖਸ਼ਿਸ਼ ਰਹੀ ਹੈ। ਭਾਰਤੀ ਹਾਕੀ ਵਿੱਚ ਤਿੰਨ ਰਾਜਿੰਦਰ ਸਿੰਘ ਹੋਏ ਹਨ। ਜਿਸ ਰਾਜਿੰਦਰ ਸਿੰਘ ਦੀ ਅਸੀਂ ਗੱਲ ਕਰ ਰਹੇ ਹਾਂ, ਉਸ ਨੂੰ ਸੀਨੀਅਰ ਤਖ਼ੱਲਸ ਵਜੋਂ ਜਾਣਿਆ ਜਾਂਦਾ ਹੈ। 1980 ਦੀ ਮਾਸਕੋ ਓਲੰਪਿਕ ਖੇਡਣ ਵਾਲੇ ਇਸ ਰਾਜਿੰਦਰ ਤੋਂ ਬਾਅਦ ਜਦੋਂ ਦੂਜਾ ਰਾਜਿੰਦਰ ਸਿੰਘ 1984 ਦੀ ਲਾਸ ਏਂਜਲਸ ਓਲੰਪਿਕ ਟੀਮ ਵਿੱਚ ਆਇਆ ਤਾਂ ਉਸ ਨੂੰ ਜੂਨੀਅਰ ਦਾ ਤਖ਼ੱਲਸ ਦਿੱਤਾ ਗਿਆ। ਉਸ ਤੋਂ ਬਾਅਦ 1988 ਦੀ ਸਿਓਲ ਓਲੰਪਿਕਸ ਵਿੱਚ ਇੱਕ ਹੋਰ ਰਾਜਿੰਦਰ ਆਇਆ, ਜਿਸ ਨੂੰ ਰਾਵਤ ਕਹਿੰਦੇ ਸਨ। ਚੌਥਾ ਰਾਜਿੰਦਰ ਸਿੰਘ ਸੰਧੂ ਯੁਗਾਂਡਾ ਦਾ ਸੀ, ਜਿਸ ਨੇ 1972 ਦੀਆਂ ਮਿਊਨਖ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ ਸੀ। ਰਾਜਿੰਦਰ ਸਿੰਘ ਸੀਨੀਅਰ ਦੀ ਇੱਕ ਗੱਲ ਬਲਬੀਰ ਸਿੰਘ ਸੀਨੀਅਰ ਨਾਲ ਮਿਲਦੀ ਹੈ। ਬਲਬੀਰ ਸਿੰਘ ਸੀਨੀਅਰ ਨੇ ਖਿਡਾਰੀ ਵਜੋਂ ਤਿੰਨ ਓਲੰਪਿਕ ਖੇਡਾਂ ਵਿੱਚ ਸੋਨੇ ਦੇ ਤਮਗੇ ਜਿੱਤੇ ਅਤੇ ਕੋਚ ਬਣਨ ਤੋਂ ਬਾਅਦ ਟੀਮ ਨੂੰ ਵਿਸ਼ਵ ਕੱਪ ਜਿਤਾਇਆ। ਰਾਜਿੰਦਰ ਸਿੰਘ ਸੀਨੀਅਰ ਨੇ ਵੀ ਪਹਿਲਾਂ ਓਲੰਪਿਕ ਖੇਡਾਂ ਵਿੱਚ ਇੱਕ ਸੋਨੇ ਦਾ ਤਮਗਾ ਜਿੱਤਿਆ ਅਤੇ ਫੇਰ ਬਤੌਰ ਕੋਚ ਜੂਨੀਅਰ ਵਿਸ਼ਵ ਕੱਪ ਜਿਤਾਇਆ। ਜਲੰਧਰ ਵਾਲਾ ਰਾਜਿੰਦਰ ਸਿੰਘ ਜੂਨੀਅਰ ਵੀ ਓਲੰਪਿਕ ਖੇਡਣ ਤੋਂ ਬਾਅਦ ਭਾਰਤੀ ਟੀਮ ਦਾ ਕੋਚ ਬਣਿਆ। ਪੰਜਾਬ ਐਂਡ ਸਿੰਧ ਬੈਂਕ ਵਾਲੇ ਇਸ ਰਾਜਿੰਦਰ ਸਿੰਘ ਨੂੰ ਵੀ ਦਰੋਣਾਚਾਰੀਆ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਰਾਜਿੰਦਰ ਸਿੰਘ ਦਾ ਜਨਮ 7 ਜਨਵਰੀ 1958 ਨੂੰ ਅੰਮ੍ਰਿਤਸਰ ਵਿਖੇ ਹੋਇਆ ਸੀ। ਉਸ ਦਾ ਜੱਦੀ ਸ਼ਹਿਰ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ (ਉਦੋਂ ਫਿਰੋਜ਼ਪੁਰ) ਹੈ। ਭਗਵੰਤ ਕੌਰ ਦੀ ਕੁੱਖੋਂ ਜਨਮੇ ਰਾਜਿੰਦਰ ਸਿੰਘ ਦੇ ਪਿਤਾ ਬਲਵੰਤ ਸਿੰਘ ਆਪਣੇ ਸਮੇਂ ਦੇ ਵਾਲੀਬਾਲ ਖ਼ਿਡਾਰੀ ਰਹੇ ਹਨ। ਰਾਜਿੰਦਰ ਸਿੰਘ ਹੁਰੀਂ ਛੇ ਭਰਾ ਤੇ ਦੋ ਭੈਣਾਂ ਸਨ। ਰਾਜਿੰਦਰ ਦਾ ਵੱਡਾ ਭਰਾ ਜਸਵਿੰਦਰ ਸਿੰਘ ਕੰਬਾਈਡ ਯੂਨੀਵਰਸਿਟੀ ਟੀਮ ਵੱਲੋਂ ਹਾਕੀ ਖ਼ੇਡਿਆ, ਜਦੋਂ ਇੱਕ ਹੋਰ ਭਰਾ ਸਰਬਜੀਤ ਸਿੰਘ ਵੀ ਸਪੋਰਟਸ ਕਾਲਜ ਜਲੰਧਰ ਵੱਲੋਂ ਫੁਟਬਾਲ ਖੇਡਦਾ ਰਿਹਾ। ਘਰ ਵਿੱਚ ਖੇਡਾਂ ਵਾਲਾ ਮਾਹੌਲ ਸੀ। ਜਲਾਲਾਬਾਦ ਦੇ ਸਰਕਾਰੀ ਸਕੂਲ ਤੋਂ ਮੁੱਢਲੀ ਸਿੱਖਿਆ ਹਾਸਲ ਕਰਦਿਆਂ ਉਹ ਹਰ ਖੇਡ ਖੇਡਦਾ ਸੀ- ਹਾਕੀ, ਵਾਲੀਬਾਲ, ਫੁਟਬਾਲ। ਇੱਥੋਂ ਤੱਕ ਕਿ ਗੁੱਲੀ ਡੰਡਾ ਵਰਗੀਆਂ ਦੇਸੀ ਖੇਡਾਂ ਵਿੱਚ ਵੀ ਪੂਰੀ ਮੁਹਾਰਤ ਸੀ। ਵੱਡੇ ਭਰਾ ਨੂੰ ਦੇਖਦਿਆਂ ਸਪੋਰਟਸ ਸਕੂਲ ਜਲੰਧਰ ਵਿਖੇ ਨੌਵੀਂ ਕਲਾਸ ਵਿੱਚ ਦਾਖਲਾ ਲੈਣ ਤੋਂ ਬਾਅਦ ਉਸ ਨੇ ਹਾਕੀ ਨੂੰ ਆਪਣੀ ਮੁੱਖ ਖੇਡ ਵਜੋਂ ਚੁਣ ਲਿਆ। ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਰਾਜਿੰਦਰ ਸਿੰਘ ਨੇ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਗਰੈਜੂਏਸ਼ਨ ਵਿੱਚ ਦਾਖਲਾ ਲੈ ਲਿਆ। 1976 ਵਿੱਚ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਖੇਡਦਿਆਂ ਕੁੱਲ ਹਿੰਦ ਅੰਤਰ 'ਵਰਸਿਟੀ ਟੂਰਨਾਮੈਂਟ ਜਿੱਤਿਆ ਅਤੇ ਸਿੱਧਾ ਜੂਨੀਅਰ ਭਾਰਤੀ ਹਾਕੀ ਟੀਮ ਵਿੱਚ ਚੁਣਿਆ ਗਿਆ। ਵੀਹ ਵਰ੍ਹਿਆਂ ਦੀ ਅੱਲ੍ਹੜ ਉਮਰੇ ਰਾਜਿੰਦਰ ਨੇ 1978 ਵਿੱਚ ਇੰਡੀਅਨ ਯੂਨੀਵਰਸਿਟੀਜ਼ ਟੀਮ ਵੱਲੋਂ ਨਹਿਰੂ ਹਾਕੀ ਚੈਂਪੀਅਨਸ਼ਿਪ ਅਤੇ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ। ਉਸ ਵੇਲੇ ਕੰਬਾਈਡ ਇੰਡੀਅਨ ਯੂਨੀਵਰਸਿਟੀਜ਼ ਟੀਮ ਵੱਲੋਂ ਖੇਡਣਾ ਸੀਨੀਅਰ ਭਾਰਤੀ ਟੀਮ ਵਿੱਚ ਖੇਡਣ ਦੇ ਬਰਾਬਰ ਸੀ। ਇਸ ਤੋਂ ਬਾਅਦ ਰਾਜਿੰਦਰ ਨੇ ਸਿੱਧੀ ਛਲਾਂਗ ਸੀਨੀਅਰ ਟੀਮ ਵਿੱਚ ਲਾਉਂਦਿਆਂ ਭਾਰਤ ਵੱਲੋਂ 1979 ਵਿੱਚ ਪਰਥ (ਆਸਟਰੇਲੀਆ) ਵਿਖੇ ਹੋਏ ਅਸਾਂਡਾ ਕੱਪ ਵਿੱਚ ਹਿੱਸਾ ਲਿਆ।



ਰਾਜਿੰਦਰ ਸਿੰਘ ਸੀਨੀਅਰ ਦਾ ਖੇਡ ਜੀਵਨ 1980 ਵਿੱਚ ਸਿਖਰ ਉਤੇ ਪਹੁੰਚ ਗਿਆ, ਜਦੋਂ ਉਸ ਨੇ ਮਾਸਕੋ ਓਲੰਪਿਕ ਖੇਡਾਂ ਵਿੱਚ ਭਾਰਤ ਲਈ ਸੋਨੇ ਦਾ ਤਮਗਾ ਜਿੱਤਿਆ। ਇਸ ਟੀਮ ਵਿੱਚ ਤਿੰਨ ਹੋਰ ਪੰਜਾਬੀ ਖ਼ਿਡਾਰੀ ਵੀ ਸਨ। ਸੁਰਿੰਦਰ ਸੋਢੀ, ਗੁਰਮੇਲ ਸਿੰਘ ਤੇ ਦਵਿੰਦਰ ਗਰਚਾ। ਸੁਰਿੰਦਰ ਸਿੰਘ ਸੋਢੀ 15 ਗੋਲ ਕਰਕੇ ਟਾਪ ਸਕਰੋਰ ਰਿਹਾ ਸੀ। ਰਾਜਿੰਦਰ ਨੇ ਕਿਊਬਾ ਵਿਰੁੱਧ ਮੈਚ ਵਿੱਚ ਦੋ ਗੋਲ ਵੀ ਕੀਤੇ ਸਨ। 1981-82 ਵਿੱਚ ਪਹਿਲਾ ਏਸ਼ੀਆ ਕੱਪ ਪਾਕਿਸਤਾਨ ਦੀ ਧਰਤੀ 'ਤੇ ਖ਼ੇਡਿਆ ਗਿਆ। ਕਰਾਚੀ ਵਿਖੇ ਖੇਡੇ ਗਏ ਏਸ਼ੀਆ ਕੱਪ ਵਿੱਚ ਭਾਰਤੀ ਟੀਮ ਉਪ ਜੇਤੂ ਰਹੀ। ਏਸ਼ੀਆ ਕੱਪ ਜਿੱਤਣ ਦੀ ਹਸਰਤ ਰਾਜਿੰਦਰ ਸਿੰਘ ਨੇ ਦੋ ਦਹਾਕਿਆਂ ਬਾਅਦ 2003 ਵਿੱਚ ਪੂਰੀ ਕੀਤੀ ਸੀ, ਜਦੋਂ ਉਸ ਨੇ ਆਪਣੀ ਕੋਚਿੰਗ ਵਿੱਚ ਭਾਰਤ ਨੂੰ ਕੁਆਲਾ ਲੰਪਰ ਵਿਖੇ ਪਲੇਠਾ ਏਸ਼ੀਆ ਕੱਪ ਜਿਤਾਇਆ ਸੀ।

ਬੰਬਈ ਵਿਖੇ 1981-82 ਵਿੱਚ ਪੰਜਵਾਂ ਵਿਸ਼ਵ ਕੱਪ ਖੇਡਿਆ ਗਿਆ। ਰਾਜਿੰਦਰ ਸਿੰਘ ਦੀ ਖੇਡ ਦਾ ਜਾਦੂ ਸਿਰ ਚੜ੍ਹ ਕੇ ਬੋਲਿਆ। ਪੂਲ ਮੈਚਾਂ ਵਿੱਚ ਰਾਜਿੰਦਰ ਨੇ ਦੋ ਹੈਟਟ੍ਰਿਕਾਂ ਜੜੀਆਂ ਅਤੇ ਕੁੱਲ 12 ਗੋਲ ਕੀਤੇ। ਉਹ ਵਿਸ਼ਵ ਕੱਪ ਵਿੱਚ ਪਾਕਿਸਤਾਨ ਦੇ ਕਲੀਮਉਲਾ ਖਾਨ ਦੇ ਨਾਲ ਸਾਂਝੇ ਤੌਰ ਉਤੇ ਟਾਪ ਸਕੋਰਰ ਰਿਹਾ। 1982 ਵਿੱਚ ਹਾਲੈਂਡ ਦੇ ਸ਼ਹਿਰ ਐਮਸਟਰਡਮ ਵਿਖੇ ਖੇਡੀ ਚੈਂਪੀਅਨਜ਼ ਟਰਾਫੀ ਵਿੱਚ ਭਾਰਤੀ ਟੀਮ ਨੇ ਪਹਿਲੀ ਵਾਰ ਕਾਂਸੀ ਦਾ ਤਮਗਾ ਜਿੱਤਿਆ। ਪਾਕਿਸਤਾਨ ਵਿਰੁੱਧ ਮੈਚ ਵਿੱਚ ਰਾਜਿੰਦਰ ਨੇ ਹੈਟਟ੍ਰਿਕ ਜੜੀ। ਰਾਜਿੰਦਰ ਵੱਲੋਂ 25ਵੇਂ, 30ਵੇਂ ਅਤੇ 46ਵੇਂ ਮਿੰਟ ਵਿੱਚ ਕੀਤੇ ਗੋਲਾਂ ਦੀ ਬਦੌਲਤ ਭਾਰਤ ਨੇ ਪਾਕਿਸਤਾਨ ਨੂੰ 5-4 ਨਾਲ ਹਰਾਇਆ। ਟੂਰਨਾਮੈਂਟ ਤੋਂ ਪਹਿਲਾਂ ਪਾਕਿਸਤਾਨ ਦੀ ਮਸ਼ਹੂਰ ਹਾਕੀ ਕੰਪਨੀ 'ਕਰਾਚੀ ਕਿੰਗ' ਦੇ ਖ਼ਵਾਜ਼ਾ ਨੇ ਰਾਜਿੰਦਰ ਨੂੰ ਆਪਣੀ ਕੰਪਨੀ ਦੀਆਂ ਹਾਕੀਆਂ ਭੇਂਟ ਕੀਤੀਆਂ। ਉਸੇ ਕਰਾਚੀ ਕਿੰਗ ਦੀ ਹਾਕੀ ਦਾ ਕ੍ਰਿਸ਼ਮਾ ਦਿਖਾਉਂਦਿਆਂ ਰਾਜਿੰਦਰ ਨੇ ਪਾਕਿਸਤਾਨ ਖਿਲਾਫ ਹੈਟਟ੍ਰਿਕ ਜੜੀ। ਇਸ ਮੈਚ ਦੌਰਾਨ ਰਾਜਿੰਦਰ ਨੇ ਇੱਕ ਮੌਕੇ ਇੰਨੀ ਜ਼ੋਰਦਾਰ ਹਿੱਟ ਜੜੀ ਕਿ ਪਾਕਿਸਤਾਨ ਦੇ ਸਟਾਰ ਸਟਰਾਈਕਰ ਕਲੀਮਉੱਲਾ ਖ਼ਾਨ ਦੀ ਬਾਂਹ ਟੁੱਟ ਗਈ, ਜਿਸ ਨੂੰ ਕੁਰਲਾਉਂਦੇ ਹੋਏ ਮੈਚ ਛੱਡਣਾ ਪਿਆ। ਰਾਜਿੰਦਰ ਸਿੰਘ ਕਲੀਮਉੱਲਾ ਨੂੰ ਆਪਣਾ ਜਿਗਰੀ ਯਾਰ ਦੱਸਦਾ ਹੈ, ਜਿਸ ਦੀ ਬਾਂਹ ਦੀ ਹੱਡੀ ਟੁੱਟਣ ਦਾ ਉਸ ਨੂੰ ਵੀ ਦੁੱਖ ਹੋਇਆ। ਰਾਜਿੰਦਰ ਸਿੰਘ ਦੱਸਦਾ ਹੈ, "ਕਲੀਮਉੱਲਾ ਫਾਰਵਰਡ ਤੇ ਮੈਂ ਫੁੱਲਬੈਕ ਹੋਣ ਕਰਕੇ ਹਰ ਭਾਰਤ-ਪਾਕਿਸਤਾਨ ਮੈਚ ਵਿੱਚ ਸਾਡਾ ਮੁਕਾਬਲਾ ਹੁੰਦਾ ਸੀ। ਅਸੀਂ ਦੋਵੇਂ ਇੱਕ-ਦੂਜੇ ਨੂੰ ਬਹੁਤ ਛੇੜਦੇ ਹੁੰਦੇ ਸੀ।'" ਰਾਜਿੰਦਰ ਸਿੰਘ ਉਸ ਨੂੰ ਛੇੜਦਾ ਹੋਇਆ ਕਹਿੰਦਾ ਹੁੰਦਾ ਸੀ, "ਓਏ ਕਲੀਮਉੱਲਿਆ, ਆ ਜਾ ਆ ਕੇ ਗੋਲ ਕਰ ਕੇ ਦੇਖ।" ਅੱਗਿਓਂ ਉਹ ਵੀ ਜਵਾਬ ਦਿੰਦਾ, "'ਆ ਜਾ ਸਰਦਾਰਾ ਤੈਨੂੰ ਵੀ ਦੇਖ ਲਵਾਂਗੇ।'" ਪਾਕਿਸਤਾਨ ਦਾ ਹਸਨ ਸਰਦਾਰ ਵੀ ਰਾਜਿੰਦਰ ਦੀ ਖੇਡ ਦਾ ਮੁਰੀਦ ਸੀ ਅਤੇ ਉਹ ਵੀ ਰਾਜਿੰਦਰ ਨੂੰ ਡਾਜ਼ ਦੇ ਕੇ ਗੋਲ ਕਰਨਾ ਦੇਣਾ ਟੇਢੀ ਖੀਰ ਸਮਝਦਾ ਸੀ।



ਰਾਜਿੰਦਰ ਸਿੰਘ ਨੇ ਆਖਰੀ ਵੱਡੇ ਟੂਰਨਾਮੈਂਟ 1982 ਦੀਆਂ ਏਸ਼ਿਆਈ ਖੇਡਾਂ ਵਿੱਚ ਹਿੱਸਾ ਲਿਆ ਸੀ, ਜਿੱਥੇ ਭਾਰਤ ਫ਼ਾਈਨਲ ਵਿੱਚ ਪਾਕਿਸਤਾਨ ਹੱਥੋਂ ਹਾਰਿਆ ਅਤੇ ਚਾਂਦੀ ਦਾ ਤਮਗ਼ਾ ਜਿੱਤਿਆ। 1983 ਵਿੱਚ ਗੋਡੇ ਦੀ ਸੱਟ ਕਾਰਨ ਰਾਜਿੰਦਰ ਸਿੰਘ ਨੇ ਕੌਮਾਂਤਰੀ ਕਰੀਅਰ ਨੂੰ ਅਲਵਿਦਾ ਆਖ ਦਿੱਤੀ। ਉਹ 200 ਦੇ ਕਰੀਬ ਮੈਚ ਖੇਡਿਆ ਅਤੇ 40 ਦੇ ਕਰੀਬ ਗੋਲ ਕੀਤੇ। ਘਰੇਲੂ ਪੱਧਰ 'ਤੇ ਉਸ ਨੇ ਰੇਲਵੇ ਵੱਲੋਂ ਲੰਬਾ ਸਮਾਂ ਹਾਕੀ ਖੇਡੀ।

ਖਿਡਾਰੀ ਵਜੋਂ ਆਪਣੀ ਪਾਰੀ ਖੇਡਣ ਤੋਂ ਬਾਅਦ ਰਾਜਿੰਦਰ ਸਿੰਘ ਨੇ ਐਨ.ਆਈ.ਐਸ. ਤੋਂ ਕੋਚਿੰਗ ਦਾ ਡਿਪਲੋਮਾ ਕਰ ਕੇ ਸਾਈ ਦੀ ਨੌਕਰੀ ਜੁਆਇੰਨ ਕਰ ਕੇ ਖਿਡਾਰੀਆਂ ਨੂੰ ਕੋਚਿੰਗ ਸ਼ੁਰੂ ਕਰ ਦਿੱਤੀ। ਰਾਜਿੰਦਰ ਸਿੰਘ ਨੇ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਰਾਹੀਂ ਆਸਟਰੇਲੀਆ ਤੋਂ ਐਫ.ਆਈ.ਐਚ. ਮਾਨਤਾ ਪ੍ਰਾਪਤ ਹਾਈ ਪਰਫਾਰਮੈਂਸ ਕੋਚਿੰਗ ਕੋਰਸ ਵੀ ਕੀਤਾ। ਰਾਜਿੰਦਰ ਸਿੰਘ ਦੀ ਕੋਚਿੰਗ ਹੇਠ ਭਾਰਤ ਸਬ ਜੂਨੀਅਰ ਏਸ਼ੀਆ ਕੱਪ ਚੈਂਪੀਅਨ ਬਣਿਆ। ਉਸ ਤੋਂ ਬਾਅਦ ਉਸ ਨੂੰ ਭਾਰਤ ਦੀ ਜੂਨੀਅਰ ਟੀਮ ਦੀ ਕਮਾਨ ਸੰਭਾਲ ਦਿੱਤੀ। ਰਾਜਿੰਦਰ ਨੇ ਹਾਕੀ ਦੇ ਦੂਜੇ ਸੁਨਹਿਰੀ ਦੌਰ ਦੀ ਸ਼ੁਰੂਆਤ ਕਰਦਿਆਂ ਅਜਿਹੇ ਛਵੀਆਂ ਵਰਗੇ ਮੁੰਡੇ ਤਿਆਰ ਕੀਤੇ, ਜਿਨ੍ਹਾਂ ਨੇ ਹੋਬਾਰਟ ਵਿਖੇ 2001 ਵਿੱਚ ਜੂਨੀਅਰ ਵਿਸ਼ਵ ਕੱਪ ਜਿੱਤ ਕੇ ਹੀ ਦਮ ਲਿਆ।

ਰਾਜਿੰਦਰ ਸਿੰਘ ਨੇ ਜੂਨੀਅਰ ਟੀਮ ਅਜਿਹੀ ਚੰਡੀ ਕਿ ਸਾਰੇ ਨਿੱਕੀ ਉਮਰ ਦੇ ਖਿਡਾਰੀ ਸੀਨੀਅਰ ਟੀਮ ਦਾ ਹਿੱਸਾ ਬਣ ਗਏ। 2002 ਵਿੱਚ ਸੀਨੀਅਰ ਵਿਸ਼ਵ ਕੱਪ ਖੇਡਣ ਵਾਲੀ ਟੀਮ ਦੇ ਅੱਧੇ ਤੋਂ ਬਾਅਦ ਖਿਡਾਰੀ 2001 ਦਾ ਜੂਨੀਅਰ ਵਿਸ਼ਵ ਕੱਪ ਜਿੱਤਣ ਵਾਲੀ ਟੀਮ ਦਾ ਹਿੱਸਾ ਸੀ। 2002 ਦੇ ਵਿਸ਼ਵ ਕੱਪ ਤੋਂ ਬਾਅਦ ਰਾਜਿੰਦਰ ਸਿੰਘ ਨੂੰ ਭਾਰਤੀ ਸੀਨੀਅਰ ਟੀਮ ਦਾ ਚੀਫ ਕੋਚ ਲਗਾ ਦਿੱਤਾ। ਸ਼ਾਹਬਾਦ ਮਾਰਕੰਡਾ ਵਾਲੇ ਬਲਦੇਵ ਸਿੰਘ ਉਨ੍ਹਾਂ ਦੇ ਸਹਾਇਕ ਕੋਚ ਸਨ। 2002 ਵਿੱਚ ਬੁਸਾਨ ਵਿਖੇ ਏਸ਼ਿਆਈ ਖੇਡਾਂ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਦੋ ਸਾਲ ਭਾਰਤੀ ਟੀਮ ਦੀ ਗੁੱਡੀ ਸਿਖਰਾਂ 'ਤੇ ਚੜ੍ਹ ਗਈ। ਰਾਜਿੰਦਰ ਸਿੰਘ ਦੀ ਕੋਚਿੰਗ ਹੇਠ ਭਾਰਤ ਨੇ ਅੱਠ ਟੂਰਨਾਮੈਂਟਾਂ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਪੰਜ ਵਿੱਚ ਜਿੱਤ ਪ੍ਰਾਪਤ ਕੀਤੀ। ਭਾਰਤ ਨੇ ਆਸਟਰੇਲੀਆ ਨੂੰ ਆਸਟਰੇਲੀਆ ਦੇ ਵਿਹੜੇ ਅਤੇ ਜਰਮਨੀ ਨੂੰ ਜਰਮਨੀ ਦੇ ਵਿਹੜੇ ਹਰਾਇਆ। ਹਾਲੈਂਡ, ਪਾਕਿਸਤਾਨ ਦੀਆਂ ਟੀਮਾਂ ਵੀ ਭਾਰਤ ਸਾਹਮਣੇ ਊਣੀਆਂ ਸਾਬਤ ਹੋਣ ਲੱਗੀਆਂ। ਭਾਰਤ ਨੇ 2003 ਦਾ ਏਸ਼ੀਆ ਕੱਪ ਜਿੱਤਿਆ ਅਤੇ ਫੇਰ 2003 ਵਿੱਚ ਹੈਦਰਾਬਾਦ ਵਿਖੇ ਹੋਈਆਂ ਐਫਰੋ ਏਸ਼ੀਅਨ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ। ਹਾਲੈਂਡ ਅਤੇ ਆਸਟਰੇਲੀਆ ਵਿਖੇ ਖੇਡੇ ਗਏ ਚਾਰ ਦੇਸ਼ੀ ਟੂਰਨਾਮੈਂਟ ਜਿੱਤੇ। ਇਸ ਸਮੇਂ ਦੌਰਾਨ ਜੁਗਰਾਜ ਸਿੰਘ ਦੀ ਸੜਕ ਹਾਦਸੇ ਵਿੱਚ ਲੱਗੀ ਸੱਟ ਦਾ ਭਾਰਤੀ ਟੀਮ ਨੂੰ ਬਹੁਤ ਵੱਡਾ ਘਾਟਾ ਪਿਆ। ਜੁਗਰਾਜ ਸਿੰਘ ਦੀ



ਸੱਟ ਦੇ ਸਦਮੇ ਤੋਂ ਉਭਰਦਿਆਂ ਭਾਰਤੀ ਹਾਕੀ ਟੀਮ ਨੇ ਏਥਨਜ਼ ਓਲੰਪਿਕ ਲਈ ਕੁਆਲੀਫਾਈ ਕਰ ਲਿਆ। ਉਸ ਵੇਲੇ ਫੈਡਰੇਸ਼ਨ ਨੇ ਭਾਰਤੀ ਟੀਮ ਦੇ ਦੋ ਤਜ਼ਰਬੇਕਾਰ ਖਿਡਾਰੀਆਂ- ਕੰਵਲਪ੍ਰੀਤ ਸਿੰਘ ਤੇ ਬਿਮਲ ਲਾਕੜਾ ਨੂੰ ਟੀਮ ਵਿੱਚੋਂ ਬਾਹਰ ਕਰ ਦਿੱਤਾ। ਰਾਜਿੰਦਰ ਸਿੰਘ ਇਹ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰ ਸਕਦਾ ਸੀ ਅਤੇ ਉਸ ਨੇ ਫੈਡਰੇਸ਼ਨ ਖਿਲਾਫ ਬਗਾਵਤ ਕਰ ਦਿੱਤੀ। ਭਾਰਤੀ ਹਾਕੀ ਦੀ ਕਮਾਨ ਰਾਜਿੰਦਰ ਸਿੰਘ ਦੇ ਸਹਾਇਕ ਕੋਚ ਗੈਰਹਾਰਡ ਰੈਕ ਹਵਾਲੇ ਕਰ ਦਿੱਤੀ। ਉਸ ਤੋਂ ਬਾਅਦ ਭਾਰਤੀ ਹਾਕੀ ਫੇਰ ਨਿਵਾਣ ਵੱਲ ਚਲੀ ਗਈ।

ਮਰਹੂਮ ਹਾਕੀ ਓਲੰਪੀਅਨ ਸੁਰਜੀਤ ਸਿੰਘ ਰਾਜਿੰਦਰ ਸਿੰਘ ਦਾ ਸਭ ਤੋਂ ਗੂੜ੍ਹਾ ਮਿੱਤਰ ਸੀ। ਉਹ ਆਪਣੇ ਖੇਡ ਕਰੀਅਰ ਵਿੱਚ ਤਿੰਨ ਘਟਨਾਵਾਂ ਨੂੰ ਬਹੁਤ ਮਾੜਾ ਮੰਨਦਾ ਹੈ, ਜਿਸ ਵਿੱਚ ਸਭ ਤੋਂ ਪਹਿਲਾਂ ਸੁਰਜੀਤ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ, ਜੁਗਰਾਜ ਸਿੰਘ ਦੇ ਸੱਟ ਲੱਗਣਾ ਅਤੇ ਏਥਨਜ਼ ਓਲੰਪਿਕਸ ਲਈ ਦੋ ਖਿਡਾਰੀਆਂ ਨੂੰ ਬਾਹਰ ਕਰਨਾ। ਰਾਜਿੰਦਰ ਸਿੰਘ ਕਦੇ ਐਵਾਰਡਾਂ ਪਿੱਛੇ ਨਹੀਂ ਪਿਆ। ਉਸ ਨੇ ਅੱਸੀ ਦੇ ਦਹਾਕੇ ਵਿੱਚ ਹਾਕੀ ਖੇਡੀ, ਪਰ ਅਰਜੁਨਾ ਐਵਾਰਡ ਉਸ ਨੂੰ 1997 ਵਿੱਚ ਆ ਕੇ ਮਿਲਿਆ। ਉਸ ਨੇ ਕਦੇ ਪਛਤਾਵਾ ਨਹੀਂ ਕੀਤਾ। ਸਾਲ 2003 ਵਿੱਚ ਉਸ ਨੂੰ ਕੋਚਿੰਗ ਕਰਕੇ ਦਰੋਣਾਚਾਰੀਆ ਐਵਾਰਡ ਮਿਲਿਆ। ਰੇਲਵੇ ਨੇ ਉਸ ਨੂੰ ਸਨਮਾਨਤ ਕੀਤਾ। ਵਿਸ਼ਵ ਹਾਕੀ ਸੀਰੀਜ਼ ਵਿੱਚ ਸ਼ੇਰ-ਏ-ਪੰਜਾਬ ਟੀਮ ਦੀ ਕੋਚਿੰਗ ਕਰਦਿਆਂ ਉਸ ਨੂੰ 'ਬੈਸਟ ਕੋਚ' ਦਾ ਐਵਾਰਡ ਮਿਲਿਆ। ਰਾਜਿੰਦਰ ਸਿੰਘ ਰਿਟਾਇਰਮੈਂਟ ਤੋਂ ਬਾਅਦ ਆਪਣੀ ਪਤਨੀ ਨਿੰਮੀ ਸਿੱਧੂ ਤੇ ਬੇਟੀ ਰੋਮਨ ਸਿੱਧੂ ਨਾਲ ਮੁਹਾਲੀ ਦੇ ਸੈਕਟਰ 79 ਵਿਖੇ ਰਹਿ ਰਿਹਾ ਹੈ।

# ਵਾਸਤਾ ਈ ਉਸ ਪਰਵਦਗਾਰ ਦਾ, ਨਾ ਖਾਓ-ਨਾ ਖੁਆਓ ਇਹ ਜ਼ਹਿਰ

***ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਬਾ ਸ਼ੇਖ ਫਰੀਦ ਜੀ ਦੀ ਬਾਣੀ "ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥" ਸਾਨੂੰ ਸਿਹਤ ਪੱਖੋਂ ਅਤੇ ਲਾਲਚ ਨਾ ਕਰਨ ਪ੍ਰਤੀ ਸੁਚੇਤ ਕਰਦੀ ਹੈ; ਪਰ ਸਾਡਾ ਮਨੁੱਖਾ ਸੁਭਾਅ ਜੋ ਹੋਇਆ ਕਿ ਅਸੀਂ ਪੰਜਾਬੀ ਅਖਾਣ 'ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ' ਵਾਂਗ ਅਣਗਹਿਲੀਆਂ ਕਰਕੇ ਆਪਣੇ ਸਰੀਰ ਦਾ ਨਾਸ਼ ਕਰਨ 'ਤੇ ਤੁਲ ਜਾਂਦੇ ਹਾਂ। ਖਾਣ-ਪੀਣ ਪ੍ਰਤੀ ਬੇਪ੍ਰਵਾਹ ਅਤੇ ਬੇਮੁਹਾਰੇ ਹੋ ਜਾਣ ਕਾਰਨ ਵਧੇਰੇ ਗਿਣਤੀ ਲੋਕ ਬਿਮਾਰ ਪੈ ਰਹੇ ਹਨ। ਕਈ ਵਾਰ ਬੇਧਿਆਨੀ ਦੇ ਚੱਲਦਿਆਂ ਸਰੀਰ ਦੀਆਂ ਛੋਟੀਆਂ-ਮੋਟੀਆਂ ਸਮੱਸਿਆਵਾਂ ਜਾਂ ਬਿਮਾਰੀਆਂ ਵੱਡੀਆਂ ਹੋ ਜਾਂਦੀਆਂ ਹਨ। ਭਾਈਚਾਰੇ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਲਈ ਡਾ. ਹਰਬੰਸ ਕੌਰ ਦਿਓਲ 'ਸਿਹਤਮੰਦ ਲੋਕ, ਸਿਹਤਮੰਦ ਸਮਾਜ' ਦੇ ਨਜ਼ਰੀਏ ਤੋਂ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। 'ਪੰਜਾਬੀ ਪਰਵਾਜ਼' ਦੇ ਪਿਛਲਿਆਂ ਅੰਕਾਂ ਵਿੱਚ ਸਿਹਤ ਸਬੰਧੀ ਉਨ੍ਹਾਂ ਦੇ ਲਗਾਤਾਰ ਲੇਖ ਛਪ ਚੁਕੇ ਹਨ। ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਜ਼ਰੂਰ ਕਰੋ। ਪੇਸ਼ ਹੈ, ਜਾਣਕਾਰੀ ਭਰਪੂਰ ਇਹ ਲੇਖ...***

## ਜੁਗ ਜੁਗ ਜੀਓ... (15)

**ਡਾ. ਹਰਬੰਸ ਕੌਰ ਦਿਓਲ**

"ਚੰਨੀਏ, ਸ਼ੁਕਰ ਏ ਆਪੇ ਈ ਆ ਗਈ, ਮੈਂ ਸੁਨੇਹਾ ਭਿਜਵਾਉਣ ਲੱਗੀ ਸੀ ਤੇਰੇ ਵੱਲ।"

"ਚਾਚੀ ਜੀ, ਕੀ ਗੱਲ! ਸੁੱਖ-ਸਾਂਦ ਤਾਂ ਹੈ?"

"ਨਹੀਂ ਧੀਏ, ਬੜੀ ਮਾੜੀ ਖਬਰ ਆਈ ਏ ਪ੍ਰੀਤ ਦੇ ਪੇਕਿਆਂ ਤੋਂ। ਮੈਨੂੰ ਤਾਂ ਬਹੁਤ ਹੀ ਘਬਰਾਹਟ ਹੋ ਰਹੀ ਐ। ਮੇਰੇ ਕੋਲੋਂ ਤਾਂ ਉਸ ਦਾ ਦੁੱਖ ਝੱਲਿਆ ਨਹੀਂ ਜਾਂਦਾ। ਛੇਤੀ ਜਾ ਅੰਦਰ, ਮੈਂ ਛੇਤੀ ਹੀ ਕੁਝ ਪੀਣ ਲਈ ਲੈ ਕੇ ਆਉਂਦੀ ਆਂ।"

ਅੰਦਰ ਵੜਦਿਆਂ ਚੰਨੀ ਨੇ ਦੇਖਿਆ ਪ੍ਰੀਤ ਸਰਹਾਣੇ 'ਤੇ ਸਿਰ ਸੁੱਟ ਕੇ ਹੌਲੀ ਹੌਲੀ ਰੋ ਰਹੀ ਸੀ। ਚੰਨੀ ਨੂੰ ਦੇਖਦਿਆਂ ਹੀ ਉਚੀ ਉਚੀ ਰੋਣ ਲੱਗੀ।

"ਪ੍ਰੀਤ, ਦੱਸ ਤਾਂ ਸਹੀ ਕੀ ਹੋਇਐ?" ਚੰਨੀ ਨੇ ਪ੍ਰੀਤ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ।

ਪ੍ਰੀਤ ਨੇ ਰੋਣ ਨੂੰ ਕਾਬੂ ਕਰਦਿਆਂ ਦੱਸਿਆ ਕਿ ਉਸ ਦੀ ਛੋਟੀ ਭੈਣ ਸ਼ਾਨੋ ਨੂੰ ਫੇਫੜਿਆਂ ਦਾ ਕੈਂਸਰ ਹੋ ਗਿਐ।

"ਪ੍ਰੀਤ, ਉਸ ਦੀ ਉਮਰ ਤਾਂ 25-26 ਸਾਲ ਦੀ ਈ ਹੈ। ਉਹਦਾ ਪਿੱਛੇ ਜਿਹੇ ਵਿਆਹ ਹੋਇਆ ਸੀ, ਹੈ ਨਾ!"

"ਹਾਂ ਦੀਦੀ।"

"ਫੇਫੜਿਆਂ ਦਾ ਕੈਂਸਰ ਤਾਂ ਆਮ ਤੌਰ 'ਤੇ ਬਜ਼ੁਰਗਾਂ ਨੂੰ ਹੁੰਦੈ। ਜੇ ਕੋਈ ਸਮੋਕ ਕਰਦਾ ਹੋਵੇ ਜਾਂ ਘਰ ਵਿੱਚ ਸਮੋਕ (Smoke) ਕਰਦੇ ਹੋਵਣ; ਤੈਨੂੰ ਕੋਈ ਗਲਤੀ ਤਾਂ ਨਹੀਂ ਲੱਗੀ ਸਮਝਣ ਵਿੱਚ?"

"ਨਹੀਂ ਦੀਦੀ, ਆਹ ਦੇਖੋ ਮੈਂ ਲਿਖ ਕੇ ਰੱਖਿਐ।" ਪ੍ਰੀਤ ਨੇ ਪੇਪਰ ਚੰਨੀ ਨੂੰ ਦਿੰਦਿਆਂ ਕਿਹਾ।

"ਹੋਰ ਦੁੱਖ ਦੀ ਗੱਲ ਹੈ ਕਿ ਉਹ 3 ਕੁ ਮਹੀਨੇ ਦੀ ਗਰਭ ਅਵਸਥਾ ਵਿੱਚ ਹੈ। ਡਾਕਟਰਾਂ ਦੀ ਰਾਏ ਹੈ ਕਿ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਗਰਭਪਾਤ (abortion) ਕਰਨੀ ਪੈਣੀ ਹੈ।"

"ਵਿਚਾਰੀ 'ਤੇ ਮੁਸੀਬਤ ਦਾ ਪਹਾੜ ਹੀ ਟੁੱਟ ਪਿਐ। ਕਦੋਂ ਤੋਂ ਬਿਮਾਰ ਹੈ ਉਹ?"

"ਦੋ-ਤਿੰਨ ਹਫਤੇ ਪਹਿਲਾਂ ਸੁੱਕੀ ਖੰਘ ਤੋਂ ਸ਼ੁਰੂ ਹੋਇਆ ਸੀ। ਕੁਝ ਦਿਨਾਂ ਬਾਅਦ ਬਲਗਮ ਆਉਣੀ ਸ਼ੁਰੂ ਹੋ ਗਈ। ਇੱਕ-ਦੋ ਦਿਨਾਂ ਬਾਅਦ ਖੂਨ ਆਉਣ ਲੱਗ ਪਿਆ। ਸਕੈਨ ਵਿੱਚ ਖੱਬੇ ਪਾਸੇ ਦੇ ਫੇਫੜੇ ਵਿੱਚ ਨੁਕਸ ਦਿਖਾਈ ਦਿੱਤਾ, ਜਿਸ ਨੂੰ ਅੱਗੇ ਜਾਂਚ ਕਰਨ 'ਤੇ ਪਤਾ ਲੱਗਾ ਉਹ ਕੈਂਸਰ ਹੈ। ਉਹ ਤਾਂ ਕਦੇ ਵੀ ਬਿਮਰ ਨਹੀਂ ਹੋਈ, ਨਾ ਕੋਈ ਦਵਾਈ ਲਈ ਏ ਕਿਤੇ। ਕਿਸੇ ਨਸ਼ੇ ਪੱਤੇ, ਸਮੋਕਿੰਗ ਦਾ ਤਾਂ ਸਵਾਲ ਹੀ ਨਹੀਂ।"

"ਬਦਕਿਸਮਤੀ ਦੀ ਗੱਲ ਹੈ ਕਿ ਕੈਂਸਰ ਕਿਸੇ ਵੀ ਉਮਰ ਵਿੱਚ ਹੋ ਸਕਦੈ। ਕੈਂਸਰ ਹੋਣ ਦੇ ਅਣਗਿਣਤ ਕਾਰਨ ਹੋ ਸਕਦੇ ਨੇ।"

"ਦੀਦੀ, ਇਹ ਇੰਨਾ ਜ਼ਿਆਦਾ ਹੋਣ ਲੱਗ ਗਿਐ, ਜਿਸ ਦੇ ਨਾਲ ਵੀ ਗੱਲ ਕਰੋ, ਕਿਸੇ ਨਾ ਕਿਸੇ ਰਿਸ਼ਤੇਦਾਰ ਨੂੰ ਕੋਈ ਨਾ ਕੋਈ ਤਰ੍ਹਾਂ ਦੀ ਕੈਂਸਰ ਦੀ ਤਕਲੀਫ ਸੁਣੀਦੀਏ।"

"ਤੂੰ ਠੀਕ ਕਿਹੈ, ਆਪਣੇ ਆਲੇ-ਦੁਆਲੇ (environment) ਵਿੱਚ ਕੈਂਸਰ ਕਰਨ ਵਾਲੇ ਤੱਤ ਮੌਜੂਦ ਹਨ। ਮਾੜੀਆਂ ਚੀਜ਼ਾਂ, ਜਿਵੇਂ ਫਸਲਾਂ 'ਤੇ ਛਿੜਕਾਅ ਵਾਲੀਆਂ ਦਵਾਈਆਂ, ਮੱਛਰ ਮਾਰਨ ਦੀਆਂ ਦਵਾਈਆਂ ਵਗੈਰਾ ਦਾ ਇਸਤੇਮਾਲ ਕਿੰਨਾ ਵਧ ਗਿਆ ਹੈ। ਘਰਾਂ ਦੇ ਅੰਦਰ ਅਤੇ ਘਰਾਂ ਤੋਂ ਬਾਹਰ। ਇਸ ਤੋਂ ਇਲਾਵਾ ਪਲਾਸਟਿਕ ਦਾ ਇਸਤੇਮਾਲ ਖੁਰਾਕ ਦੇ ਕਨਟੇਨਰਜ਼ ਅਤੇ ਪਾਣੀ ਦੀਆਂ ਬੋਤਲਾਂ ਵਗੈਰਾ ਲਈ। ਇਨ੍ਹਾਂ ਤੋਂ ਆਪਣੀ ਖੁਰਾਕ ਵਿੱਚ ਮਾਈਕਰੋਪਲਾਸਟਿਕ ਘੁਲ ਜਾਂਦੇ ਹਨ, ਜਿਹੜੇ ਸਰੀਰ ਦੇ ਹਾਰਮੋਨਜ਼ ਨੂੰ upset ਕਰ ਕੇ ਬਹੁਤ ਹੀ ਹਾਨੀਕਾਰਨ ਹਨ। ਐਲੂਮੀਨੀਅਮ ਆਪਣੇ ਦਿਮਾਗ ਲਈ ਵੀ ਟੌਕਸਿਕ ਹੈ; ਘਰ ਵਿੱਚ ਫੁਆਇਲ ਅਤੇ ਭਾਂਡੇ ਖੁਰਾਕ ਰੱਖਣ ਲਈ ਤੇ ਪਕਾਉਣ ਲਈ ਕਿੰਨੇ ਇਸਤੇਮਾਲ ਕਰਦੇ ਹਾਂ, ਇਨ੍ਹਾਂ ਤੋਂ। ਛੋਟੇ ਛੋਟੇ ਤਿਨਕੇ ਆਪਣੀ ਖੁਰਾਕ ਵਿੱਚ ਜਾ ਕੇ ਸਾਡੇ ਸਰੀਰ ਲਈ ਨੁਕਸਾਨ ਪਹੁੰਚਾਉਂਦੇ ਨੇ। ਹੋਰ ਤਾਂ ਹੋਰ, ਖਤਰਨਾਕ ਬਿਮਾਰੀਆਂ ਕਰਨ ਵਿੱਚ ਆਪਣੀ ਖੁਰਾਕ ਦਾ ਵੀ ਬਹੁਤ ਹੱਥ ਹੈ।"

"ਦੀਦੀ, ਉਹ ਕਿਸ ਤਰ੍ਹਾਂ?"

"ਪਹਿਲਾ, ਆਪਾਂ ਕੀ ਖਾਂਦੇ ਹਾਂ, ਉਸ ਦੀ ਬਹੁਤ ਅਹਿਮੀਅਤ ਹੈ। ਜਿਸ ਬਾਰੇ ਪਿਛਲੀਆਂ ਮੁਲਾਕਾਤਾਂ ਵਿੱਚ ਵਿਚਾਰ ਕਰ ਚੁਕੇ ਹਾਂ। ਦੂਜਾ, ਕਿਸ ਤਰੀਕੇ ਨਾਲ ਆਪਾਂ ਖੁਰਾਕ ਤਿਆਰ ਕਰਦੇ ਹਾਂ!

ਕੁਝ ਤਰੀਕੇ ਇਸ ਤਰ੍ਹਾਂ ਦੇ ਹਨ, ਜਿਨ੍ਹਾਂ ਨੂੰ ਇਸਤੇਮਾਲ ਕਰਨ ਨਾਲ ਤਾਕਤ ਦੇਣ ਵਾਲੇ ਅਤੇ ਸਾਨੂੰ ਬਿਮਾਰੀਆਂ ਤੋਂ ਬਚਾਉਣ ਵਾਲੇ ਤੱਤ (antioxidents, ਵਿਟਾਮਿਨਜ਼, ਧਾਤਾਂ, ਪ੍ਰੋਟੀਨ ਅਤੇ ਜ਼ਰੂਰੀ ਫੈਟਜ਼) ਜਾਂ ਬਰਬਾਦ (waste) ਕਰ ਦਿੰਦੇ ਹਾਂ ਜਾਂ ਨਸ਼ਟ (destroy) ਕਰ ਦਿੰਦੇ ਹਾਂ।"

"ਦੀਦੀ, ਮੈਂ ਸ਼ਾਨੋ ਦੇ ਲਈ ਸਾਰੀਆਂ ਤਬਦੀਲੀਆਂ ਕਰਾਂਗੀ। ਪਲੀਜ਼ ਦੱਸੋ ਖੁਰਾਕ ਬਣਾਉਣ ਦੇ ਤਰੀਕਿਆਂ ਦੀ ਜਾਣਕਾਰੀ ਬਾਰੇ। ਇਸ ਦਾ ਮਤਲਬ ਇਹ ਵੀ ਹੋਇਆ ਕਿ ਟੱਬਰ ਦੇ ਜੀਆਂ ਨੂੰ ਸਿਹਤਵੰਦ ਰੱਖਣ ਵਿੱਚ ਘਰ ਦੀ ਜਨਾਨੀ ਦਾ ਅਹਿਮ ਰੋਲ ਹੈ।"

"ਪ੍ਰੀਤ, ਤੂੰ ਸਹੀ ਕਿਹਾ, ਘਰ ਵਿੱਚ ਜੋ ਖਾਣੇ ਦੀਆਂ ਵਸਤਾਂ ਖਰੀਦ ਕੇ, ਤਿਆਰ ਕਰ ਕੇ ਘਰ ਦੇ ਜੀਆਂ ਨੂੰ ਖੁਆਉਂਦੈ, ਉਸ ਦੇ ਹੱਥ ਹੈ ਟੱਬਰ ਦੀ ਸਿਹਤ ਅਤੇ ਬਿਮਾਰੀਆਂ ਤੋਂ ਬਚਾਅ। ਹੁਣ ਧਿਆਨ ਨਾਲ ਸੁਣੀਂ ਬਾਕੀ ਦੀਆਂ ਗੱਲਾਂ:

1. ਜਿੰਨਾ ਵੀ ਹੋ ਸਕੇ ਕੱਚੀਆਂ ਸਬਜ਼ੀਆਂ, ਫਲ ਅਤੇ ਘੱਟ ਤੋਂ ਘੱਟ ਪ੍ਰੋਸੈਸ ਕੀਤੀ ਖੁਰਾਕ ਖਾਵੋ, ਕਿਉਂਕਿ ਕਈ ਸਿਹਤ ਲਈ ਲਾਭਦਾਇਕ ਤੱਤ ਪਕਾਉਣ ਵੇਲੇ ਖਰਾਬ ਹੋ ਜਾਂਦੇ ਹਨ। ਬਰੌਕਲੀ, ਗੋਭੀ, ਗਾਜਰਾਂ ਵਗੈਰਾ, ਹੱਮਸ, ਗਰੀਕ ਦਹੀਂ ਦੀ ਡਿੱਪ ਜਾਂ ਗਾਕਾਮੋਲੀ (guacamole) ਨਾਲ ਖਾ ਸਕਦੇ ਹੋ।

2. ਕੋਸ਼ਿਸ਼ ਕਰੋ, ਖਾਣਾ ਘਰ ਹੀ ਤਿਆਰ ਕਰੋ। ਬਾਹਰੋਂ ਬਣਿਆ ਖਾਣਾ ਠੀਕ ਤਰੀਕੇ ਨਾਲ ਨਹੀਂ ਬਣਾਇਆ ਜਾਂਦਾ ਅਤੇ ਉਸ ਨੂੰ ਸੁਆਦੀ ਬਣਾਉਣ ਲਈ ਗਲਤ ਤਰੀਕੇ, ਖਰਾਬ ਤਰ੍ਹਾਂ ਦੇ ਤੇਲ, ਰੱਖਿਅਕ ਵਸਤੂ (preservatives), ਰੰਗ (coloring agents) ਆਦਿ ਵਰਤੇ ਜਾਂਦੇ ਨੇ।



■ **ਰਸੋਈ ਗੈਸ ਉਤੇ ਸਿੱਧਿਆਂ ਇਸ ਤਰ੍ਹਾਂ ਰੋਟੀਆਂ ਸੇਕਣਾ ਸਿਹਤ ਲਈ ਬਹੁਤ ਹੀ ਹਾਨੀਕਾਰਕ ਹੈ। ਇੰਜ ਕਰਨ ਨਾਲ ਰੋਟੀ ਬੇਸ਼ੱਕ ਫੁੱਲ ਤਾਂ ਜਾਂਦੀ ਹੈ, ਪਰ ਗੈਸ ਦੇ ਜ਼ਹਿਰੀਲੇ ਤੱਤ ਰੋਟੀ ਅੰਦਰ ਚਲੇ ਜਾਂਦੇ ਹਨ ਅਤੇ ਰੋਟੀ ਰਾਹੀਂ ਸਾਡੇ ਸਰੀਰ ਵਿੱਚ ਜਾ ਕੇ ਬਿਮਾਰੀਆਂ ਦਾ ਕਾਰਨ ਬਣਦੇ ਹਨ।**

3. ਪੈਕੇਜ ਵਿੱਚ ਬੰਦ ਖੁਰਾਕ, ਜਿਸ ਉਪਰ ਲੰਮੀ ਲਿਸਟ ਹੰਦੀ ਹੈ ਸਮੱਗਰੀ ਅੰਸ਼ (ingredients) ਦੀ, ਬਹੁਤ ਪ੍ਰੋਸੈਸ ਕੀਤੀ ਹੁੰਦੀ ਹੈ ਅਤੇ ਤਾਕਤਵਰ ਤੱਤ ਖਤਮ ਹੋ ਚੁਕੇ ਹੁੰਦੇ ਨੇ, ਘੱਟ ਹੀ ਖਾਓ।

4. Teflon ਜਾਂ non stick pans ਕੋਸ਼ਿਸ਼ ਕਰੋ ਨਾ ਇਸਤੇਮਾਲ ਕਰੋ, ਇਨ੍ਹਾਂ ਦੀ ਥਾਂ ਸਟੀਲ, ਸਿਰਾਮਿਕ ਜਾਂ ਕੱਚ ਦੇ ਭਾਂਡੇ ਇਸਤੇਮਾਲ ਕਰੋ ਖਾਣਾ ਬਣਾਉਣ ਲਈ।

5. ਧਿਆਨ ਰੱਖੋ ਕਿ ਖਾਣਾ ਥੋੜ੍ਹੇ ਤਾਪਮਾਨ 'ਤੇ ਅਤੇ ਥੋੜ੍ਹੇ ਵਕਤ ਲਈ ਪਕਾਓ ਤਾਂ ਕਿ ਜ਼ਰੂਰੀ ਵਿਟਾਮਿਨ ਅਤੇ ਹੋਰ ਲਾਭਦਾਇਕ ਤੱਤ ਖਤਮ ਨਾ ਹੋਣ।

ਜ਼ਿਆਦਾ ਤਾਪਮਾਨ (high heat cooking) ਨਾਲ toxins ਵੀ ਪੈਦਾ ਹੁੰਦੀਆਂ ਨੇ।"

"ਦੀਦੀ, ਸਭ ਤੋਂ ਜ਼ਿਆਦਾ ਹਾਨੀਕਾਰਨ ਤਰੀਕਾ ਕਿਹੜਾ?"

"ਬਈ ਸਭ ਤੋਂ ਨੁਕਸਾਨ ਪਹੁੰਚਾਉਣ ਵਾਲਾ ਹੈ-ਤਲਣਾ (deep fry), ਜੋ ਆਪਾਂ ਕਾਫੀ ਇਸਤੇਮਾਲ ਕਰਦੇ ਹਾਂ; ਜਿਵੇਂ ਪਕੌੜੇ, ਸਮੋਸੇ, ਪੂਰੀਆਂ, ਕਚੌਰੀਆਂ, ਫਰਾਈਜ਼ ਅਤੇ ਚਿਪਸ ਵਗੈਰਾ ਬਣਾਉਣ ਲਈ। ਕਾਰਨ ਇਹ ਹਨ:

1. ਬਹੁਤ ਉਚੇ ਤਾਪਮਾਨ 'ਤੇ (high temperature) ਖੁਰਾਕ ਤਲੀ ਜਾਂਦੀ ਏ, ਜਿਸ ਕਰਕੇ ਸਟਾਰਚੀ (starchy) ਫੂਡ ਵਿਚਲੇ ਅਮੀਨੋਐਸਿਡਜ਼ ਬਦਲ ਜਾਂਦੇ ਨੇ ਐਕਰਿਲਾਮਾਈਡ (acrylamide) ਵਿੱਚ, ਜਿਹੜਾ ਕੈਂਸਰ ਕਰਨ ਵਾਲਾ ਹੈ (carcinogenie)

(ਅੱਜ ਦੀ ਮੁਲਾਕਾਤ ਵਿੱਚ ਜੋ ਜਾਣਕਾਰੀ ਮੈਂ ਦੇ ਰਹੀ ਹਾਂ, ਉਹ ਨਵੀਂ ਸਾਇੰਸ ਖੋਜ ਦੇ ਆਧਾਰ 'ਤੇ ਦੇ ਰਹੀ ਹਾਂ)

2. (ੳ) ਦੂਸਰਾ, ਜਿਹੜਾ ਆਮ ਤੌਰ 'ਤੇ ਤੇਲ ਇਸਤੇਮਾਲ ਕੀਤਾ ਜਾਂਦੈ, ਉਹ ਵੈਜੀਟੇਬਲ ਜਾਂ ਬੀਜਾਂ ਦਾ ਤੇਲ ਹੁੰਦੈ, ਜਿਵੇਂ ਕੌਰਨ, ਕਨੋਲਾ, ਕਰਿਸਕੋ, ਕੌਰਨਸੀਡ, ਸੋਏ, ਸਨਫਲਾਵਰ, ਸਾਫਲਾਵਰ ਅਤੇ ਪੀਨਟ ਤੇਲ। ਇਹ ਸਾਰੇ ਹੀ ਗੈਰ-ਕੁਦਰਤੀ ਤਰੀਕਿਆਂ ਨਾਲ ਬਹੁਤ ਹੀ ਉਚੇ ਤਾਪਮਾਨ ਅਤੇ ਪਰੈਸ਼ਰ ਨਾਲ ਬਣਾਏ ਜਾਂਦੇ ਹਨ। ਹੈਕਸਨ ਗੈਸ (hexane gas) ਵੀ ਇਸਤੇਮਾਲ ਕੀਤੀ ਜਾਂਦੀ ਹੈ ਅਤੇ ਹੋਰ ਵੀ ਬਹੁਤ ਸਾਰੇ ਕੈਮੀਕਲ ਵਰਤੇ ਜਾਂਦੇ ਨੇ-ਇਨ੍ਹਾਂ ਦਾ ਰੰਗ, ਸੁਆਦ ਅਤੇ ਗੰਧ (smell) ਚੰਗੀ ਕਰਨ ਲਈ। ਇਹ ਸਾਰਾ ਕੁਝ ਕਰਨ ਤੋਂ ਬਾਅਦ ਇਨ੍ਹਾਂ ਤੇਲਾਂ ਵਿੱਚ ਟੌਕਸਿਕ ਚੀਜ਼ਾਂ ਰਹਿ ਜਾਂਦੀਆਂ ਨੇ। ਇਸ ਕਰਕੇ ਇਨ੍ਹਾਂ ਤੇਲਾਂ ਦਾ ਵਰਤਣਾ ਸਿਹਤ ਲਈ ਬਹੁਤ ਹੀ ਨੁਕਸਾਨਦਾਇਕ ਹੈ।

(ਅ) ਜਦੋਂ ਇਹ ਤੇਲਾਂ ਨੂੰ ਆਪਾਂ ਤਲਣ ਲਈ ਉਚੇ ਤਾਪਮਾਨ 'ਤੇ ਇਸਤੇਮਾਲ ਕਰਦੇ ਹਾਂ, ਉਨ੍ਹਾਂ ਵਿੱਚ ਕਾਰਸਿਨੋਜੈਨਿਕ (ਕੈਂਸਰ ਕਰਨ ਵਾਲੇ ਤੱਤ) ਬਣ ਜਾਂਦੇ ਹਨ, ਜਿਸ ਕਾਰਨ ਸਰੀਰ ਵਿੱਚ ਹਾਨੀਕਾਰਕ oxidative stress ਹੁੰਦੀ ਏ, ਜੋ ਸਾਡੇ ਤਾਕਤ ਪੈਦਾ ਕਰਨ ਵਾਲੇ ਅਤੇ ਆਪਾਂ ਨੂੰ ਜਿੰਦਾ ਰੱਖਣ ਵਾਲੇ ਅਹਿਮ- ਮਾਟੋਕੌਨਡਰੀਆ (mitochondria) ਨੂੰ ਮਾਰ ਦਿੰਦੀ ਹੈ। ਉਸੇ ਤਰ੍ਹਾਂ ਜਿਵੇਂ ਇਰੇਡੀਏਸ਼ਨ (irradiation). ਸਰੀਰ ਵਿੱਚ inflammation ਹੋ ਜਾਂਦੀ ਹੈ ਅਤੇ ਇਹ ਹੀ ਕਾਰਨ ਹੈ ਸਾਰੀਆਂ ਬਿਮਾਰੀਆਂ ਦਾ; ਜਿਵੇਂ ਕੈਂਸਰ, ਦਿਲ ਦੀ, ਖੂਨ ਦੇ ਦੌਰੇ ਅਤੇ ਸ਼ੂਗਰ ਦੀ ਬਿਮਾਰੀ।

(ੲ) ਉਹੀ ਤੇਲ ਦੁਬਾਰਾ ਦੁਬਾਰਾ ਇਸਤੇਮਾਲ ਕੀਤਾ ਜਾਂਦੈ, ਜਿਸ ਨਾਲ aldehydes ਦੀ ਮਾਤਰਾ ਬਹੁਤ ਵਧ ਜਾਂਦੀ ਏ। ਅਸਲੀ ਲਫਜ਼ਾਂ ਵਿੱਚ ਇਹ ਕੈਂਸਰ ਕਰਨ ਵਾਲੇ ਤੱਤਾਂ ਨਾਲ ਭਰੇ ਜ਼ਹਿਰ ਦੇ ਪਿਆਲੇ ਬਰਾਬਰ ਹੋ ਜਾਂਦੈ। ਅਸੀਂ ਇਸ ਤੇਲ ਵਿੱਚ ਤਲੀਆਂ ਚੀਜ਼ਾਂ ਆਪ ਵੀ ਬਹੁਤ ਖੁਸ਼ ਹੋ ਕੇ ਖਾਂਦੇ ਹਾਂ ਅਤੇ ਬੱਚਿਆਂ ਨੂੰ ਵੀ ਖੁਆਉਂਦੇ ਹਾਂ।"

"ਦੀਦੀ, ਜਿਹੜੇ ਤੇਲ ਸਪਰੇਅ ਹਨ, ਕੀ ਉਨ੍ਹਾਂ ਦੀ ਵਰਤੋਂ ਠੀਕ ਹੈ?"

"(ਸ) ਪ੍ਰੀਤ, ਨਿਰਭਰ ਹੈ ਉਸ ਕੇਨ ਵਿੱਚ ਕਿਸ ਤਰ੍ਹਾਂ ਦਾ ਤੇਲ ਹੈ ਅਤੇ ਕਿਹੜਾ ਤਰੀਕਾ ਸਪਰੇਅ ਲਈ ਵਰਤਿਆ ਗਿਐ? PAM ਸਪਰੇਅ ਵਿੱਚ ਕਨੋਲਾ ਤੇਲ ਹੈ ਅਤੇ ਨੁਕਸਾਨ ਕਰਨ ਵਾਲੀਆਂ ਗੈਸਾਂ (butane ਜਾਂ propane) ਵਰਤੀਆਂ ਜਾਂਦੀਆਂ ਹਨ, ਸਪਰੇਅ ਸਿਸਟਮ ਨੂੰ ਕੰਮ ਕਰਨ ਲਈ। ਕੋਈ ਨਹੀਂ ਪਸੰਦ ਕਰੇਗਾ ਇਹ ਗੈਸਾਂ ਉਨ੍ਹਾਂ ਦੀ ਖੁਰਾਕ ਵਿੱਚ ਹੋਣ। ਦੋਵੇਂ ਤੇਲ ਅਤੇ ਗੈਸਾਂ ਆਪਣੀ ਸਿਹਤ ਲਈ ਹਾਨੀਕਾਰਕ ਹਨ। ਇਸ ਲਈ PAM Spray ਦਾ ਇਸਤੇਮਾਲ ਨੁਕਸਾਨਦਾਇਕ ਹੈ। ਐਵਾਕਾਡੋ ਸਪਰੇਅ ਮਿਲਦੀ ਹੈ, ਜਿਸ ਵਿੱਚ ਇਨ੍ਹਾਂ ਗੈਸਾਂ ਦਾ ਇਸਤੇਮਾਲ ਨਹੀਂ ਹੁੰਦਾ। ਤੇਲ ਸਪਰੇਅ ਖਰੀਦਣ ਤੋਂ ਪਹਿਲਾਂ ਪੜ੍ਹ ਲਵੋ ਇਨਗਰੀਡੀਐਂਟ ਦੀ ਲਿਸਟ ਵਿੱਚ ਕੀ ਲਿਖਿਐ। ਇੱਕ ਆਈਟਮ ਤੇਲ ਹੀ ਹੋਣਾ ਚਾਹੀਦੈ, ਧਿਆਨ ਨਾਲ ਦੇਖੋ ਉਹ ਹੈਲਦੀ ਤੇਲ ਹੋਵੇ।"

"ਦੀਦੀ, ਵੈਜੀਟੇਬਲ ਤੇਲਾਂ ਦੇ ਇਤਨੇ ਖਤਰੇ ਹਨ, ਤਾਂ ਵੀ ਕਾਫੀ ਲੋਕ ਇਨ੍ਹਾਂ ਨੂੰ ਕਿਉਂ ਵਰਤਦੇ ਨੇ?"

"ਪਹਿਲਾ, ਆਪਣੀ ਖੁਰਾਕ ਸਨਅਤ (food industry) ਬਹੁਤ ਲਾਲਚੀ ਅਤੇ ਸੁਆਰਥੀ ਹੈ। ਉਨ੍ਹਾਂ ਨੂੰ ਤੁਹਾਡੀ ਸਿਹਤ ਦਾ ਨਹੀਂ, ਆਪਣੀ ਜੇਬ ਦਾ ਫਿਕਰ ਹੈ। ਉਨ੍ਹਾਂ ਨੇ ਗਲਤ ਪ੍ਰਚਾਰ ਦੇ ਰਾਹੀਂ ਲੋਕਾਂ ਨੂੰ ਗੁਮਰਾਹ ਕਰਨ ਲਈ ਇਹ ਸੀਡ ਆਇਲ ਦਾ ਨਾਂ ਵੈਜੀਟੇਬਲ ਆਇਲ ਰੱਖਿਆ, ਗਲਤ ਪ੍ਰਭਾਵ ਪਾਉਣ ਲਈ; ਜਦੋਂਕਿ ਇਨ੍ਹਾਂ ਤੇਲਾਂ ਦਾ ਵੈਜੀਟੇਬਲ ਨਾਲ ਕੋਈ ਸਬੰਧ ਨਹੀਂ।

ਦੂਜਾ, ਇਨ੍ਹਾਂ ਵਿੱਚ ਪੌਲੀਅਨਸੈਚੁਰੇਟਡ ਫੈਟੀ ਐਸਿਡ ਹੋਣ ਕਰਕੇ ਅਮੈਰਿਕਨ ਹਾਰਟ ਐਸੋਸੀਏਸ਼ਨ (AHA) ਰਾਹੀਂ ਇਨ੍ਹਾਂ ਨੂੰ ਹਾਰਟ ਹੈਲਦੀ ਦਾ ਦਰਜਾ ਦਿੱਤਾ, ਇਸ ਦਾ ਕੋਈ ਸਾਇੰਸ ਪਰੂਫ ਨਹੀਂ ਕਿ ਇਹ ਹਾਰਟ ਅਟੈਕ ਘਟਾਉਂਦੈ। ਖੁਰਾਕ ਸਨਅਤ ਨੇ AHA ਨੂੰ ਵੱਡੀ ਡੋਨੇਸ਼ਨ ਦਿੱਤੀ ਸੀ, ਇਸ ਖਾਤਰ। ਇਨ੍ਹਾਂ ਤੇਲਾਂ ਵਿੱਚ ਓਮੇਗਾ-6 ਦੀ ਮਿਕਦਾਰ ਕਾਫੀ ਹੁੰਦੀ ਹੈ।

ਅਸੀਂ ਪਹਿਲਾਂ ਹੀ ਓਮੇਗਾ-6 ਨਾਲ ਭਰੀ ਖੁਰਾਕ ਖਾਂਦੇ ਹਾਂ। ਇਨ੍ਹਾਂ ਦੀ ਰੇਸ਼ੋ ਹੋਣੀ ਚਾਹੀਦੀ (ਓਮੇਗਾ-6: ਓਮੇਗਾ-3) 1:1 ਤੋਂ 2:1 ਪਰ ਦੇਖਿਆ ਜਾਂਦੈ ਕਿ ਇਹ ਬਹੁਤ ਲੋਕਾਂ ਵਿੱਚ 20:1 ਹੈ। ਮਤਲਬ ਆਪਣੇ ਵਿੱਚ ਓਮੇਗਾ-6 ਜ਼ਰੂਰਤ ਤੋਂ ਜ਼ਿਆਦਾ ਹੈ, ਇਸ ਲਈ ਇਹ ਤੇਲਾਂ ਦੀ ਆਪਾਂ ਨੂੰ ਕੋਈ ਜ਼ਰੂਰਤ ਨਹੀਂ। ਇੱਕ ਹੋਰ ਗੱਲ, ਵੈਜੀਟੇਬਲ ਤੇਲਾਂ ਵਿੱਚ ਪੌਲੀਅਨ ਸੈਚੁਰੇਟਡ ਫੈਟੀ ਐਸਿਡ ਹੋਣ ਕਰਕੇ ਇਹ ਸਟੇਬਲ ਨਹੀਂ ਅਤੇ ਜਲਦੀ ਖਰਾਬ ਹੋ ਕੇ ਨੁਕਸਾਨਦਾਇਕ ਕੰਪਾਊਂਡਜ਼ (harmful compounds) ਬਣ ਜਾਂਦੇ ਨੇ।

ਤੀਜਾ, ਇਹ ਤੇਲ ਦੂਸਰਿਆਂ ਤੇਲਾਂ ਨਾਲੋਂ ਕਾਫੀ ਸਸਤੇ ਵੀ ਹਨ। ਹੋ ਸਕਦੈ ਇਨ੍ਹਾਂ ਤਿੰਨਾਂ ਕਾਰਨਾਂ ਕਰ ਕੇ ਇਹ ਲੋਕਾਂ ਨੂੰ ਪਸੰਦ ਹਨ।"

"ਦੀਦੀ, ਸੰਖੇਪ ਵਿੱਚ ਜਿੰਨਾ ਹੋ ਸਕੇ, ਤਲ ਕੇ ਚੀਜ਼ਾਂ ਨਾ ਖਾਓ ਜਾਂ ਕਦੇ ਕਦੇ ਹੀ ਖਾਵੋ। ਦੂਜਾ, ਵੈਜੀਟੇਬਲ ਤੇਲਾਂ ਦਾ ਇਸਤੇਮਾਲ ਨਾ ਕਰੋ ਅਤੇ ਤੀਜਾ, ਓਹੀ ਤੇਲ ਮੁੜ ਮੁੜ ਕੇ ਨਾ ਵਰਤੀ ਜਾਵੋ।"

"ਪ੍ਰੀਤ, ਇੱਕ ਹੋਰ ਬਹੁਤ ਜ਼ਰੂਰੀ ਗੱਲ ਤਾਂ ਰਹਿ ਹੀ ਗਈ ਸੀ। ਬਹੁਤ ਸਾਰੇ ਘਰਾਂ ਅਤੇ ਰੈਸਟੋਰੈਂਟਾਂ ਵਿੱਚ ਗੈਸ ਚੁੱਲ੍ਹੇ ਇਸਤੇਮਾਲ ਹੁੰਦੇ ਨੇ। ਪਿਛਲੇ ਕੁਝ ਸਾਲਾਂ ਵਿੱਚ ਪਤਾ

⇒ **ਬਾਕੀ ਅਗਲੇ ਸਫੇ ਉਤੇ ਪੜ੍ਹੋ**

# ਐੱਮ ਪੌਕਸ:ਵਿਸ਼ਵ ਸਿਹਤ ਸੰਗਠਨ ਤੇ ਗਲੋਬਲ ਹੈਲਥ ਐਮਰਜੈਂਸੀ

ਵਿਸ਼ਵ ਸਿਹਤ ਸੰਗਠਨ ਨੇ ਐੱਮ ਪੌਕਸ ਯਾਨਿ ਮੰਕੀ ਪੌਕਸ ਲਈ ਗਲੋਬਲ ਹੈਲਥ ਐਮਰਜੈਂਸੀ ਦਾ ਐਲਾਨ ਕੀਤਾ ਤਾਂ ਇਹ ਸਵਾਲ ਪੂਰੀ ਦੁਨੀਆਂ ਵਿੱਚ ਪੁੱਛੇ ਜਾਣ ਲੱਗੇ ਕਿ ਕੀ ਐੱਮ ਪੌਕਸ ਨਵਾਂ ਕੋਰੋਨਾ ਹੈ? ਕੀ ਐੱਮ ਪੌਕਸ ਵੱਡੀ ਮਹਾਮਾਰੀ ਬਣ ਸਕਦਾ ਹੈ? ਕੀ ਇਸ ਵਾਇਰਸ ਲਈ ਬਣਾਏ ਟੀਕੇ ਕਾਰਗਰ ਹਨ? ਵਗੈਰਾ ਵਗੈਰਾ। ਵਿਗਿਆਨੀਆਂ ਅਤੇ ਸਿਹਤ ਮਾਹਰਾਂ ਦਾ ਜਵਾਬ ਹੈ- ਨਹੀਂ ਅਜਿਹਾ ਨਹੀਂ ਹੈ; ਪਰ ਹਾਂ, ਲੋਕਾਂ ਦੀ ਫਿਕਰ ਜਾਇਜ਼ ਹੈ। ਯੂਰਪ ਵਿੱਚ ਵਿਸ਼ਵ ਸਿਹਤ ਸੰਗਠਨ ਦੇ ਖੇਤਰੀ ਨਿਰਦੇਸ਼ਕ ਡਾ. ਹਾਨਸ ਕਲੂਗੇ ਨੇ ਕਿਹਾ ਹੈ, "ਐੱਮ ਪੌਕਸ ਨਵਾਂ ਕੋਰੋਨਾ ਨਹੀਂ ਹੈ, ਆਮ ਆਬਾਦੀ ਲਈ ਖ਼ਤਰਾ ਘੱਟ ਹੈ। ਸਾਨੂੰ ਪਤਾ ਹੈ ਕਿ ਐੱਮ ਪੌਕਸ ਕਿਵੇਂ ਕਾਬੂ ਕਰਨਾ ਹੈ। ਯੂਰਪ ਵਿੱਚ ਇਸ ਲਾਗ ਨੂੰ ਕਿਵੇਂ ਰੋਕਣਾ ਹੈ, ਇਸ ਬਾਰੇ ਵੀ ਅਸੀਂ ਜਾਣਦੇ ਹਾਂ।"

ਚੇਤੇ ਰਹੇ, ਕੋਰੋਨਾ ਅਤੇ ਐੱਮ ਪੌਕਸ- ਦੋਵੇਂ ਬੀਮਾਰੀਆਂ ਵਾਇਰਸ ਕਾਰਨ ਹੁੰਦੀਆਂ ਹਨ, ਪਰ ਦੋਵਾਂ ਦੇ ਲੱਛਣ ਕਾਫ਼ੀ ਵੱਖਰੇ ਹਨ ਅਤੇ ਫੈਲਣ ਦਾ ਤਰੀਕਾ ਵੀ ਵੱਖਰਾ ਹੈ। ਕੀਨੀਆ ਦੇ ਆਗਾ ਖ਼ਾਨ ਯੂਨੀਵਰਸਿਟੀ ਹਸਪਤਾਲ ਦੇ ਪ੍ਰੋਫੈਸਰ ਰੋਡਨੇ ਐਡਮ ਅਨੁਸਾਰ ਦੋਵਾਂ ਬੀਮਾਰੀਆਂ ਦੇ ਵਿੱਚ ਸਮਾਨਤਾਵਾਂ ਨਾਲੋਂ ਜ਼ਿਆਦਾ ਫਰਕ ਹਨ। ਐੱਮ ਪੌਕਸ ਕੋਰੋਨਾ ਵਾਇਰਸ ਵਾਂਗ ਨਵਾਂ ਵਾਇਰਸ ਨਹੀਂ ਹੈ। ਐੱਮ ਪੌਕਸ ਪਹਿਲਾਂ ਮੰਕੀ ਪੌਕਸ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹ ਬੀਮਾਰੀ ਸਾਲ 1958 ਤੋਂ ਮੌਜੂਦ ਹੈ। ਇਹ ਵਾਇਰਸ ਸਭ ਤੋਂ ਪਿਹਲਾਂ ਡੈਨਮਾਰਕ ਦੇ ਬਾਂਦਰਾਂ ਵਿੱਚ ਮਿਲਿਆ ਸੀ। ਮਨੁੱਖ ਦੇ ਇਸ ਵਾਇਰਸ ਦੀ ਚਪੇਟ ਵਿੱਚ ਆਉਣ ਦਾ ਪਹਿਲਾ ਮਾਮਲਾ ਲੋਕਤੰਤਰੀ ਗਣਰਾਜ ਕਾਂਗੋ ਵਿੱਚ 1970 ਵਿੱਚ ਦੇਖਣ ਨੂੰ ਮਿਲਿਆ। ਉਦੋਂ ਤੋਂ ਲੈ ਕੇ ਪੱਛਮ ਅਤੇ ਮੱਧ ਅਫਰੀਕਾ ਵਿੱਚ ਇਹ ਵਾਇਰਸ ਕਈ ਵਾਰ ਫੈਲ ਚੁੱਕਾ ਹੈ।

ਐੱਮ ਪੌਕਸ ਬਾਰੇ ਗਲੋਬਲ ਹੈਲਥ ਐਮਰਜੈਂਸੀ ਦਾ ਐਲਾਨ 2022 ਵਿੱਚ ਸਭ ਤੋਂ ਪਹਿਲਾਂ ਕੀਤਾ ਗਿਆ ਸੀ। ਇਹ ਵਾਇਰਸ 70 ਦੇਸਾਂ ਵਿੱਚ ਫੈਲ ਚੁੱਕਾ ਹੈ। ਇਸ ਤੋਂ ਇਲਾਵਾ ਕੋਰੋਨਾ ਦਾ ਪਹਿਲਾ ਹਮਲਾ 2019 ਵਿੱਚ ਚੀਨ ਦੇ ਵੂਹਾਨ ਵਿੱਚ ਦੇਖਣ ਨੂੰ ਮਿਲਿਆ ਸੀ ਅਤੇ ਜਲਦੀ ਹੀ ਇਹ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਿਆ ਤੇ ਵਿਸ਼ਵੀ ਮਹਾਮਾਰੀ ਬਣ ਗਿਆ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਦੋਵਾਂ ਹੀ ਵਾਇਰਸਾਂ ਨੂੰ ਵਿਸ਼ਵ ਸਿਹਤ ਐਮਰਜੈਂਸੀ ਐਲਾਨਿਆ ਗਿਆ, ਪਰ ਹੁਣ ਅਸੀਂ ਐੱਮ ਪੌਕਸ ਬਾਰੇ ਕੋਰੋਨਾ ਨਾਲੋਂ ਜ਼ਿਆਦਾ ਜਾਣਦੇ ਹਾਂ। ਐੱਮ ਪੌਕਸ ਕੋਰੋਨਾ ਵਾਂਗ ਲਾਗਸ਼ੀਲ ਨਹੀਂ ਹੈ। ਹਾਲਾਂਕਿ ਦੋਵੇਂ ਹੀ ਬੀਮਾਰੀਆਂ ਕਰੀਬੀ ਸੰਪਰਕ ਵਿੱਚ ਆਉਣ ਨਾਲ ਫੈਲਦੀਆਂ ਹਨ, ਪਰ ਕੋਰੋਨਾ ਤੇਜ਼ੀ ਨਾਲ ਫੈਲਦਾ ਹੈ ਅਤੇ ਏਅਰਬੋਰਨ ਹੈ।

ਵਿਸ਼ਵ ਸਿਹਤ ਸੰਗਠਨ ਮੁਤਾਬਕ ਕੋਰੋਨਾ ਕਿਸੇ ਇਨਸਾਨ ਦੇ ਖੰਘਣ, ਛਿੱਕਣ, ਬੋਲਣ, ਗਾਉਣ, ਨੇੜੇ ਬੈਠਣ ਨਾਲ ਵੀ ਫੈਲ ਜਾਂਦਾ ਹੈ। ਉੱਥੇ ਹੀ ਐੱਮ ਪੌਕਸ ਕਿਸੇ ਲਾਗ ਵਾਲੇ ਵਿਅਕਤੀ ਨਾਲ ਨਜ਼ਦੀਕ ਆਉਣ ਨਾਲ ਫ਼ੈਲਦਾ ਹੈ। ਜਿਵੇਂ ਤੁਸੀਂ ਮਰੀਜ਼ ਦੀ ਚਮੜੀ ਨੂੰ ਛੂਹ ਲਵੋਂ, ਸਰੀਰਕ ਸੰਬੰਧ ਕਾਇਮ ਹੋ ਜਾਣ, ਮਰੀਜ਼ ਦੇ ਬਿਸਤਰੇ ਉੱਤੇ ਪੈਣ ਨਾਲ ਜਾਂ ਉਸਦੇ ਕੱਪੜੇ ਵਰਤਣ ਨਾਲ। ਦੇਰ ਤੱਕ ਆਹਮੋ-ਸਾਹਮਣੇ ਗੱਲ ਕਰਨ ਨਾਲ ਵੀ ਐੱਮ ਪੌਕਸ ਵਾਇਰਸ ਇੱਕ ਦੂਜੇ ਮਨੁੱਖ ਵਿੱਚ ਜਾ ਸਕਦਾ ਹੈ। ਕੋਰੋਨਾ ਦੇ ਮੁੱਖ ਲੱਛਣ ਸਨ- ਬੁਖਾਰ, ਸਰਦੀ, ਗਲੇ ਵਿੱਚ ਖੁਰਕ; ਜਦਕਿ ਐੱਮ ਪੌਕਸ ਦੇ ਲੱਛਣ ਹਨ- ਬੁਖਾਰ, ਸਿਰ ਦਰਦ, ਪਿੰਡਾ ਦਰਦ, ਗਲੇ ਦੀ ਸੋਜ ਅਤੇ ਦਾਗ।

ਦਸੰਬਰ 2019 ਤੋਂ ਅਗਸਤ 2023 ਤੱਕ 76 ਕਰੋੜ ਤੋਂ ਜ਼ਿਆਦਾ ਕੋਰੋਨਾ ਦੇ ਕੇਸ ਦਰਜ ਕੀਤੇ ਗਏ ਸਨ। ਵਿਸ਼ਵ ਸਿਹਤ ਸੰਗਠਨ ਮੁਤਾਬਕ ਮਈ 2022 ਤੋਂ ਹੁਣ ਤੱਕ ਐੱਮ ਪੌਕਸ ਦੇ ਦੁਨੀਆਂ ਭਰ ਵਿੱਚ ਇੱਕ ਲੱਖ ਦੇ ਲਗਭਗ ਕੇਸ ਦਰਜ ਕੀਤੇ ਗਏ ਹਨ। ਅਫ਼ਰੀਕਾ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪਰਿਵੈਂਸ਼ਨ (ਸੀ.ਡੀ.ਸੀ.) ਨੇ ਕਿਹਾ ਹੈ ਕਿ ਕਰੀਬ 18,910 ਕੇਸ ਦਰਜ ਕੀਤੇ ਗਏ ਅਤੇ 600 ਤੋਂ ਜ਼ਿਆਦਾ ਮੌਤਾਂ ਹੋਈਆਂ।



*ਵਿਸ਼ਵ ਸਿਹਤ ਸੰਗਠਨ ਅਨੁਸਾਰ ਕੋਰੋਨਾ ਵਾਇਰਸ ਦੇ ਮੱਦੇਨਜ਼ਰ ਐੱਮ. ਪੌਕਸ ਬਾਰੇ ਚਿੰਤਾ ਵਧ ਰਹੀ ਹੈ। ਇਸ ਮਹਾਮਾਰੀ ਨਾਲ ਹੁਣ ਤੱਕ ਦੁਨੀਆ ਭਰ ਵਿੱਚ ਲਗਭਗ 15 ਮਿਲੀਅਨ ਮੌਤਾਂ ਹੋਈਆਂ ਹਨ। ਅਫਰੀਕਾ ਤੋਂ ਬਾਅਦ ਥਾਈਲੈਂਡ ਦੂਜਾ ਦੇਸ਼ ਹੈ, ਜਿਸਨੇ ਵੇਰੀਐਂਟ ਦੇ ਇੱਕ ਨਵੇਂ ਕੇਸ ਦੀ ਪੁਸ਼ਟੀ ਕੀਤੀ ਹੈ। ਇਸ ਸਾਲ 13 ਅਫਰੀਕੀ ਦੇਸ਼ਾਂ ਵਿੱਚ 18 ਹਜ਼ਾਰ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਅਤੇ 600 ਦੇ ਕਰੀਬ ਮੌਤਾਂ ਹੋਈਆਂ ਹਨ। ਇਨ੍ਹਾਂ ਵਿੱਚੋਂ 95% ਤੋਂ ਵੱਧ ਕੇਸ ਅਤੇ ਮੌਤਾਂ ਕਾਂਗੋ ਵਿੱਚ ਹੋਈਆਂ ਹਨ।*

ਕੋਰੋਨਾ ਦੇ ਮਾਮਲੇ ਵਿੱਚ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਵੈਕਸੀਨ ਬਣਾਉਣੀ ਹੋਵੇਗੀ, ਫਿਰ ਉਸਦਾ ਟਰਾਇਲ ਹੋਵੇਗਾ, ਫਿਰ ਮਨਜ਼ੂਰੀ ਮਿਲੇਗੀ ਅਤੇ ਫਿਰ ਜਾ ਕੇ ਕੋਰੋਨਾ ਉੱਤੇ ਕਾਬੂ ਕੀਤਾ ਜਾ ਸਕੇਗਾ; ਪਰ ਐੱਮ ਪੌਕਸ ਤੋਂ ਬਚਣ ਲਈ ਵੈਕਸੀਨ ਪਹਿਲਾਂ ਹੀ ਉਪਲਭਦ ਹੈ। ਐੱਮ ਪੌਕਸ ਛੋਟੀ ਚੇਚਕ ਵਰਗਾ ਹੈ। ਵੈਕਸੀਨ ਰਾਹੀਂ ਇਸ ਨਾਲ ਨਿਪਟਣ ਦਾ ਇੰਤਜ਼ਾਮ 1980 ਵਿੱਚ ਹੋ ਗਿਆ ਸੀ। ਜਿਸ ਵੈਕਸੀਨ ਨਾਲ ਸਮਾਲ ਪੌਕਸ ਨਾਲ ਨਜਿੱਠਿਆ ਜਾਂਦਾ ਹੈ, ਉਹੀ ਵੈਕਸੀਨ ਐੱਮ ਪੌਕਸ ਤੋਂ ਵੀ ਬਚਾਅ ਰਹੀ ਹੈ; ਖਾਸ ਕਰਕੇ ਜਦੋਂ 2022 ਵਿੱਚ ਇਹ ਬੀਮਾਰੀ ਫੈਲੀ ਸੀ।

ਪ੍ਰੋਫੈਸਰ ਐਡਮ ਅਨੁਸਾਰ "ਇਹ 100 ਫੀਸਦੀ ਸੁਰੱਖਿਆ ਮੁਹਈਆ ਨਹੀਂ ਕਰਵਾਉਂਦੀ ਹੈ। ਜਦੋਂ 2022 ਵਿੱਚ ਇਹ ਬੀਮਾਰੀ ਯੂਰਪ ਅਤੇ ਅਮਰੀਕਾ ਵਿੱਚ ਫੈਲੀ, ਉਦੋਂ ਬਜ਼ੁਰਗਾਂ ਵਿੱਚ ਇਸ ਦਾ ਖ਼ਤਰਾ ਘੱਟ ਸੀ। ਅਜਿਹਾ ਇਸ ਲਈ ਵੀ ਹੋਇਆ ਹੋਵੇਗਾ, ਕਿਉਂਕਿ ਉਨ੍ਹਾਂ ਨੂੰ ਪਹਿਲਾ ਛੋਟੀ ਚੇਚਕ ਦੀ ਵੈਕਸੀਨ ਲੱਗੀ ਹੋਵੇਗੀ।"

ਸਮਾਲ ਪੌਕਸ ਉੱਤੇ ਅਧਿਕਾਰਿਤ ਐੱਮ ਪੌਕਸ ਐੱਮ.ਵੀ.ਏ.-ਬੀ.ਐੱਨ. ਵੈਕਸੀਨ ਦੇ ਨਾਮ ਤੋਂ ਜਾਣੀ ਜਾਂਦੀ ਹੈ। 2022 ਵਿੱਚ ਵੈਕਸੀਨ ਬਣਾਉਣ ਵਾਲੀ ਕੰਪਨੀ ਬਾਵੇਰਿਅਨ ਨੌਰਡਿਕ ਨੇ ਡੇਢ ਕਰੋੜ ਤੋਂ ਜ਼ਿਆਦਾ ਵੈਕਸੀਨ ਡੋਜ਼ ਸਪਲਾਈ ਕੀਤੀ ਸੀ। ਇਹ ਵੈਕਸੀਨ 76 ਦੇਸਾਂ ਵਿੱਚ ਭੇਜੀ ਗਈ ਸੀ। ਸਮੇਂ ਦੇ ਨਾਲ ਵਾਇਰਸ ਬਦਲਦਾ ਹੈ, ਪਰ ਕੁਝ ਵਾਇਰਸ ਤੇਜ਼ੀ ਨਾਲ ਆਪਣਾ ਰੂਪ ਬਦਲਦੇ ਹਨ, ਜਿਵੇਂ ਕੋਰੋਨਾ। ਲੇਕਿਨ ਐੱਮ ਪੌਕਸ ਅਜਿਹਾ ਨਹੀਂ ਹੈ। ਐੱਮ ਪੌਕਸ ਡੀ.ਐੱਨ.ਏ. ਵਾਇਰਸ ਨਾਲ ਹੁੰਦਾ ਹੈ; ਜਦਕਿ ਕੋਰੋਨਾ ਆਰ.ਐੱਨ.ਏ. ਵਾਇਰਸ ਨਾਲ ਹੁੰਦਾ ਹੈ। ਅਮਰੀਕੀ ਸੁਸਾਇਟੀ ਆਫ਼ ਮਾਈਕ੍ਰੋਬਾਇਓਲੌਜੀ ਮੁਤਾਬਕ ਡੀ.ਐੱਨ.ਏ. ਵਾਇਰਸ ਆਰ.ਐੱਨ.ਏ. ਵਾਇਰਸ ਜਿੰਨੀ ਤੇਜ਼ੀ ਨਾਲ ਰੂਪ ਨਹੀਂ ਬਦਲਦੇ ਹਨ। ਐੱਮ ਪੌਕਸ ਦੇ ਦੋ ਸਟਰੇਨ ਜਾਂ ਰੂਪ ਹਨ- ਕਲੇਡ-1 ਅਤੇ ਕਲੇਡ-2; ਸਾਰਸ-ਕੋਵ2 ਵਾਇਰਸ ਦੇ 20 ਤੋਂ ਜ਼ਿਆਦਾ ਕਲੇਡ ਹਨ। ਅਜੇ ਤਾਂ ਐੱਮ ਪੌਕਸ ਦੀ ਲਾਗ ਫੈਲ ਰਹੀ ਹੈ। ਉਹ ਕਲੇਡ-1 ਨਾਲ ਫੈਲ ਰਿਹਾ ਹੈ, ਜਿਸ ਨੂੰ ਕਲੇਡ-1ਬੀ ਵੀ ਕਹਿੰਦੇ ਹਨ।

ਆਕਸਫੋਰਡ ਯੂਨੀਵਰਸਿਟੀ ਵਿੱਚ ਗਲੋਬਲ ਹੈਲਥ ਰਿਸਰਚ ਦੇ ਪ੍ਰੋਫੈਸਰ ਟੂਡੀ ਲੇਂਗ ਮੁਤਾਬਕ "ਅਸੀਂ ਕਲੇਡ-1ਬੀ ਦੇ ਨਾਲ ਇਹ ਦੇਖ ਰਹੇ ਹਾਂ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਸਰੀਰਕ ਸੰਬੰਧਾਂ ਦੇ ਕਾਰਨ ਫੈਲ ਰਿਹਾ ਹੈ, ਪਰ ਇਹ ਵਿਅਕਤੀਆਂ ਦੇ ਆਪਸੀ ਸੰਪਰਕ ਨਾਲ ਵੀ ਫੈਲ ਰਿਹਾ ਹੈ। ਜਿਵੇਂ ਮਾਂ-ਬੇਟੇ, ਬੱਚਿਆਂ ਤੋਂ ਬੱਚਿਆਂ ਵਿੱਚ ਜਾਂ ਫਿਰ ਬੱਚੇ ਦੀ ਦੇਖਭਾਲ ਦੇ ਕਾਰਨ।" ਵਿਸ਼ਵ ਸਿਹਤ ਸੰਗਠਨ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਉਹ ਨਹੀਂ ਜਾਣਦੇ ਕਿ 1ਬੀ ਸਟਰੇਨ ਬਾਕੀ ਸਟਰੇਨ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਫੈਲ ਰਿਹਾ ਹੈ।

ਕਈ ਲੋਕਾਂ ਦੇ ਮਨ ਵਿੱਚ ਇਹ ਡਰ ਵੀ ਸੀ ਕਿ ਐੱਮ ਪੌਕਸ ਨੂੰ ਜਦੋਂ ਵਿਸ਼ਵੀ ਬੀਮਾਰੀ ਦੱਸਦੇ ਹੋਏ ਐਮਰਜੈਂਸੀ ਦਾ ਐਲਾਨ ਕੀਤਾ ਗਿਆ ਤਾਂ ਹਾਲਾਤ ਕਿਤੇ 2020 ਵਰਗੇ ਤਾਂ ਨਹੀਂ ਹੋ ਜਾਣਗੇ! ਜਦੋਂ ਦੁਨੀਆਂ ਭਰ ਵਿੱਚ ਲਾਕਡਾਊਨ ਲਾਇਆ ਗਿਆ ਸੀ ਅਤੇ ਸਰਹੱਦਾਂ ਉੱਤੇ ਪਾਬੰਦੀਆਂ ਲੱਗ ਗਈਆਂ ਸਨ। ਕਿੰਨੇ ਲੋਕਾਂ ਦੀ ਨੌਕਰੀ ਚਲੀ ਗਈ ਸੀ ਅਤੇ ਹਾਲਾਤ ਬਹੁਤ ਮੁਸ਼ਕਿਲ ਹੋ ਗਏ ਸਨ। ਸ਼ੁਕਰ ਹੈ, ਐੱਮ ਪੌਕਸ ਦੇ ਮਾਮਲੇ ਵਿੱਚ ਹੁਣ ਅਜਿਹਾ ਨਹੀਂ ਹੈ। ਪਿਛਲੇ ਦੋ ਸਾਲਾਂ ਵਿੱਚ ਐੱਮ ਪੌਕਸ ਅਫ਼ਰੀਕਾ ਦੇ 16 ਦੇਸਾਂ ਵਿੱਚ ਫੈਲ ਚੁੱਕਿਆ ਹੈ, ਪਰ ਅਫ਼ਰੀਕਾ ਸੀ.ਡੀ.ਸੀ. ਨੇ ਕਿਸੇ ਸਰਹੱਦ ਉੱਤੇ ਬੰਦਿਸ਼ਾਂ ਲਾਉਣ ਜਾਂ ਲਾਕਡਾਊਨ ਲਾਉਣ ਦੀ ਲੋੜ ਨਹੀਂ ਦੱਸੀ। ਅਫ਼ਰੀਕਾ ਸੀ.ਡੀ.ਸੀ. ਦੇ ਨਿਰਦੇਸ਼ਕ ਜਨਰਲ ਡਾ. ਜੀਨ ਕਾਸਿਆ ਮੁਤਾਬਕ, ਅਜੇ ਅਜਿਹਾ ਕੋਈ ਸਬੂਤ ਨਹੀਂ ਹੈ, ਜਿਸ ਦੇ ਆਧਾਰ ਉੱਤੇ ਲੋਕਾਂ ਦੀ ਆਵਾਜਾਈ ਉੱਤੇ ਰੋਕ ਲਾਈ ਜਾਵੇ ਜਾਂ ਫਿਰ ਮਾਲ ਦੀ ਢੋਆ-ਢੁਆਈ ਨੂੰ ਰੋਕਿਆ ਜਾਵੇ। ਡਾ. ਜੀਨ ਮੁਤਾਬਕ, ਜਿਸ ਤਰ੍ਹਾਂ ਦਾ ਸਮਾਂ ਹੁਣ ਤੱਕ ਚਲਦਾ, ਉਵੇਂ ਹੀ ਚੱਲਦਾ ਰਹੇਗਾ; ਅਸੀਂ ਇਸ ਨਾਲ ਨਿਪਟਣ ਦੇ ਇੰਤਜ਼ਾਮ ਮੁਹਈਆ ਕਰਵਾ ਰਹੇ ਹਾਂ।

ਵਿਸ਼ਵ ਸਿਹਤ ਸੰਗਠਨ ਦੇ ਐਮਰਜੈਂਸੀ ਪ੍ਰੋਗਰਾਮਾਂ ਦੇ ਕਾਰਜਕਾਰੀ ਮੁਖੀ ਡਾ. ਮਾਈਕ ਰਿਆਨ ਵੀ ਸਹਿਮਤੀ ਜਤਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਐੱਮ ਪੌਕਸ ਅਜਿਹਾ ਵਾਇਰਸ ਹੈ, ਜਿਸ ਨੂੰ ਸਹੀ ਸਮੇਂ ਉੱਤੇ ਸਹੀ ਕਦਮ ਚੁੱਕ ਕੇ ਕਾਬੂ ਕੀਤਾ ਜਾ ਸਕਦਾ ਹੈ। ਐੱਮ ਪੌਕਸ ਆਮ ਤੌਰ ਉੱਤੇ ਤੁਲਨਾਤਮਿਕ ਤੌਰ 'ਤੇ ਕਮਜ਼ੋਰ ਵਾਇਰਸ ਹੈ ਅਤੇ ਲੋਕ ਦੋ ਤੋਂ ਚਾਰ ਹਫ਼ਤੇ ਵਿੱਚ ਤੰਦਰੁਸਤ ਹੋ ਜਾਂਦੇ ਹਨ। ਹਾਲਾਂਕਿ ਕੁਝ ਲੋਕਾਂ ਦੀ ਹਾਲਤ ਵਿਗੜਦੀ ਵੀ ਹੈ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਹੋਣਾ ਪੈਂਦਾ ਹੈ। ਐੱਮ ਪੌਕਸ ਤੋਂ ਪੀੜਤ ਵਿਅਕਤੀ ਜਾਂ ਉਸ ਨਾਲ ਸੰਬੰਧਿਤ ਚੀਜ਼ਾਂ ਦੇ ਸੰਪਰਕ ਤੋਂ ਦੂਰ ਰਹਿ ਕੇ ਇਸ ਵਾਇਰਸ ਤੋਂ ਬਚਾਅ ਕੀਤਾ ਜਾ ਸਕਦਾ ਹੈ।

***-ਪੰਜਾਬੀ ਪਰਵਾਜ਼ ਫੀਚਰਜ਼***

## ਵਾਸਤਾ ਈ ਉਸ ਪਰਵਦਗਾਰ ਦਾ, ਨਾ ਖਾਓ-ਨਾ ਖੁਆਓ ਇਹ ਜ਼ਹਿਰ

ਲੱਗਿਐ, ਇਨ੍ਹਾਂ ਦਾ ਇਸਤੇਮਾਲ ਕਰਨਾ ਆਪਣੀ ਸਿਹਤ ਲਈ ਅਤੇ ਆਲੇ-ਦੁਆਲੇ ਲਈ ਨੁਕਸਾਨਦਾਇਕ ਹੋ ਸਕਦੈ। ਸਾਇੰਸ ਮੁਤਾਬਕ ਜਿਨ੍ਹਾਂ ਘਰਾਂ ਵਿੱਚ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਛੋਟੇ ਬੱਚਿਆਂ ਨੂੰ ਦਮੇ (ਅਸਥਮਾ) ਅਤੇ ਐਲਰਜੀ (allergy) ਹੋਣ ਦਾ ਖਤਰਾ ਵਧ ਜਾਂਦੈ। ਜਿਨ੍ਹਾਂ ਬੱਚਿਆਂ ਨੂੰ ਦਮੇ ਦੀ ਬਿਮਾਰੀ ਹੈ, ਉਨ੍ਹਾਂ ਵਿੱਚੋਂ 12% ਨੂੰ ਗੈਸ ਚੁੱਲ੍ਹੇ ਕਰਕੇ ਹੋਇਐ।

ਦੂਸਰਾ, ਇਹ ਗਲੋਬਲ ਵਾਰਮਿੰਗ ਦਾ ਵੀ ਇੱਕ ਕਾਰਨ ਹੈ। ਇਕੱਲੇ ਅਮਰੀਕਾ ਵਿੱਚ ਹਰ ਸਾਲ ਇਨ੍ਹਾਂ ਤੋਂ ਨਿਕਾਸ (emission) ਹੁੰਦੈ, ਜਿਹੜਾ 5 ਲੱਖ ਕਾਰਾਂ ਦੇ ਨਿਕਾਸ ਦੇ ਬਰਾਬਰ ਹੈ।

ਗੈਸ ਚੁੱਲ੍ਹਿਆਂ ਵਿੱਚੋਂ ਟੌਕਸਿਕ ਵਾਸ਼ਪ (toxic fumes) ਨਿਕਲਦੇ ਨੇ, ਜਿਵੇਂ ਕਾਰਬਨ ਮੋਨੋਔਕਸਾਈਡ, ਨਾਈਟ੍ਰਿਕ ਔਕਸਾਈਡ, ਪੌਲੀਸਾਈਕਲਿਕ ਹਾਈਡਰੋਕਾਰਬਨਜ਼ ਮੀਥੇਨ ਅਤੇ ਬੈਨਜੀਨ ਗੈਸ। ਜਦੋਂ ਚੁੱਲ੍ਹਾ ਬੰਦ ਹੁੰਦੈ, ਉਸ ਵੇਲੇ ਵੀ ਥੋੜ੍ਹੀ ਜਿਹੀ ਗੈਸ ਲੀਕ ਹੁੰਦੀ ਰਹਿੰਦੀ ਹੈ। ਇਹ ਗੈਸਾਂ ਆਪਣੀਆਂ ਸਾਹ ਦੀਆਂ ਨਾਲੀਆਂ ਜਲਣ (Irritation) ਕਾਰਨ ਸੋਜਿਸ਼ ਕਰਕੇ ਬਰੌਨਕਾਈਟਿਸ (bronchits) ਅਤੇ ਫੇਫੜਿਆਂ ਨੂੰ ਕਮਜ਼ੋਰ ਕਰ ਸਕਦੀਆਂ ਨੇ।

ਜਦੋਂ ਆਪਾਂ ਇਹ ਚੁੱਲ੍ਹਾ ਜਲਾਉਂਦੇ ਹਾਂ ਤਾਂ ਇੱਕ ਘੰਟੇ ਦੇ ਅੰਦਰ ਹੀ ਇਹ ਵਾਸ਼ਪ (fumes) ਸੌਣ ਵਾਲੇ ਕਮਰਿਆਂ ਤੱਕ ਪਹੁੰਚ ਜਾਂਦੇ ਨੇ। ਕਈ ਸੂਬਿਆਂ ਵਿੱਚ ਇਨ੍ਹਾਂ ਦੀ ਵਰਤੋਂ ਨਵੀਆਂ ਇਮਾਰਤਾਂ, ਘਰਾਂ ਵਿੱਚ ਕੋਸ਼ਿਸ਼ ਕੀਤੀ ਜਾ ਰਹੀ ਹੈ ਬੈਨ ਕਰਨ ਦੀ, ਜਿਵੇਂ ਕੈਲੀਫੋਰਨੀਆ, ਨਿਊ ਯਾਰਕ ਅਤੇ ਸਿਆਟਲ। ਪਰ ਜੇ ਤੁਹਾਡਾ ਚੁੱਲ੍ਹਾ ਠੀਕ ਕੰਮ ਕਰ ਰਿਹੈ ਤਾਂ ਉਹ ਨਹੀਂ ਕਹਿੰਦੇ ਕਿ ਪੁੱਟ ਕੇ ਹੋਰ ਤਰ੍ਹਾਂ ਦਾ ਸਟੋਵ ਲਵਾਓ। ਆਪਣੇ ਬਚਾਓ ਲਈ ਕੁਝ ਹਦਾਇਤਾਂ ਵੱਲ ਧਿਆਨ ਦੇਣਾ ਬਹੁਤ ਹੀ ਜ਼ਰੂਰੀ ਹੈ:

1. ਸਟੋਵ ਦੇ ਉਤੇ ਵਾਲੇ ਪੱਖੇ (exhaust fan) ਨੂੰ ਬਰਨਰ ਚਲਾਉਣ ਤੋਂ ਪਹਿਲਾਂ ਹੀ ਚਲਾ ਲੈਣਾ ਚਾਹੀਦਾ ਹੈ
2. ਬਰਨਰ ਦਾ ਇਸਤੇਮਾਲ ਸਿਰਫ ਜਦੋਂ ਜ਼ਰੂਰਤ ਹੈ, ਉਸੇ ਵੇਲੇ ਹੀ ਜਲਾਓ, ਨਹੀਂ ਤਾਂ ਇੱਕ ਦਮ ਬੰਦ ਕਰ ਦੇਣਾ ਚਾਹੀਦੈ
3. ਤਾਕੀਆਂ ਅਤੇ ਦਰਵਾਜ਼ੇ ਖਾਣਾ ਪਕਾਉਣ ਵੇਲੇ ਖੋਲ੍ਹ ਦੇਵੋ, ਹਵਾ ਸੰਚਾਰ (air circulation) ਲਈ
4. ਕੋਈ ਵੀ ਖਾਣ ਵਾਲੀ ਚੀਜ਼ ਗੈਸ ਸਟੋਵ ਦੀ ਅੱਗ 'ਤੇ ਸਿੱਧੀ (directly) ਨਾ ਪਕਾਓ। ਰੋਟੀਆਂ ਵੀ ਗੈਸ ਦੀ ਅੱਗ ਉਤੇ ਨਾ ਸੇਕੋ। ਮਾੜੀਆਂ ਗੈਸਾਂ ਖੁਰਾਕ ਵਿੱਚ ਸਮਾ ਜਾਂਦੀਆਂ ਨੇ। ਇਹ ਤਾਂ ਬਹੁਤ ਹੀ ਜ਼ਰੂਰੀ ਗੱਲ ਹੈ, ਇਸ ਵੱਲ ਤਵੱਜੋ ਦੇਣ ਦੀ ਜ਼ਰੂਰਤ ਹੈ।"

"ਕੀ ਤਲੀਆਂ ਚੀਜ਼ਾਂ ਕਦੇ ਵੀ ਨਹੀਂ ਖਾਣੀਆਂ ਚਾਹੀਦੀਆਂ?"

"ਕੋਸ਼ਿਸ਼ ਕਰੋ, ਜੇ ਤੁਸੀਂ ਹੋਰ ਤਰੀਕੇ ਨਾਲ ਓਹੀ ਚੀਜ਼ ਬਣਾ ਸਕਦੇ ਹੋ, ਜੇ ਨਹੀਂ ਤਾਂ ਤਲੀ ਚੀਜ਼ ਕਦੇ ਕਦੇ ਖਾ ਸਕਦੇ ਹੋ। ਕੁਝ ਗੱਲਾਂ ਵੱਲ ਧਿਆਨ ਦੇਣਾ ਜ਼ਰੂਰੀ ਏ, ਜਿਵੇਂ:

1. ਤਲਣ ਵੇਲੇ ਬਹੁਤ ਜ਼ਿਆਦਾ ਤਾਪਮਾਨ ਨਾ ਵਰਤੋ। ਤਲਣ ਵੇਲੇ ਵਧੀਆ ਤਾਪਮਾਨ ਹੈ- 350 ਡਿਗਰੀ ਫਾਰਨਹੀਟ ਤੋਂ 375 ਡਿਗਰੀ ਫਾਰਨਹੀਟ
2. ਅੱਛਾ ਤੇਲ ਇਸਤੇਮਾਲ ਕਰੋ (ਵੈਜੀਟੇਬਲ ਤੇਲ ਨਹੀਂ) ਜਿਵੇਂ:

-ਐਵਾਕਾਡੋ ਤੇਲ, ਕੋਲਡ ਪ੍ਰੈਸਡ ਔਰਗੈਨਿਕ- ਇਸ ਦਾ ਸਮੋਕ ਪੁਆਇੰਟ ਹੈ 520 ਡਿਗਰੀ ਫਾਰਨਹੀਟ

-ਗਰਾਸ ਫੈਡ (grass fed) ਘਿਓ, ਇਸ ਦਾ ਸਮੋਕ ਪੁਆਇੰਟ 482 ਡਿਗਰੀ ਫਾਰਨਹੀਟ ਹੈ

-ਨਾਰੀਅਲ ਤੇਲ ਕੋਲਡ ਪ੍ਰੈਸਡ

-ਔਲਿਵ ਆਇਲ ਐਕਸਟਰਾ ਵਰਜਿਨ, ਕੋਲਡ ਪ੍ਰੈਸਡ ਅੱਛੀ ਕਿਸਮ ਦਾ; ਇਸ ਬਾਰੇ ਥੋੜ੍ਹਾ ਵਿਵਾਦ ਹੈ, ਕਾਫੀ ਔਲਿਵ ਆਇਲ ਦੂਸਰੇ ਤੇਲਾਂ ਵਿੱਚ ਮਿਲਾਏ ਮਿਲਦੇ ਹਨ, ਖਰੀਦਣ ਤੋਂ ਪਹਿਲਾਂ ਇਨਗਰੀਡੀਐਂਟ ਅੱਛੀ ਤਰ੍ਹਾਂ ਪੜ੍ਹ ਲਵੋ। ਇਹ ਗੱਲਾਂ ਚੰਗੇ ਤੇਲ ਲਈ ਜ਼ਰੂਰੀ ਹਨ:

*ਇੱਕੋ ਦੇਸ ਤੋਂ ਹੋਵੇ (ਜਿੱਥੇ ਤੇਲ ਬਣਿਆ ਸੀ)

*ਤੀਸਰੀ ਪਾਰਟੀ ਦੀ ਮੋਹਰ ਲੱਗੀ ਹੁੰਦੀ ਏ (union protected designation of origion, or certified extravirgin from California, ਆਸਟਰੇਲੀਆ ਅਤੇ ਚਿੱਲੀ ਤੋਂ ਔਲਿਵ ਆਇਲ ਠੀਕ ਹੁੰਦੈ)

*ਫਰੀ ਫੈਟੀ ਐਸਿਡਜ਼ ਦੀ ਮਾਤਰਾ 0.8 ਤੋਂ ਘੱਟ ਹੋਣੀ ਚਾਹੀਦੀ ਹੈ।

3. ਓਹੀ ਤੇਲ ਦੁਬਾਰਾ ਦੁਬਾਰਾ ਨਾ ਵਰਤੋ।"

"ਦੀਦੀ, ਇਨ੍ਹਾਂ ਸਾਰੀਆਂ ਗੱਲਾਂ ਵੱਲ ਘਰ ਵਿੱਚ ਖਾਣਾ ਬਣਾਉਣ ਵੇਲੇ ਧਿਆਨ ਦੇਣਾ ਤਾਂ ਸੌਖਾ ਹੈ, ਪਰ ਪਾਰਟੀਆਂ ਵਿੱਚ ਜਾਂ ਰੈਸਟੋਰੈਂਟਾਂ 'ਚ ਖਾਣ ਵੇਲੇ ਇਨ੍ਹਾਂ 'ਤੇ ਕੰਟਰੋਲ ਕਰਨਾ ਮੁਸ਼ਕਿਲ ਹੈ।"

"ਸਿਰਫ ਖਾਣੇ ਦੀ ਚੋਣ ਵੇਲੇ ਧਿਆਨ ਰੱਖੋ ਅਤੇ ਸਿਹਤਮੰਦ ਵਸਤੂ ਹੀ ਲਵੋ।"

"ਦੀਦੀ, ਕੀ ਗੁਰਦੁਆਰਿਆਂ ਵਿੱਚ ਵੀ ਵੈਜੀਟੇਬਲ ਤੇਲ ਇਸਤੇਮਾਲ ਕਰਦੇ ਨੇ?"

"ਮੈਂ ਤਾਂ ਇਹੀ ਦੇਖਿਐ।"

"ਤਾਂ ਤੇ ਕੰਮ ਬੜਾ ਖਰਾਬ ਹੈ। ਇੱਕ ਖਰਾਬ ਤੇਲ ਇਸਤੇਮਾਲ ਕੀਤੇ ਜਾਂਦੇ ਨੇ, ਉਤੋਂ ਤਲੀਆਂ ਚੀਜ਼ਾਂ ਅਤੇ ਮਿੱਠੇ (ਸ਼ੂਗਰ) ਵਾਲੀਆਂ ਵਸਤਾਂ- ਬਰਫੀ, ਲੱਡੂ, ਜਲੇਬੀਆਂ ਵਗੈਰਾ ਬੜੇ ਜ਼ੋਰ-ਸ਼ੋਰ ਨਾਲ ਵਰਤਾਈਆਂ ਜਾਂਦੀਆਂ ਨੇ।"

"ਪ੍ਰੀਤ, ਮੈਂ ਦੇਖਿਆ ਜਦੋਂ ਵੀ ਤੂੰ ਗੁਰਦੁਆਰੇ ਜਾਂਦੀ ਏਂ, ਸਭ ਤੋਂ ਪਹਿਲਾਂ ਜਾ ਕੇ ਸਨੈਕਸ ਦੀ ਲਾਈਨ ਵਿੱਚ ਖੜ੍ਹੀ ਹੋ ਜਾਂਦੀ ਏਂ ਅਤੇ ਪਲੇਟ ਭਰ ਕੇ ਇਹੀ ਚੀਜ਼ਾਂ ਖਾਂਦੀ ਏਂ। ਨਾ ਖਾਇਆ ਕਰ।"

"ਦੀਦੀ, ਜੇ ਆਪਣੀ ਪਸੰਦ ਦੀ ਚੀਜ਼ ਹੋਵੇ, ਉਹ ਵੀ ਮੁਫਤ ਦੀ ਖੁੱਲ੍ਹੀ ਮਿਕਦਾਰ ਵਿੱਚ, ਤੁਹਾਡੇ ਵੱਲ ਦੇਖੀ ਜਾਵੇ। ਕਿੰਨਾ ਵੀ ਸਵੈ-ਨਿਯੰਤਰਣ (self control) ਹੋਵੇ, ਤਿੱਤਰ ਹੋ ਜਾਂਦੈ, ਬਾਅਦ ਵਿੱਚ ਦੋਸ਼ੀ (guilty) ਮਹਿਸੂਸ ਕਰੀਦੈ। ਜੇ ਉਥੇ ਇਹ ਚੀਜ਼ਾਂ ਨਾ ਹੀ ਹੋਣ ਤਾਂ ਕਿੰਨਾ ਸੌਖਾ ਹੋ ਜਾਵੇ। ਮੈਨੂੰ ਪੱਕਾ ਪਤਾ ਮੇਰੇ ਵਰਗੇ ਹੋਰ ਵੀ ਬਹੁਤ ਲੋਕ ਹਨ।

ਇਸ ਤਰ੍ਹਾਂ ਦੀਆਂ ਚੀਜ਼ਾਂ ਵਰਤਾਉਣੀਆਂ ਨਹੀਂ ਚਾਹੀਦੀਆਂ, ਜੋ ਲੋਕਾਂ ਦੀ ਸਿਹਤ ਦਾ ਇਤਨਾ ਨੁਕਸਾਨ ਕਰਦੀਆਂ ਹੋਣ। ਹੋਰ ਤਾਂ ਹੋਰ, ਬੱਚੇ ਵੀ ਉਹੀ ਚੀਜ਼ਾਂ ਖਾਂਦੇ ਹਨ।"

"ਇਹ ਤਾਂ ਨਿਰਭਰ ਹੈ, ਜੋ ਲੋਕ ਲੰਗਰ ਕਰਵਾਉਂਦੇ ਨੇ।"

"ਪਰ ਪ੍ਰਬੰਧਕਾਂ ਨੂੰ ਕੁਝ ਕਰਨਾ ਚਾਹੀਦੈ।"

"ਕੀ?"

"ਦੀਦੀ, ਮੇਰਾ ਇੱਕ ਸੁਝਾਓ ਹੈ। ਇਹ ਸ਼ਰਤ ਰੱਖੀ ਜਾਵੇ ਕਿ ਇਹ ਚੀਜ਼ਾਂ ਤਲੀਆਂ ਅਤੇ ਸ਼ੂਗਰ ਵਾਲੀਆਂ ਨਾ ਵਰਤਾਓ। ਜੇ ਵਰਤਾਉਣੀਆਂ ਹਨ, ਉਹ ਸਿਹਤ ਲਈ ਹਾਨੀਕਾਰਕ ਨਹੀਂ ਹੋਣੀਆਂ ਚਾਹੀਦੀਆਂ। ਚਾਹ ਨਾਲ ਇੱਕ ਚੀਜ਼ ਹੀ ਕਾਫੀ ਹੈ। ਲੰਗਰ ਵੀ ਸਾਧਾਰਨ ਹੋਣਾ ਚਾਹੀਦੈ। ਜਿਹੜੇ ਪੈਸਿਆਂ ਦੀ ਬੱਚਤ ਹੁੰਦੀ ਏ। ਜੇ ਕਿਸੇ ਨੇ ਬੱਲੇ-ਬੱਲੇ ਕਰਾਉਣੀ ਏ, ਉਹ ਦਾਨ ਦੇ ਦੇਣ ਅਤੇ ਉਨ੍ਹਾਂ ਦਾ ਨਾਂ ਗੁਰਦੁਆਰੇ ਦੇ ਹਾਲ ਵਿੱਚ ਦਾਨ ਦੇਣ ਵਾਲਿਆਂ ਦੀ ਸੂਚੀ ਵਿੱਚ ਲਿਖ ਦਿੱਤਾ ਜਾਵੇ। ਇਸ ਨਾਲ ਲੰਗਰ ਕਰਵਾਉਣ ਵਾਲਿਆਂ ਦੀ ਬੱਲੇ ਬੱਲੇ ਵੀ ਹੋ ਜਾਵੇਗੀ ਅਤੇ ਕਿਸੇ ਗਰੀਬ ਵਿਦਿਆਰਥੀ ਦੀ ਫੀਸ ਦੇਣ ਦਾ ਭਲਾ ਕੰਮ ਵੀ ਹੋ ਜਾਵੇਗਾ। ਨੁਕਸਾਨਦਾਇਕ ਖੁਰਾਕ ਤੋਂ ਬਚਾਅ ਹੋ ਕੇ ਸੰਗਤ ਦਾ ਵੀ ਬਚਾਅ ਹੋਵੇਗਾ। ਸਾਰੇ ਪਾਸੇ ਜਿੱਤ ਹੀ ਜਿੱਤ ਵਾਲੀ ਸਥਿਤੀ।

ਇੱਕ ਹੋਰ ਫਾਇਦਾ- ਜੇ ਲੰਗਰ ਸਧਾਰਨ ਹੋਵੇਗਾ, ਪੈਸੇ ਘੱਟ ਖਰਚ ਹੋਣਗੇ। ਹੋ ਸਕਦੈ ਹੋਰ ਲੋਕ ਅੱਗੇ ਆਉਣਗੇ ਲੰਗਰ ਕਰਵਾਉਣ ਲਈ।"

"ਤੇਰਾ ਖਿਆਲ ਤਾਂ ਨੇਕ ਹੈ, ਪਰ ਤੂੰ ਕਿਹੜੇ ਖੇਤ ਦੀ ਮੂਲ਼ੀ ਐਂ? ਤੇਰੀ ਸਲਾਹ ਕਿਸ ਨੇ ਮੰਨਣੀ ਐ? ਮੈਂ ਇੱਥੇ ਹੀ ਬੰਦ ਕਰਦੀ ਹਾਂ, ਬਾਕੀ ਅਗਲੀ ਵਾਰੀ। ਤੂੰ ਆਪਣੀ ਨੇਕ ਸਲਾਹ ਲੈ ਕੇ ਜਾਹ ਪ੍ਰਬੰਧਕਾਂ ਕੋਲ- ਗੁੱਡ ਲੱਕ!


ਹਾਂ ਸੱਚ! ਭੁੱਲੀਂ ਨਾ ਆਪਣੀਆਂ ਸਹੇਲੀਆਂ ਨਾਲ ਇਹ ਜਾਣਕਾਰੀ ਸਾਂਝੀ ਕਰਨੀ। ਯਾਦ ਹੈ! ਕਰ ਭਲਾ, ਹੋ ਭਲਾ। ਵਾਹਿਗੁਰੂ ਭਲੀ ਕਰੇ।"

ਵੰਡ '47 ਦੀ

# ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

*1947 ਦੇ ਮੁਲਕੀ ਵੰਡ-ਵੰਡਾਰੇ ਅਤੇ ਮਨੁੱਖੀ ਵੱਢ-ਵਢਾਂਗੇ ਦੀ ਪੀੜ ਜਿਨ੍ਹਾਂ ਨੇ ਸਹੀ ਹੈ, ਉਨ੍ਹਾਂ ਵਿੱਚੋਂ ਬੇਸ਼ੱਕ ਬਹੁਤੇ ਤਾਂ ਇਸ ਦੁਨੀਆਂ ਤੋਂ ਰੁਖਸਤ ਹੋ ਗਏ ਹਨ, ਪਰ ਇਸ ਦੀ ਵਿਆਪਕ ਪੀੜ ਅੱਜ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਬਟਵਾਰੇ ਦੇ ਦੁਖਾਂਤ ਲਈ ਅਸਲ ਕਾਰਨ ਕੀ ਬਣੇ ਜਾਂ ਕਿਸ ਤਰ੍ਹਾਂ ਪ੍ਰਸਥਿਤੀਆਂ ਪੈਦਾ ਹੁੰਦੀਆਂ ਗਈਆਂ; ਜਾਂ ਇਸ ਸਭ ਲਈ ਅਸਲ ਦੋਸ਼ੀ ਕੌਣ ਸਨ? ਬਾਰੇ ਲਿਖਿਆ ਹਥਲਾ ਲੇਖ ਬਹੁਤ ਧਿਆਨ ਮੰਗਦਾ ਹੈ। ਲੇਖਕ ਦੇ ਸ਼ਬਦਾਂ ਵਿੱਚ "ਇਹ ਕਹਿਣਾ ਕਿ ਮੁਲਕ ਦੀ ਵੰਡ ਦੇ ਬੀਜ ਅੰਗਰੇਜ਼ਾਂ ਨੇ ਬੀਜੇ ਬਹੁਤ ਗਲਤ ਹੈ।" ਇਸ ਸਬੰਧੀ ਉਨ੍ਹਾਂ ਕੁਝ ਦਲੀਲਾਂ ਵੀ ਪੇਸ਼ ਕੀਤੀਆਂ ਹਨ ਅਤੇ ਇਸ ਦੇ ਇਰਦ-ਗਿਰਦ ਜੁੜਦੀਆਂ ਗਈਆਂ ਜਾਂ ਪੈਦਾ ਕੀਤੀਆਂ ਗਈਆਂ ਘਟਨਾਵਾਂ ਦੇ ਪਰਿਪੇਖ ਵਿੱਚ ਵੱਖਰੇ ਕੋਣ ਤੋਂ ਨਜ਼ਰੀਆ ਜਾਹਰ ਕੀਤਾ ਹੈ। ਲੇਖਕ ਦੇ ਵਿਚਾਰਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ, ਪਰ ਇਸ ਮਾਮਲੇ ਬਾਰੇ ਅਸੀਂ ਇਹ ਲੇਖ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰ ਰਹੇ ਹਾਂ, ਜਿਸ ਵਿੱਚ '1947 ਦੀ ਵੰਡ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?' ਉਤੇ ਵੀ ਚਰਚਾ ਕੀਤੀ ਗਈ ਹੈ। ਪੇਸ਼ ਹੈ, '47 ਦੀ ਵੰਡ ਬਾਬਤ ਲੰਮੇ ਲੇਖ ਦੀ ਪਹਿਲੀ ਕਿਸ਼ਤ...*

**ਮਸਲੇ**



**ਗੁਰਪ੍ਰੀਤ ਸਿੰਘ ਮੰਡਿਆਣੀ**
**ਫੋਨ: +91-8872664000**

1947 ਵਿੱਚ ਹੋਈ ਭਾਰਤ ਦੀ ਵੰਡ ਦੌਰਾਨ ਕੀ ਸਿੱਖਾਂ ਨੂੰ ਵੱਖਰਾ ਮੁਲਕ ਮਿਲਦਾ ਸੀ ਜਾਂ ਨਹੀਂ? ਇਸਦਾ ਬਾ-ਦਲੀਲ ਜਵਾਬ ਹਾਲੇ ਤਕ ਕੌਮ ਕੋਲ ਨਹੀਂ ਹੈ। ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਨੂੰ ਕੇਂਦਰ ਸਰਕਾਰ ਵੱਲੋਂ ਕੋਰਾ ਜਵਾਬ ਮਿਲਣ 'ਚੋਂ ਨਿਕਲੀ ਨਿਰਾਸ਼ਾ ਦਾ ਹੀ ਸਿੱਟਾ ਸੀ ਕਿ ਅਕਾਲੀ ਦਲ ਨੇ ਸਰਕਾਰ ਉਤੇ ਵਾਅਦਾ ਖਿਲਾਫੀ ਦਾ ਇਲਜ਼ਾਮ ਲਗਾਉਣ ਖਾਤਰ ਇਹ ਦਲੀਲ ਘੜੀ ਕਿ ਸਿੱਖਾਂ ਨੂੰ ਤਾਂ ਵੱਖਰਾ ਮੁਲਕ ਮਿਲਦਾ ਸੀ, ਪਰ ਕਾਂਗਰਸ ਵੱਲੋਂ ਭਾਰਤ ਵਿੱਚ ਸਿੱਖਾਂ ਨੂੰ ਖੁਦਮੁਖਤਾਰ ਖਿੱਤਾ ਦੇਣ ਦੇ ਕੀਤੇ ਵਾਅਦੇ 'ਤੇ ਇਤਬਾਰ ਕਰਕੇ ਅਸੀਂ ਭਾਰਤ ਨਾਲ ਰਲੇ, ਪਰ ਖੁਦਮੁਖਤਿਆਰ ਖਿੱਤਾ ਤਾਂ ਇੱਕ ਪਾਸੇ ਰਿਹਾ ਤੁਸੀਂ ਆਪਦੇ ਮੁਤੈਹਤ ਇੱਕ ਸੂਬਾ ਵੀ ਦੇਣ ਨੂੰ ਤਿਆਰ ਨਹੀਂ। ਇਹ ਗੱਲ ਪੱਲੇ ਪਈ ਨਿਰਾਸ਼ਾ ਵਿੱਚੋਂ ਨਿਕਲੀ ਸੀ। ਏਸ ਗੱਲ ਨੇ ਵੀ ਸਿੱਖਾਂ ਵਿੱਚ ਘਰ ਕੀਤਾ ਕਿ ਹਾਂ ਸਾਨੂੰ 47 ਮੌਕੇ ਵੱਖਰਾ ਮੁਲਕ ਮਿਲਦਾ ਸੀ, ਕਿਉਂਕਿ ਕੇਂਦਰ ਉਤੇ ਵਾਅਦਾ ਖਿਲਾਫੀ ਦਾ ਇਲਜ਼ਾਮ ਲਾਉਣਾ ਸੀ ਇਸ ਕਰਕੇ ਕੋਈ ਵੀ ਸਿੱਖ ਵੱਖਰੇ ਮੁਲਕ ਮਿਲਣ ਦੀ ਗੱਲ ਦਾ ਖੰਡਨ ਨਹੀਂ ਸੀ ਕਰ ਸਕਦਾ।


ਦੂਜਾ ਮੌਕਾ 1982 ਤੋਂ 1984 ਤਕ ਚੱਲੇ ਧਰਮ ਯੁੱਧ ਮੋਰਚੇ ਵੇਲੇ ਸੀ, ਜਦੋਂਕਿ ਇਹੀ ਗੱਲ ਮੁੜ ਦੁਹਰਾਈ ਅਤੇ ਸਟੇਜਾਂ 'ਤੇ ਖੂਬ ਪ੍ਰਚਾਰੀ ਗਈ। ਆਮ ਲੋਕਾਂ ਨੂੰ ਇਹੀ ਜਾਪਦਾ ਹੈ ਕਿ ਅੰਗਰੇਜ਼ਾਂ ਨੇ ਹੀ ਮੁਲਕ ਦੀ ਵੰਡ ਕੀਤੀ। ਵੰਡ ਕਰਨ ਵੇਲੇ ਉਨ੍ਹਾਂ ਨੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਪੁੱਛਿਆ, "ਹਾਂ ਬਈ ਦੱਸੋ ਤੁਹਾਨੂੰ ਕੀ ਚਾਹੀਦਾ ਹੈ?" ਇਸਦੇ ਜਵਾਬ ਵਿੱਚ ਮੁਸਲਮਾਨਾਂ ਨੇ ਪਾਕਿਸਤਾਨ ਮੰਗ ਲਿਆ, ਹਿੰਦੂਆਂ ਨੇ ਹਿੰਦੁਸਤਾਨ ਮੰਗ ਲਿਆ ਅਤੇ ਸਿੱਖਾਂ ਨੇ ਕੁਝ ਨਹੀਂ ਮੰਗਿਆ। ਜਾਂ ਇਉਂ ਕਹਿ ਲਓ ਕਿ ਅੰਗਰੇਜ਼ ਤਿੰਨੇ ਕੌਮਾਂ ਨੂੰ ਅੱਡੋ-ਅੱਡ ਮੁਲਕ ਦਿੰਦੇ ਸੀ। ਮੁਸਲਮਾਨ ਪਾਕਿਸਤਾਨ ਲੈ ਗਏ ਅਤੇ ਸਿੱਖਾਂ ਨੂੰ ਸਿੱਖ ਹੋਮਲੈਂਡ ਦਿੰਦੇ ਸੀ, ਪਰ ਉਨ੍ਹਾਂ ਨੇ ਲਿਆ ਨਹੀਂ ਤੇ ਹਿੰਦੁਸਤਾਨ ਵਿੱਚ ਰਹਿਣ ਦਾ ਹੀ ਫੈਸਲਾ ਕੀਤਾ। ਇਹ ਗੱਲ ਐਨੀ ਸਿੱਧੀ ਨਹੀਂ ਹੈ, ਜਿੰਨੀ ਕਿ ਪ੍ਰਚਾਰੀ ਜਾ ਰਹੀ ਹੈ। ਨਾ ਹੀ ਇਸਦਾ ਕੋਈ ਸਿੱਧਮ-ਸਿੱਧਾ ਦੋ ਹਰਫੀ ਜਵਾਬ ਹੈ। ਇਹਦਾ ਅਸਲੀ ਜਵਾਬ ਲੱਭਣ ਲਈ ਸਾਨੂੰ 1947 ਤੋਂ ਵੀ ਪਿਛਲੇ ਸੌ ਸਾਲਾਂ ਦੇ ਇਤਿਹਾਸ ਦੀ ਪੜਚੋਲ ਕਰਨੀ ਪਵੇਗੀ। ਦੂਜੀ ਗੱਲ ਇਹ ਕਿ ਮੁਲਕ ਦੀ ਵੰਡ ਵੇਲੇ ਜੋ ਕਤਲੋਗਾਰਤ ਹੋਈ, ਉਸ ਕਰਕੇ ਇਹਦੀ ਜ਼ਿੰਮੇਵਾਰੀ ਮੁਲਕ ਦੇ ਵੰਡਾਰੇ ਸਿਰ ਪਾਈ ਜਾਂਦੀ ਹੈ, ਪਰ ਇਹ ਜ਼ਰੂਰੀ ਨਹੀਂ ਸੀ ਕਿ ਜੇ ਮੁਲਕ ਦਾ ਵੰਡਾਰਾ ਹੋਣਾ ਸੀ ਤਾਂ ਕਤਲੋਗਾਰਤ ਵੀ ਲਾਜ਼ਮੀ ਹੋਣੀ ਸੀ। ਵੰਡ ਤਾਂ ਸਾਰੇ ਮੁਲਕ ਦੀ ਹੋਈ, ਪਰ ਕਤਲੇਆਮ ਸਿਰਫ ਪੰਜਾਬ ਵਿੱਚ ਹੀ ਹੋਇਆ। ਪੰਜਾਬ ਤੋਂ ਬਾਹਰਲੇ ਭਾਰਤੀ ਸੂਬਿਆਂ ਵਿੱਚ ਮੁਸਲਮਾਨ ਮਹਿਫੂਜ਼ ਰਹੇ। ਪਾਕਿਸਤਾਨ ਵਾਲੇ ਪਾਸੇ ਪੰਜਾਬ ਤੋਂ ਦੂਜੇ ਸੂਬਿਆਂ ਵਿੱਚ ਵੀ ਹਿੰਦੂ, ਸਿੱਖ ਮਹਿਫੂਜ਼ ਰਹੇ। ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਅੱਜ ਵੀ ਹਿੰਦੂਆਂ ਦੀ 22 ਲੱਖ ਆਬਾਦੀ ਹੈ। ਪਾਕਿਸਤਾਨ ਦੇ ਫਰੰਟੀਅਰ ਸੂਬੇ ਵਿੱਚ ਵੀ ਹਿੰਦੂ-ਸਿੱਖਾਂ ਦਾ ਕਤਲੇਆਮ ਨਹੀਂ ਹੋਇਆ। ਜਿਹੜੇ ਸਿੱਖ ਉਥੋਂ ਉਠ ਕੇ ਆਏ, ਆਪ ਦੀ ਮਰਜ਼ੀ ਨਾਲ ਉਠ ਕੇ ਆਏ। ਅੱਜ ਵੀ ਸਿੱਖਾਂ ਦੀ ਵੱਧ ਵਸੋਂ ਪਾਕਿਸਤਾਨ ਦੇ ਫਰੰਟੀਅਰ ਸੂਬੇ ਵਿੱਚ ਹੀ ਹੈ।

ਦੂਜਾ ਵਿਚਾਰਨਯੋਗ ਸਵਾਲ ਇਹ ਹੈ ਕਿ ਵੰਡ ਲਈ ਸਿਰਫ ਅੰਗਰੇਜ਼ ਜ਼ਿੰਮੇਵਾਰ ਸੀ ਜਾਂ ਕੋਈ ਹੋਰ ਕਾਰਨ? ਆਓ, ਸਭ ਤੋਂ ਪਹਿਲਾਂ ਏਸ ਗੱਲ ਨੂੰ ਵਿਚਾਰਦੇ ਹਾਂ। ਵੰਡ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹਿੰਦੂਆਂ ਦੀ ਨੁਮਾਇੰਦਗੀ ਕਰਦੇ ਕਾਂਗਰਸੀ ਆਗੂਆਂ 'ਤੇ ਹੀ ਆਉਂਦੀ ਹੈ। ਉਨ੍ਹਾਂ ਨੂੰ ਵੰਡ ਦੀ ਜ਼ਿੰਮੇਵਾਰੀ ਤੋਂ ਬਚਾਉਣ ਖਾਤਿਰ ਭਾਰਤ ਵਾਲੇ ਪਾਸੇ ਵੰਡ ਦੀ ਜ਼ਿੰਮੇਵਾਰੀ ਅੰਗਰੇਜ਼ਾਂ 'ਤੇ ਸੁੱਟੀ ਗਈ। ਕਾਂਗਰਸੀ ਆਗੂਆਂ ਨੇ ਆਪਦੀ ਜ਼ਿੰਮੇਵਾਰੀ ਤੋਂ ਸੁਰਖਰੂ ਹੋਣ ਖਾਤਰ ਇਹਦਾ ਖੰਡਨ ਨਾ ਕੀਤਾ, ਬਲਕਿ ਇਸ ਦਲੀਲ ਨੂੰ ਹੱਲਾਸ਼ੇਰੀ ਦਿੱਤੀ। ਅੰਗਰੇਜ਼ ਇੱਥੇ ਨਾ ਰਹਿਣ ਕਰਕੇ ਆਪਦੇ ਉਤੇ ਲੱਗੇ ਇਸ ਦੋਸ਼ ਦੀ ਕੋਈ ਕਾਟ ਨਾ ਕਰ ਸਕੇ, ਜਿਸਦੀ ਵਜ੍ਹਾ ਕਰਕੇ ਇਹ ਵਿਚਾਰ ਪੱਕਾ ਹੁੰਦਾ ਗਿਆ ਕਿ ਜਾਂਦੇ ਜਾਂਦੇ ਅੰਗਰੇਜ਼ ਮੁਲਕ ਦੇ ਟੋਟੇ ਕਰ ਗਏ। ਹਾਲਾਂਕਿ ਇਹ ਦਲੀਲ ਬਿਲਕੁਲ ਹੀ ਤੱਥਾਂ ਤੋਂ ਕੋਰੀ ਹੈ। ਆਓ ਦੇਖਦੇ ਹਾਂ ਕਿਵੇਂ?

ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਵੰਡ ਨਹੀਂ ਕੀਤੀ। ਸੁਣਨ ਨੂੰ ਤਾਂ ਇਹ ਗੱਲ ਬੜੀ ਗਲਤ ਲੱਗਦੀ ਹੈ। 1966 ਵਿੱਚ ਪੰਜਾਬੀ ਸੂਬਾ ਪੰਜਾਬ ਦੀ ਵੰਡ ਕਰਕੇ ਹੋਂਦ ਵਿੱਚ ਆਇਆ, ਸੋ ਪੰਜਾਬੀ ਸੂਬੇ ਦੀ ਕਾਇਮੀ ਨੂੰ ਪੰਜਾਬ ਦੀ ਵੰਡ ਵੀ ਕਿਹਾ ਜਾਂਦਾ ਹੈ। ਪੰਜਾਬੀ ਸੂਬੇ ਦਾ ਵਿਰੋਧ ਕਰਨ ਵਾਲੇ ਇਸ ਨੂੰ ਪੰਜਾਬ ਦੀ ਵੰਡ ਦਾ ਹੀ ਨਾਂ ਦਿੰਦੇ ਹਨ। ਜਿਵੇਂ ਪੰਜਾਬੀ ਸੂਬਾ ਬਣਾਇਆ ਤਾਂ ਬੇਸ਼ੱਕ ਪਾਰਲੀਮੈਂਟ ਦੇ ਇੱਕ ਐਕਟ ਰਾਹੀਂ ਗਿਆ, ਪਰ ਇਸ ਲਈ ਉਸ ਵੇਲੇ ਦੀ ਕਾਂਗਰਸ ਸਰਕਾਰ ਨੂੰ ਬਿਲਕੁਲ ਨਾ ਤਾਂ ਦੋਸ਼ ਦਿੱਤਾ ਜਾਂਦਾ ਹੈ ਅਤੇ ਨਾ ਹੀ ਉਸਨੂੰ ਇਸਦਾ ਕ੍ਰੈਡਿਟ ਦਿੱਤਾ ਜਾਂਦਾ ਹੈ। ਅਕਾਲੀਆਂ ਤੋਂ ਬਿਨਾ ਬਾਕੀ ਸਾਰੀਆਂ ਸਿਆਸੀ ਧਿਰਾਂ ਪੰਜਾਬੀ ਸੂਬੇ ਦੀ ਕਾਇਮੀ ਲਈ ਅਕਾਲੀਆਂ ਨੂੰ ਸਿਰਫ ਜ਼ਿੰਮੇਵਾਰ ਹੀ ਨਹੀਂ, ਬਲਕਿ ਦੋਸ਼ ਦਿੰਦੀਆਂ ਹਨ। ਜਦਕਿ ਅਕਾਲੀ ਇਸਦਾ ਕ੍ਰੈਡਿਟ ਆਪਣੇ ਸਿਰ ਲੈਂਦੇ ਹਨ, ਕਿਉਂਕਿ ਉਨ੍ਹਾਂ ਦੀ ਲੰਬੀ ਜੱਦੋਜਹਿਦ ਕਰਕੇ ਹੀ ਸਰਕਾਰ ਨੇ ਇਹ ਮੰਗ ਮੰਨੀ ਸੀ; ਹਾਲਾਂਕਿ ਉਹ ਪੰਜਾਬੀ ਸੂਬੇ ਨੂੰ ਅਧੂਰਾ ਰੱਖਣ ਲਈ ਇੰਦਰਾ ਗਾਂਧੀ ਦੀ ਸਰਕਾਰ ਨੂੰ ਦੋਸ਼ ਦਿੰਦੇ ਹਨ। ਭਾਵ ਇਹ ਕਿ ਅਕਾਲੀਆਂ ਸਣੇ ਕੋਈ ਵੀ ਸਿਆਸੀ ਧਿਰ ਪੰਜਾਬ ਦੀ ਵੰਡ ਖਾਤਰ ਉਸ ਸਰਕਾਰ ਨੂੰ ਬਿਲਕੁਲ ਜ਼ਿੰਮੇਵਾਰ ਕਰਾਰ ਨਹੀਂ ਦਿੰਦੀ, ਜੀਹਨੇ ਪੰਜਾਬ ਦੀ ਵੰਡ ਨੂੰ ਕਾਨੂੰਨੀ ਜਾਮਾ ਪਹਿਨਾਇਆ। ਸੋ ਜਿਵੇਂ 1966 ਵਿੱਚ ਭਾਰਤ ਦੀ ਸਰਕਾਰ, ਪੰਜਾਬ ਦੀ ਵੰਡ ਲਈ ਸਿਰਫ ਇਸੇ ਕਰਕੇ ਹੀ ਜ਼ਿੰਮੇਵਾਰ ਜਾਂ ਦੋਸ਼ੀ ਨਹੀਂ ਠਹਿਰਾਈ ਜਾਂਦੀ ਕਿ ਉਸਨੇ ਪੰਜਾਬ ਦੀ ਵੰਡ ਦਾ ਕਾਨੂੰਨ ਪਾਸ ਕੀਤਾ। ਅਕਾਲੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਧਿਰਾਂ- ਕਾਂਗਰਸ, ਜਨ ਸੰਘ ਅਤੇ ਆਰੀਆ ਸਮਾਜੀਆਂ ਨੇ ਪੰਜਾਬ ਦੀ ਵੰਡ (ਪੰਜਾਬੀ ਸੂਬੇ) ਦੀ ਪੁੱਜ ਕੇ ਮੁਖਾਲਫਤ ਕੀਤੀ ਸੀ। ਇਸੇ ਤਰ੍ਹਾਂ ਉਤਰਾਖੰਡ ਰਾਜ ਕਾਇਮ ਕਰਨ ਲਈ ਸੰਨ 2000 'ਚ ਯੂ.ਪੀ. ਦੀ ਵੰਡ ਕੀਤੀ ਗਈ।

ਭਾਰਤ ਦੇ ਹੋਰ ਬਹੁਤ ਸਾਰੇ ਸੂਬਿਆਂ ਦੀ ਵੰਡ ਵੀ ਹੋਈ, ਪਰ ਇਨ੍ਹਾਂ ਵੰਡਾਂ ਖਾਤਰ ਕਦੇ ਵੀ ਭਾਰਤ ਸਰਕਾਰ ਨੂੰ ਦੋਸ਼ ਨਹੀਂ ਦਿੱਤਾ ਗਿਆ। ਇਵੇਂ ਹੀ 1947 ਵਿੱਚ ਹਿੰਦੁਸਤਾਨ ਦੀ ਵੰਡ 'ਤੇ ਮੋਹਰ ਲਾਉਣ ਖਾਤਰ 'ਇੰਡੀਅਨ ਇੰਡੀਪੈਂਡੈਂਸ ਐਕਟ-1947' ਬਰਤਾਨਵੀ ਪਾਰਲੀਮੈਂਟ ਵਿੱਚ ਪਾਸ ਕੀਤਾ ਗਿਆ। ਇਸ ਵੰਡ ਨੂੰ ਰੋਕਣ ਖਾਤਰ ਅੰਗਰੇਜ਼ ਸਰਕਾਰ ਕਈ ਵਰ੍ਹੇ ਜ਼ੋਰ ਲਾਉਂਦੀ ਰਹੀ, ਪਰ ਅਖੀਰ ਵਿੱਚ ਵੰਡ ਦਾ ਵਿਰੋਧ ਕਰਨ ਵਾਲੀ ਧਿਰ ਕਾਂਗਰਸ ਨੇ ਹੀ ਵੰਡ ਨੂੰ ਜ਼ਰੂਰੀ ਦੱਸਿਆ ਤਾਂ ਅੰਗਰੇਜ਼ ਸਰਕਾਰ ਨੇ ਸਾਰੀਆਂ ਧਿਰਾਂ ਨੂੰ ਲਿਖਤੀ ਤੌਰ 'ਤੇ ਵੰਡ ਦੀ ਸਹਿਮਤੀ ਲਈ। ਭਾਰਤ ਦੇ ਕਿਸੇ ਵੀ ਸੂਬੇ ਦੀ ਵੰਡ ਮੌਕੇ ਸਾਰੀਆਂ ਧਿਰਾਂ ਦੀ ਸਹਿਮਤੀ ਕਦੀ ਵੀ ਨਹੀਂ ਹੋਈ, ਖਾਸ ਕਰਕੇ ਹੱਦਬੰਦੀ ਵੇਲੇ। ਜਿਹੜੀਆਂ ਦਲੀਲਾਂ ਰਾਹੀਂ ਪੰਜਾਬ ਦੀ ਵੰਡ ਖਾਤਰ ਭਾਰਤ ਦੀ ਸਰਕਾਰ ਨੂੰ ਜ਼ਿੰਮੇਵਾਰ ਕਰਾਰ ਨਹੀਂ ਦਿੱਤਾ ਜਾਂਦਾ, ਉਸੇ ਤਰ੍ਹਾਂ ਹੀ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਵੰਡ ਕੀਤੀ। ਜਿੰਨੀ ਸਰਬਸੰਮਤੀ 1947 ਵਿੱਚ ਹਿੰਦੁਸਤਾਨ ਦੀ ਵੰਡ ਦੇ ਮੁੱਦੇ ਉਤੇ ਸੀ, ਓਨੀ ਸਹਿਮਤੀ ਆਜ਼ਾਦ ਹਿੰਦੁਸਤਾਨ ਵਿੱਚ ਤਾਂ ਕਿਸੇ ਸੂਬੇ ਦੀ ਵੰਡ ਉਤੇ ਵੀ ਨਹੀਂ ਹੋਈ।

ਇਤਿਹਾਸ ਵਿੱਚ ਕੋਈ ਇਹੋ ਜਿਹੀ ਮਿਸਾਲ ਨਹੀਂ ਮਿਲਦੀ ਕਿ ਸਾਰੇ ਹਿੰਦੁਸਤਾਨ ਵਿੱਚ ਵੰਡ ਦੇ ਖਿਲਾਫ ਕੋਈ ਮੁਜ਼ਾਹਰਾ ਹੋਇਆ ਹੋਵੇ ਜਾਂ ਕਿਸੇ ਸਿਆਸੀ ਪਾਰਟੀ ਨੇ ਇਸਦੇ ਖਿਲਾਫ ਬਿਆਨ ਦਿੱਤਾ ਹੋਵੇ। ਹਾਲਾਂਕਿ ਮੁਲਕ ਦੀ ਵੰਡ ਦਾ ਅਮਲ 2-4 ਦਿਨਾਂ ਵਿੱਚ ਹੀ ਨਹੀਂ ਹੋਇਆ ਪੂਰਾ ਹੋਇਆ। ਵੰਡ ਅਟੱਲ ਹੋਣ ਦੀਆਂ ਕਨਸੋਆਂ ਤਾਂ ਮਾਰਚ 1947 ਵਿੱਚ ਹੀ ਸ਼ੁਰੂ ਹੋ ਗਈਆਂ ਸਨ, ਜਦਕਿ ਵੰਡ ਦੀ ਬਾਕਾਇਦਾ ਤਜਵੀਜ਼ 3 ਜੂਨ 1947 ਨੂੰ ਵਾਇਸਰਾਏ ਮਾਊਂਟਬੈਟਨ ਨੇ ਨਸ਼ਰ ਕੀਤੀ। ਹਾਲਾਂਕਿ ਹਿੰਦੂ ਮਹਾਂਸਭਾ ਨੇ ਵੰਡ ਦਾ ਸਿਰਫ ਬਿਆਨ ਦੇ ਕੇ ਹੀ ਵਿਰੋਧ ਕੀਤਾ, ਪਰ ਦੇਸ਼ ਦੇ ਸਿਆਸੀ ਨਕਸ਼ੇ 'ਤੇ ਉਹਦੀ ਕੋਈ ਖਾਸ ਵੁੱਕਤ ਨਹੀਂ ਸੀ। ਅੰਗਰੇਜ਼ਾਂ ਦਾ ਰਾਜ ਕਰਨ ਦਾ ਤਰੀਕਾ-ਏ-ਕਾਰ ਇਹ ਸੀ ਕਿ ਕਿਸੇ ਵੀ ਮਸਲੇ 'ਤੇ ਉਹ ਸਬੰਧਤ ਧਿਰਾਂ ਨਾਲ ਗੈਰ-ਰਸਮੀ ਗੱਲਬਾਤ ਕਰਕੇ ਮਸਲੇ ਨੂੰ ਸਮਝੌਤੇ ਦੇ ਨੇੜੇ ਲਿਆਉਂਦੇ ਸਨ। ਫਿਰ ਸਮਝੌਤੇ ਦਾ ਬਾਕਾਇਦਾ ਖਰੜਾ ਬਣਾ ਕੇ ਇਸ ਨੂੰ ਲੋਕਾਂ ਦੀ ਜਾਣਕਾਰੀ ਲਈ ਜੱਗ ਜ਼ਾਹਰ ਕਰਦੇ ਸਨ। ਸੋ ਇਸ ਤਰ੍ਹਾਂ ਲੋਕਾਂ ਨੂੰ ਵੀ ਪਤਾ ਲੱਗਦਾ ਸੀ ਕਿ ਅਗਾਂਹ ਕੀ ਹੋਣ ਜਾ ਰਿਹਾ ਹੈ? ਫਿਰ ਸਬੰਧਤ ਧਿਰਾਂ ਤੋਂ ਇਸ ਖਰੜੇ/ਤਜਵੀਜ਼ 'ਤੇ ਬਾਕਾਇਦਾ ਰਾਏ ਮੰਗਦੇ ਸਨ। ਜਦੋਂ ਦੋਨੇਂ ਧਿਰਾਂ ਸਹਿਮਤੀ ਦਿੰਦੀਆਂ ਸਨ ਤਾਂ ਹੀ ਉਹ ਆਪਣੇ ਵੱਲੋਂ ਸਰਕਾਰੀ ਐਲਾਨ ਕਰਦੇ ਸਨ। ਮੁਲਕ ਦੀ ਵੰਡ ਕਰਨ ਵੇਲੇ ਇਹੀ ਤਰੀਕਾ-ਏ-ਕਾਰ ਅਮਲ ਵਿੱਚ ਲਿਆਂਦਾ ਗਿਆ। ਆਓ ਦੇਖਦੇ ਹਾਂ ਕਿ ਇਹ ਅਮਲ ਕਿਵੇਂ ਸਿਰੇ ਚੜ੍ਹਿਆ ਅਤੇ ਕਿਹੜੀਆਂ ਕਿਹੜੀਆਂ ਘਟਨਾਵਾਂ ਨੇ ਵੰਡ ਨੂੰ ਰੋਕਣ ਲਈ ਸਾਰੇ ਰਾਹ ਬੰਦ ਕੀਤੇ ਤੇ ਸਭ ਤੋਂ ਵੱਡਾ ਮੁੱਦਾ ਇਹ ਕਿ ਅੰਗਰੇਜ਼ਾਂ ਨੇ ਭਾਰਤ ਨੂੰ ਤੋੜਿਆ ਜਾਂ ਜੋੜਿਆ?



ਸਿਮਲਾ ਕਾਨਫਰੰਸ (1945) ਵਿਚ ਭਾਰਤੀ ਨੇਤਾਵਾਂ ਨਾਲ ਲਾਰਡ ਵੇਵਲ ਦੀ ਮੁਲਾਕਾਤ, ਜਿਸ ਵਿਚ ਤਾਰਾ ਸਿੰਘ, ਐਮ.ਏ. ਜਿਨਾਹ, ਹੁਸੈਨ ਇਮਾਮ, ਰਵੀਸ਼ੰਕਰ ਸ਼ੁਕਲਾ, ਸਰ ਗੁਲਾਮ ਹੁਸੈਨ ਹਿਦਾਇਤੁੱਲਾ, ਗੋਵਿੰਦ ਬੱਲਭ ਪੰਤ ਆਦਿ ਸ਼ਾਮਲ ਹਨ।

## ਅੰਗਰੇਜ਼ਾਂ ਨੇ ਭਾਰਤ ਨੂੰ ਤੋੜਿਆ ਜਾਂ ਜੋੜਿਆ?

ਅੰਗਰੇਜ਼ਾਂ ਵੱਲੋਂ ਭਾਰਤ ਨੂੰ ਛੱਡਣ ਮੌਕੇ ਭਾਰਤ ਵਿੱਚ 562 ਰਿਆਸਤਾਂ ਮੌਜੂਦ ਸਨ, ਭਾਵ ਹਿੰਦੁਸਤਾਨ ਵਿੱਚ 562 ਮੁਲਕ ਹੋਰ ਮੌਜੂਦ ਸਨ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇਨ੍ਹਾਂ ਦੀ ਗਿਣਤੀ ਹੋਰ ਵੀ ਵੱਧ ਸੀ। ਬਹੁਤ ਸਾਰੀਆਂ ਰਿਆਸਤਾਂ ਨੂੰ ਅੰਗਰੇਜ਼ਾਂ ਨੇ ਜਿੱਤ ਕੇ ਸਿੱਧੇ ਤੌਰ 'ਤੇ ਆਪਣੇ ਰਾਜ ਵਿੱਚ ਮਿਲਾ ਲਿਆ, ਬਾਕੀਆਂ ਨਾਲ ਸਮਝੌਤੇ ਕਰਕੇ ਉਨ੍ਹਾਂ ਨੂੰ ਆਪਣੀ ਅਧੀਨਗੀ ਹੇਠ ਲਿਆਂਦਾ। ਰਿਆਸਤਾਂ 'ਤੇ ਵੱਡੀ ਸ਼ਰਤ ਇਹ ਸੀ ਕਿ ਉਹ ਆਪਣੀ ਕੋਈ ਬਹੁਤੀ ਫੌਜ ਨਹੀਂ ਸੀ ਰੱਖ ਸਕਦੇ। ਆਜ਼ਾਦ ਹਿੰਦੁਸਤਾਨ ਵਿੱਚ ਸਰਦਾਰ ਪਟੇਲ ਇੱਕੋ ਘੁਰਕੀ ਨਾਲ ਉਨ੍ਹਾਂ ਵੱਲੋਂ ਹਿੰਦੁਸਤਾਨ ਨਾਲ ਰਲੇਵੇਂ ਦੀ ਸਹਿਮਤੀ ਪਿਛੇ ਵੱਡਾ ਕਾਰਨ ਰਿਆਸਤਾਂ ਕੋਲ ਲੋੜੀਂਦੀ ਫੌਜ ਦੀ ਅਣਹੋਂਦ ਸੀ। ਬਾਕੀ ਜਿਹੜਾ ਖਿੱਤਾ ਹੁਣ ਪਾਕਿਸਤਾਨ ਜਾਂ ਬੰਗਲਾ ਦੇਸ਼ ਕੋਲ ਹੈ, ਉਹ ਦਿੱਲੀ ਦੀਆਂ ਬਾਦਸ਼ਾਹੀਆਂ ਦੇ ਤਹਿਤ ਕਦੇ ਵੀ ਨਹੀਂ ਰਿਹਾ। ਜਦੋਂ ਕਿਸੇ ਗੱਲ ਦਾ ਤੱਤ ਕੁੱਲ ਮਿਲਾ ਕੇ ਕੱਢਿਆ ਜਾਂਦਾ ਹੈ ਤਾਂ ਉਸਦੇ ਵਾਧੂ ਜਾਂ ਘਾਟੂ ਤੱਥਾਂ ਦਾ ਜੋੜ ਕਰਕੇ ਕੱਢਿਆ ਜਾਂਦਾ ਹੈ। ਇਸੇ ਤਰ੍ਹਾਂ ਅੰਗਰੇਜ਼ਾਂ ਵੱਲੋਂ ਹਿੰਦੁਸਤਾਨ ਦੇ ਦੋ ਟੋਟੇ ਕਰਨ ਨੂੰ ਜੇ ਘਾਟੂ ਤੱਥ ਵੀ ਮੰਨ ਲਈਏ ਤਾਂ ਸੈਂਕੜੇ ਮੁਲਕਾਂ (ਰਿਆਸਤਾਂ) ਨੂੰ ਜੋੜ ਕੇ ਇੱਕ ਤਾਕਤਵਰ ਮੁਲਕ ਦੀ ਕਾਇਮੀ ਨੂੰ ਵਾਧੂ ਤੱਥ ਜ਼ਰੂਰ ਮੰਨਣਾ ਪਊਗਾ। ਇਨ੍ਹਾਂ ਦੋਵਾਂ ਦਾ ਜੋੜ ਲਾ ਕੇ ਮੁਲਕ ਦੇ ਦੋ ਟੁਕੜੇ ਵਾਲੇ ਘਾਟੂ ਤੱਥ ਦਾ ਕੱਦ ਬਹੁਤ ਛੋਟਾ ਰਹਿ ਜਾਂਦਾ ਹੈ। ਉਹ ਕੁੱਲ ਮਿਲਾ ਕੇ ਵਾਲੇ ਫਾਰਮੂਲੇ ਮੁਤਾਬਕ ਅੰਗਰੇਜ਼ਾਂ ਨੇ ਭਾਰਤ ਨੂੰ ਤੋੜਿਆ ਨਹੀਂ, ਬਲਕਿ ਜੋੜਿਆ ਹੈ।

## ਕੀ ਅੰਗਰੇਜ਼ਾਂ 'ਤੇ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਦਾ ਦੋਸ਼ ਸਹੀ ਹੈ?

ਅੰਗਰੇਜ਼ਾਂ 'ਤੇ ਪਾੜੋ ਅਤੇ ਰਾਜ ਕਰੋ ਦੀ ਨੀਤੀ ਦਾ ਦੋਸ਼ ਅਕਸਰ ਲਾਇਆ ਜਾਂਦਾ ਹੈ। ਇੱਕ ਕਹਾਣੀ ਇਹ ਵੀ ਪ੍ਰਚਲਿਤ ਹੈ ਕਿ ਯੂਨੀਵਰਸਿਟੀ ਦੇ ਇੱਕ ਪੇਪਰ ਵਿੱਚ ਇੱਕ ਸਵਾਲ ਆਇਆ ਕਿ ਅੰਗਰੇਜ਼ਾਂ ਦੀ ਰਾਜ ਕਰਨ ਦੀ ਨੀਤੀ ਕੀ ਹੈ? ਤਾਂ 'ਪ੍ਰਸਿੱਧ ਦੇਸ਼ ਭਗਤ' ਲਾਲਾ ਹਰਦਿਆਲ ਨੇ ਸਿਰਫ ਇਸਦਾ ਉੱਤਰ ਇਉਂ ਦਿੱਤਾ, 'ਡਿਵਾਇਡ ਐਂਡ ਰੂਲ' (ਪਾੜੋ ਅਤੇ ਰਾਜ ਕਰੋ)। ਹਾਲਾਂਕਿ ਇਹ ਕਹਾਣੀ ਵੱਲ ਕਦੇ ਕੋਈ ਰੈਫਰੈਂਸ ਨਹੀਂ ਦਿੱਤਾ ਜਾਂਦਾ ਕਿ ਇਹ ਗੱਲ ਕਦੋਂ ਅਤੇ ਕਿੱਥੇ ਹੋਈ ਜਾਂ ਇਹ ਬਾਕਾਇਦਾ ਕਿਹੜੀ ਕਿਤਾਬ ਵਿੱਚ ਲਿਖੀ ਲੱਭਦੀ ਹੈ। ਬਸ ਗਪੌੜ ਸੰਖ ਵਾਂਗੂੰ ਅੰਗਰੇਜ਼ਾਂ ਦੀ ਨਿੰਦਿਆ ਕਰਨ ਖਾਤਰ ਸੁਣਾਈ ਜਾਂਦੇ ਹਨ। 'ਪਾੜੋ ਅਤੇ ਰਾਜ ਕਰੋ' ਵਾਲੀ ਨੀਤੀ ਦੇ ਹੱਕ ਵਿੱਚ ਅੱਜ ਤਕ ਸਿਰਫ ਦੋ ਦਲੀਲਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਇਹ ਅੰਗਰੇਜ਼ਾਂ ਦੇ ਰਾਜ ਵਿੱਚ ਰੇਲਵੇ ਸਟੇਸ਼ਨਾਂ 'ਤੇ ਪੀਣ ਵਾਲੇ ਪਾਣੀ ਦੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਅੱਡੋ ਅੱਡ ਘੜੇ ਰੱਖੇ ਹੁੰਦੇ ਸਨ, ਇਹਦੀ ਆੜ ਵਿੱਚ ਇਹ ਦੋਸ਼ ਲਾਇਆ ਜਾਂਦਾ ਹੈ ਕਿ ਇਹ ਹਿੰਦੁਸਤਾਨੀਆਂ ਨੂੰ ਪਾੜਨ ਵਾਲੀ ਗੱਲ ਸੀ। ਪਰ ਅਸਲੀਅਤ ਇਹ ਹੈ ਕਿ ਹਿੰਦੂ, ਮੁਸਲਮਾਨਾਂ ਨਾਲ ਖਾਣ-ਪੀਣ ਵੇਲੇ ਭਾਂਡੇ ਸਾਂਝੇ ਨਹੀਂ ਕਰਨਾ ਚਾਹੁੰਦੇ ਸਨ। ਹਿੰਦੂਆਂ ਦੀ ਮੰਗ ਸੀ ਕਿ ਉਨ੍ਹਾਂ ਦੇ ਘੜੇ ਵੱਖਰੇ ਰੱਖੇ ਜਾਣ। ਜੇ ਸਰਕਾਰ ਨੇ ਹਿੰਦੂਆਂ ਦੇ ਅਕੀਦੇ ਦਾ ਧਿਆਨ ਰੱਖਦਿਆਂ ਘੜੇ ਵੱਖਰੇ ਰੱਖ ਦਿੱਤੇ ਤਾਂ ਇਹਦੇ ਵਿੱਚ ਭਲਾ ਅੰਗਰੇਜ਼ਾਂ ਦਾ ਕੀ ਦੋਸ਼? ਇਹ ਵੀ ਗੱਲ ਕਿਤੇ ਸਾਹਮਣੇ ਨਹੀਂ ਆਈ ਕਿ ਹਿੰਦੂਆਂ ਨੇ ਕਿਹਾ ਹੋਵੇ ਕਿ ਅਸੀਂ ਤਾਂ ਇੱਕੋ ਘੜੇ ਵਿੱਚ ਪਾਣੀ ਪੀਣਾ ਚਾਹੁੰਦੇ ਹਾਂ ਤੇ ਸਰਕਾਰ ਸਾਨੂੰ ਰੋਕਦੀ ਹੈ। ਇੱਥੋਂ ਤਕ ਕਿ ਉਦੋਂ ਕਾਂਗਰਸ ਪਾਰਟੀ ਦੇ ਸਾਰੇ ਜ਼ਿਲ੍ਹਾ ਪੱਧਰੀ ਦਫਤਰਾਂ ਤਕ ਵੀ ਹਿੰਦੂਆਂ ਤੇ ਮੁਸਲਮਾਨਾਂ ਲਈ ਵੱਖੋ-ਵੱਖਰੇ ਘੜੇ ਰੱਖੇ ਹੁੰਦੇ ਸਨ।

'ਪਾੜੋ ਅਤੇ ਰਾਜ ਕਰੋ' ਵਾਲੀ ਨੀਤੀ ਦੇ ਹੱਕ ਵਿੱਚ ਦੂਜਾ ਦੋਸ਼ ਇਹ ਲਾਇਆ ਜਾਂਦਾ ਹੈ ਕਿ ਅੰਗਰੇਜ਼ ਮੁਸਲਮਾਨਾਂ ਨੂੰ ਹਿੰਦੂਆਂ ਨਾਲ ਵੱਖਰੇ ਹੋਣ ਲਈ ਉਕਸਾਉਂਦੇ ਹਨ। ਚੋਣਾਂ ਵਿੱਚ ਮੁਸਲਮਾਨਾਂ ਨੂੰ ਵੱਖਰੀ ਨੁਮਾਇੰਦਗੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



# ਦੂਜੇ ਵਿਸ਼ਵ ਯੁੱਧ ਦੌਰਾਨ ਸਾਈਪ੍ਰਸ ਦੀ ਧਰਤੀ 'ਤੇ ਲੜੇ ਸਨ ਸਿੱਖ ਸੈਨਿਕ

## *ਸਾਈਪ੍ਰਸ ਵਿਖੇ ਆਪਣੇ ਵਿਰਸੇ ਅਤੇ ਸੱਭਿਆਚਾਰ ਨੂੰ ਸੰਭਾਲਣ ਵਿੱਚ ਸਫ਼ਲ ਹਨ ਪੰਜਾਬੀ*

**ਪੰਜਾਬੀਆਂ ਨੇ ਆਪਣੀ ਮਿਹਨਤ ਅਤੇ ਲਿਆਕਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕੀਤੇ ਹਨ ਅਤੇ ਕਰ ਰਹੇ ਹਨ। ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਆਪਣੀ ਨਿਵੇਕਲੀ ਪਛਾਣ ਕਾਇਮ ਰੱਖਣ ਹਿਤ ਪੰਜਾਬੀਆਂ ਨੇ ਜੱਦੋਜਹਿਦ ਵੀ ਕੀਤੀ ਅਤੇ ਆਪਣੇ ਵਿਰਸੇ ਤੇ ਸੱਭਿਆਚਾਰ ਨੂੰ ਸੰਭਾਲਣ ਵਿੱਚ ਯੋਗਦਾਨ ਵੀ ਪਾਇਆ ਹੈ। ਪੇਸ਼ ਹੈ, ਸਾਈਪ੍ਰਸ ਵਿੱਚ ਪੰਜਾਬੀਆਂ ਦੇ ਸਫਲ ਹੋਣ ਬਾਰੇ ਇਹ ਲੇਖ...**

ਸਾਈਪ੍ਰਸ ਮੱਧ ਪੂਰਬ ਵਿੱਚ ਸਥਿਤ ਇੱਕ ਛੋਟਾ ਜਿਹਾ ਪਰ ਮਹੱਤਵਪੂਰਨ ਮੁਲਕ ਹੈ। ਭੂ-ਮੱਧ ਸਾਗਰ ਵਿਖੇ ਸਥਿਤ ਟਾਪੂਨੁਮਾ ਇਸ ਦੇਸ਼ ਦਾ ਕੁੱਲ ਜ਼ਮੀਨੀ ਰਕਬਾ 9240 ਕਿਲੋਮੀਟਰ ਭਾਵ 3568 ਵਰਗ ਮੀਲ ਹੈ। ਇਹ ਮੁਲਕ ਗ੍ਰੀਸ ਦੇ ਪੂਰਬ, ਸੀਰੀਆ ਅਤੇ ਇਜ਼ਰਾਇਲ ਦੇ ਪੱਛਮ, ਮਿਸਰ ਦੇ ਉੱਤਰ ਅਤੇ ਤੁਰਕੀ ਦੇ ਦੱਖਣ ਵਿੱਚ ਸਥਿਤ ਹੈ। ਸਾਲ 2024 ਦੇ ਅੰਕੜਿਆਂ ਅਨੁਸਾਰ ਇਸ ਮੁਲਕ ਦੀ ਕੁੱਲ ਆਬਾਦੀ 13,60,107 ਦੇ ਕਰੀਬ ਹੈ, ਜਿਸ ਵਿੱਚੋਂ 61 ਫ਼ੀਸਦੀ ਆਬਾਦੀ ਸ਼ਹਿਰੀ ਖੇਤਰ ਵਿੱਚ ਵੱਸਦੀ ਹੈ। ਸਾਈਪ੍ਰਸ ਦੀ ਕਰੰਸੀ ਯੂਰੋ ਹੈ ਤੇ ਇਸਦੀ ਰਾਜਧਾਨੀ ਦਾ ਨਾਂ ਨਿਕੋਸ਼ੀਆ ਹੈ।

ਸੰਨ 1878 ਤੋਂ ਲੈ ਕੇ 16 ਅਗਸਤ 1960 ਤੱਕ ਬਰਤਾਨਵੀ ਸ਼ਾਸ਼ਨ ਅਧੀਨ ਰਹੇ ਇਸ ਮੁਲਕ ਦੀ ਜ਼ਿਆਦਾਤਰ ਆਬਾਦੀ ਈਸਾਈ ਧਰਮ ਵਿੱਚ ਵਿਸ਼ਵਾਸ ਰੱਖਦੀ ਹੈ। ਸਾਲ 2021 ਦੀ ਜਨਗਣਨਾ ਅਨੁਸਾਰ ਇੱਥੇ ਪੰਜਾਬੀਆਂ ਦੀ ਗਿਣਤੀ 13,280 ਦੇ ਕਰੀਬ ਸੀ, ਜੋ ਕਿ ਸਾਈਪ੍ਰਸ ਦੀ ਕੁੱਲ ਆਬਾਦੀ ਦਾ 1 ਫ਼ੀਸਦੀ ਦੇ ਕਰੀਬ ਬਣਦੀ ਸੀ। ਇੱਥੇ ਇਹ ਦਿਲਚਸਪ ਤੱਥ ਵਰਣਨਯੋਗ ਹੈ ਕਿ ਦੁਨੀਆਂ ਵਿੱਚ ਸਿੱਖਾਂ ਦੀ ਆਬਾਦੀ ਦੇ ਪੱਖ ਤੋਂ ਸਾਈਪ੍ਰਸ ਤੀਜਾ ਮੁਲਕ ਹੈ, ਜਦੋਂ ਕਿ ਕੈਨੇਡਾ ਦੀ ਕੁੱਲ ਆਬਾਦੀ ਦਾ 2 ਫ਼ੀਸਦੀ ਸਿੱਖ ਹੋਣ ਕਰਕੇ ਕੈਨੇਡਾ ਪਹਿਲੇ ਸਥਾਨ 'ਤੇ ਹੈ ਅਤੇ ਭਾਰਤ ਦੀ ਕੁੱਲ ਆਬਾਦੀ ਵਿੱਚੋਂ 1.7 ਫ਼ੀਸਦੀ ਸਿੱਖ ਹਨ, ਜਿਸ ਕਰਕੇ ਸਿੱਖਾਂ ਦੀ ਆਬਾਦੀ ਪੱਖੋਂ ਭਾਰਤ ਦਾ ਦੂਜਾ ਸਥਾਨ ਹੈ ਤੇ 1 ਫ਼ੀਸਦੀ ਆਬਾਦੀ ਨਾਲ ਸਾਈਪ੍ਰਸ ਤੀਜੇ ਸਥਾਨ 'ਤੇ ਹੈ। ਸਾਈਪ੍ਰਸ ਵਿੱਚ ਪੰਜਾਬੀਆਂ ਦੀ ਗਿਣਤੀ ਇਸ ਵਕਤ ਚਾਹੇ ਘੱਟ ਲਗਦੀ ਹੋਵੇ, ਪਰ ਇੱਥੇ ਪੰਜਾਬੀਆਂ ਦੀ ਸੰਖਿਆ ਬੜੀ ਤੇਜ਼ੀ ਨਾਲ ਵਧ ਰਹੀ ਹੈ।

ਸਾਈਪ੍ਰਸ ਦਾ ਪੰਜਾਬੀਆਂ ਨਾਲ ਨਾਤਾ ਤਾਂ ਦੂਜੀ ਸੰਸਾਰ ਜੰਗ ਵੇਲੇ ਜੁੜਿਆ ਸੀ। ਅਸਲ ਵਿੱਚ ਸੰਨ 1878 ਤੋਂ 1880 ਤੱਕ ਚੱਲੀ ਅੰਗਰੇਜ਼ਾਂ ਅਤੇ ਅਫ਼ਗਾਨਾਂ ਦੀ ਜੰਗ ਵਿੱਚ ਭਾਗ ਲੈਣ ਪੰਜਾਬੀ ਸੈਨਿਕ ਅਫ਼ਗਾਨਿਤਸਾਨ ਭੇਜੇ ਗਏ ਸਨ ਤੇ ਫਿਰ ਪੰਜਾਬੀ ਫ਼ੌਜੀਆਂ ਨੂੰ ਹੀ ਬਹਾਦਰ ਤੇ ਵਫ਼ਾਦਾਰ ਤਸਲੀਮ ਕਰਦਿਆਂ ਪੰਜਾਬੀ-ਸਿੱਖ ਸੈਨਿਕਾਂ ਨੂੰ 'ਇੰਡੋ-ਬ੍ਰਿਟਿਸ਼ ਆਰਮੀ' ਵਿੱਚ ਵੀ ਸ਼ਾਮਿਲ ਕੀਤਾ ਗਿਆ ਸੀ। ਫਿਰ ਪੰਜਾਬੀ ਸੈਨਿਕਾਂ ਨੂੰ ਮਾਲਟਾ ਤੋਂ ਸਾਈਪ੍ਰਸ ਵੱਲ ਭੇਜਿਆ ਗਿਆ ਸੀ, ਜਿਸ ਤੋਂ ਪੰਜਾਬੀਆਂ ਦੀ ਸਾਈਪ੍ਰਸ ਵਿਖੇ ਆਮਦ ਦੀ ਸ਼ੁਰੂਆਤ ਹੋਈ ਸੀ। ਇੱਥੇ ਪੁੱਜੇ ਪੰਜਾਬੀਆਂ ਨੇ ਵਪਾਰਕ ਖੇਤਰ ਵਿੱਚ ਪੈਰ ਜਮਾਉਣ ਲਈ ਬੜੀ ਹੀ ਹੱਡ-ਭੰਨਵੀਂ ਮਿਹਨਤ ਕੀਤੀ ਸੀ ਤੇ ਫਿਰ ਸਮਾਂ ਬੀਤਣ ਨਾਲ ਪੰਜਾਬੀ ਨੌਜਵਾਨ ਇਥੇ ਉਚੇਰੀ ਵਿੱਦਿਆ ਹਾਸਿਲ ਕਰਨ ਜਾਂ ਵਪਾਰ ਕਰਨ ਲਈ ਆਉਣੇ ਸ਼ੁਰੂ ਹੋ ਗਏ ਸਨ ਤੇ ਇਹ ਆਮਦ ਅੱਜ ਵੀ ਬਾਦਸਤੂਰ ਜਾਰੀ ਹੈ। ਇਸਦਾ ਸਿੱਟਾ ਇਹ ਹੈ ਕਿ ਸੰਨ 1997 ਤੋਂ ਬਾਅਦ ਇੱਥੇ ਆ ਕੇ ਵੱਸਣ ਵਾਲੇ ਪੰਜਾਬੀਆਂ ਦੀ ਗਿਣਤੀ ਦਸ ਗੁਣਾਂ ਤੋਂ ਵੱਧ ਚੁੱਕੀ ਹੈ।



***ਸਿੱਖ ਸੈਨਿਕਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਸਾਈਪ੍ਰਸ ਦੀ ਧਰਤੀ 'ਤੇ ਬੜੀ ਹੀ ਬਹਾਦਰੀ ਤੇ ਸੂਰਬੀਰਤਾ ਨਾਲ ਲੜਦਿਆਂ ਆਪਣੇ ਪ੍ਰਾਣ ਤਿਆਗੇ ਸਨ। ਨਿਕੋਸ਼ੀਆ ਵਿਖੇ ਸਥਿਤ 'ਵਾਰ ਸੀਮੈਟਰੀ' ਭਾਵ 'ਯੁੱਧ ਵਿੱਚ ਸ਼ਹੀਦ ਹੋਏ ਯੋਧਿਆਂ ਦਾ ਕਬਰਸਤਾਨ' ਨਾਮੀ ਯਾਦਗਾਰੀ ਸਥਾਨ ਵਿੱਚ ਹਰੇਕ ਧਰਮ ਨਾਲ ਸਬੰਧਿਤ ਸ਼ਹੀਦ ਸੈਨਿਕ ਨੂੰ ਉਸਦੀਆਂ ਧਾਰਮਿਕ ਮਾਨਤਾਵਾਂ ਅਨੁਸਾਰ ਹੀ ਦਫ਼ਨਾਇਆ ਜਾਂ ਅਗਨਭੇਟ ਕੀਤਾ ਗਿਆ ਸੀ। ਇੱਥੇ ਬਣੇ ਸਮਾਰਕ ਉੱਤੇ ਸ਼ਹੀਦਾਂ ਦੇ ਨਾਂ ਉੱਕਰੇ ਹੋਏ ਹਨ।***

ਪੰਜਾਬੀ ਲੋਕ ਤਾਂ ਹੁਣ ਸਾਈਪ੍ਰਸ ਦੀ ਸੱਭਿਆਚਾਰਕ ਵਿਭਿੰਨਤਾ ਦਾ ਇੱਕ ਅਹਿਮ ਹਿੱਸਾ ਬਣ ਚੁੱਕੇ ਹਨ ਤੇ ਸਾਈਪ੍ਰਸ ਦੇ ਵਾਸੀ ਪੰਜਾਬੀਆਂ ਦੇ ਸੁਭਾਅ ਅਤੇ ਸਿੱਖਾਂ ਦੇ ਧਰਮ ਸਥਾਨਾਂ, ਧਰਮ ਗ੍ਰੰਥਾਂ, ਪਹਿਰਾਵੇ ਤੋਂ ਚੰਗੀ ਤਰ੍ਹਾਂ ਜਾਣੂ ਹਨ ਤੇ ਪੂਰਾ ਸਤਿਕਾਰ ਦਿੰਦੇ ਹਨ। ਪੰਜਾਬੀਆਂ ਨੇ ਸਾਈਪ੍ਰਸ ਦੀ ਰਾਜਧਾਨੀ ਨਿਕੋਸ਼ੀਆ ਵਿਖੇ 'ਗੁਰਦੁਆਰਾ ਸੰਗਤਸਰ ਸਾਹਿਬ' ਦੀ ਸਥਾਪਨਾ ਸੰਨ 2011 ਵਿੱਚ ਕੀਤੀ ਸੀ, ਜਿੱਥੇ ਉਹ ਆਪਣੇ ਧਾਰਮਿਕ, ਸੱਭਿਆਚਾਰਕ ਅਤੇ ਵਿਰਾਸਤੀ ਸਮਾਗਮ ਆਯੋਜਿਤ ਕਰਦੇ ਹਨ। ਇਸ ਤੋਂ ਇਲਾਵਾ ਸੰਨ 2013 ਵਿੱਚ ਲਰਨਾਕਾ ਨਾਮਕ ਸ਼ਹਿਰ ਵਿਖੇ ਵੀ ਗੁਰਦੁਆਰਾ 'ਸ੍ਰੀ ਗੁਰੂ ਨਾਨਕ ਦਰਬਾਰ' ਦਾ ਨਿਰਮਾਣ ਕਰ ਦਿੱਤਾ ਗਿਆ ਸੀ। ਸਿੱਖੀ ਰਵਾਇਤਾਂ ਅਤੇ ਕਦਰਾਂ-ਕੀਮਤਾਂ ਦੇ ਪ੍ਰਚਾਰ ਤੇ ਪ੍ਰਸਾਰ ਹਿਤ ਸੰਨ 2016 ਵਿੱਚ 'ਸਾਈਪ੍ਰਸ ਸਿੱਖ ਐਸੋਸੀਏਸ਼ਨ' ਦਾ ਵੀ ਗਠਨ ਕਰ ਦਿੱਤਾ ਗਿਆ ਸੀ। ਸੰਨ 2014 ਵਿੱਚ ਯੂ.ਕੇ. ਦੇ ਇਲਫ਼ੋਰਡ ਇਲਾਕੇ ਨਾਲ ਸਬੰਧਿਤ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਾਈਪ੍ਰਸ ਵਿਖੇ ਲਿਆਂਦਾ ਸੀ। ਪੂਰੇ ਸਾਈਪ੍ਰਸ ਵਿੱਚ ਇਸ ਸਰੂਪ ਸਹਿਤ ਯਾਤਰਾ ਕੀਤੀ ਸੀ ਤੇ ਸਾਈਪ੍ਰਸ ਵਾਸੀਆਂ ਨੂੰ ਸਿੱਖਾਂ ਦੀਆਂ ਧਾਰਮਿਕ ਪਰੰਪਰਾਵਾਂ ਤੇ ਰਹੁ-ਰੀਤਾਂ ਸਬੰਧੀ ਜਾਣੂ ਕਰਵਾਇਆ ਸੀ। ਉਨ੍ਹਾਂ ਦੇ ਇਸ ਕਦਮ ਨਾਲ ਸਾਈਪ੍ਰਸ ਵਾਸੀਆਂ ਨੂੰ ਸਿੱਖ ਗੁਰੂਆਂ ਬਾਰੇ, ਗੁਰੂ ਗ੍ਰੰਥ ਸਾਹਿਬ ਬਾਰੇ ਤੇ ਸਿੱਖੀ ਮਰਿਆਦਾ ਬਾਰੇ ਭਰਪੂਰ ਜਾਣਕਾਰੀ ਮਿਲੀ ਸੀ ਅਤੇ ਆਪਸੀ ਪ੍ਰੇਮ ਤੇ ਸਦਭਾਵਨਾ ਦਾ ਸੰਚਾਰ ਹੋਇਆ ਸੀ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ ਕਿ ਹਰੇਕ ਧਰਮ ਦਾ ਪੂਰਾ ਸਤਿਕਾਰ ਕੀਤੇ ਜਾਣ ਦੇ ਸਬੰਧ ਵਿੱਚ ਅਮਰੀਕਾ ਦੇ ਸਰਕਾਰੀ ਸੰਗਠਨ 'ਫ਼ਰੀਡਮ ਹਾਊਸ' ਵੱਲੋਂ ਸਾਈਪ੍ਰਸ ਨੂੰ ਸੌ ਫ਼ੀਸਦੀ ਅੰਕ ਦਿੱਤੇ ਗਏ ਹਨ।

ਸੰਨ 2012 ਵਿੱਚ ਬਰਮਿੰਘਮ ਤੋਂ ਸਾਈਪ੍ਰਸ ਪੁੱਜੇ ਸਿੱਖਾਂ ਦੇ ਇੱਕ ਵਫ਼ਦ ਨੇ ਸਾਈਪ੍ਰਸ ਦਾ ਦੌਰਾ ਕੀਤਾ ਸੀ ਤੇ ਵੱਖ-ਵੱਖ ਥਾਵਾਂ 'ਤੇ ਜਾ ਕੇ ਉਨ੍ਹਾਂ ਬਹਾਦਰ ਸਿੱਖ ਸੈਨਿਕਾਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਸੀ, ਜਿਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਸਾਈਪ੍ਰਸ ਦੀ ਧਰਤੀ 'ਤੇ ਬੜੀ ਹੀ ਬਹਾਦਰੀ ਤੇ ਸੂਰਬੀਰਤਾ ਨਾਲ ਲੜਦਿਆਂ ਆਪਣੇ ਪ੍ਰਾਣ ਤਿਆਗੇ ਸਨ। ਇਸ ਵਫ਼ਦ ਨੇ ਨਿਕੋਸ਼ੀਆ ਵਿਖੇ ਸਥਿਤ 'ਵਾਰ ਸੀਮੈਟਰੀ' ਭਾਵ 'ਯੁੱਧ ਵਿੱਚ ਸ਼ਹੀਦ ਹੋਏ ਯੋਧਿਆਂ ਦਾ ਕਬਰਸਤਾਨ' ਨਾਮਕ ਯਾਦਗਾਰੀ ਸਥਾਨ 'ਤੇ ਜਾ ਕੇ ਪੰਜਾਬੀ-ਸਿੱਖ ਯੋਧਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਅਰਪਣ ਕੀਤੇ ਸਨ। ਇਸ ਕਬਰਸਤਾਨ ਵਿੱਚ ਹਰੇਕ ਧਰਮ ਨਾਲ ਸਬੰਧਿਤ ਸ਼ਹੀਦ ਸੈਨਿਕ ਨੂੰ ਉਸਦੀਆਂ ਧਾਰਮਿਕ ਮਾਨਤਾਵਾਂ ਅਨੁਸਾਰ ਹੀ ਦਫ਼ਨਾਇਆ ਜਾਂ ਅਗਨਭੇਟ ਕੀਤਾ ਗਿਆ ਸੀ। ਇੱਥੇ ਬਣੇ ਸਮਾਰਕ ਉੱਤੇ ਸ਼ਹੀਦਾਂ ਦੇ ਨਾਂ ਉੱਕਰੇ ਹੋਏ ਹਨ।

ਵਰਤਮਾਨ ਸਮੇਂ ਵਿੱਚ ਸਾਈਪ੍ਰਸ ਵਿਖੇ ਰਹਿ ਰਹੇ ਪੰਜਾਬੀ ਤੇ ਗ਼ੈਰ-ਪੰਜਾਬੀ ਭਾਰਤੀ ਲੋਕ, ਸੂਚਨਾ, ਦੂਰਸੰਚਾਰ, ਟੈਕਨੋਲੋਜੀ ਅਤੇ ਜਹਾਜ਼ਰਾਨੀ ਆਦਿ ਖੇਤਰਾਂ ਵਿੱਚ ਆਪਣਾ ਧਾਕ ਜਮਾਅ ਰਹੇ ਹਨ। ਇੱਥੇ 'ਲਿਮਾਜ਼ੋਲ' ਵਿਖੇ ਸਥਿਤ 'ਐਮਡਾੱਕਸ' ਨਾਮਕ ਬਹੁਕੌਮੀ ਕੰਪਨੀ ਵਿੱਚ 250 ਤੋਂ ਵੱਧ ਭਾਰਤੀ ਸਾਫ਼ਟਵੇਅਰ ਇੰਜੀਨੀਅਰ ਬਿਹਤਰ ਢੰਗ ਨਾਲ ਸੇਵਾਵਾਂ ਨਿਭਾਅ ਰਹੇ ਹਨ। ਇੱਥੇ ਰਾਜਧਾਨੀ ਨਿਕੋਸ਼ੀਆ ਵਿਖੇ 'ਭਾਰਤੀ ਹਾਈ ਕਮਿਸ਼ਨ' ਦਾ ਦਫ਼ਤਰ ਸਥਿਤ ਹੈ ਤੇ ਉਧਰ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿਖੇ ਵੀ 'ਸਾਈਪ੍ਰਸ ਹਾਈ ਕਮਿਸ਼ਨ' ਦਾ ਦਫ਼ਤਰ ਜਾਂ ਸਫ਼ਾਰਤਖ਼ਾਨਾ ਸਥਿਤ ਹੈ। ਭਾਰਤ ਨੇ ਸਾਈਪ੍ਰਸ ਦੇ ਗ਼ੁਲਾਮੀ ਕਾਲ ਸਮੇਂ ਵੀ ਅਤੇ ਉਸ ਤੋਂ ਬਾਅਦ ਵੀ ਸਾਈਪ੍ਰਸ ਦਾ ਪੂਰਾ ਸਾਥ ਦਿੱਤਾ ਹੈ। ਸਾਈਪ੍ਰਸ ਦੀ ਆਜ਼ਾਦੀ ਤੋਂ ਬਾਅਦ ਭਾਰਤ ਦੇ ਸਾਈਪ੍ਰਸ ਨਾਲ ਬੇਹੱਦ ਨਿੱਘੇ ਸਬੰਧ ਹਨ ਤੇ ਸੰਯੁਕਤ ਰਾਸ਼ਟਰ ਸੰਘ ਵੱਲੋਂ ਸਾਈਪ੍ਰਸ ਵਿਖੇ ਵੱਖ-ਵੱਖ ਸਮਿਆਂ ਅੰਦਰ ਕੀਤੇ ਗਏ 'ਪੀਸ ਕੀਪਿੰਗ ਆਪ੍ਰੇਸ਼ਨ' ਭਾਵ 'ਸ਼ਾਂਤੀ ਸਥਾਪਨਾ ਆਪ੍ਰੇਸ਼ਨਾਂ' ਵਿੱਚ ਭਾਰਤ ਨੇ ਵਧ-ਚੜ੍ਹ ਕੇ ਭਾਗ ਲਿਆ ਹੈ। ਸਾਈਪ੍ਰਸ ਦੇ ਭਾਰਤ ਨਾਲ ਵਪਾਰਕ ਰਿਸ਼ਤੇ ਵੀ ਬਹੁਤ ਮਜ਼ਬੂਤ ਹਨ। ਕੁਝ ਸਮਾਂ ਪਹਿਲਾਂ ਹੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਖੇ ਵਿਸ਼ੇਸ਼ ਤੌਰ 'ਤੇ ਪੁੱਜੇ ਸਾਈਪ੍ਰਸ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਸੀ ਅਤੇ ਵਪਾਰ ਤੇ ਦੁਵੱਲੇ ਸਬੰਧ ਹੋਰ ਮਜ਼ਬੂਤ ਕਰਨ ਲਈ ਕਈ ਤਰ੍ਹਾਂ ਦੇ ਸਮਝੌਤਿਆਂ 'ਤੇ ਦਸਤਖਤ ਕੀਤੇ ਸਨ।

ਮੁੱਕਦੀ ਗੱਲ ਇਹ ਹੈ ਕਿ ਸਾਈਪ੍ਰਸ ਵਿੱਚ ਵੱਸਦੇ ਪੰਜਾਬੀ ਤੇ ਭਾਰਤੀ ਕਿਸੇ ਤਰ੍ਹਾਂ ਦੇ ਵੀ ਨਸਲੀ ਵਿਤਕਰੇ ਤੋਂ ਮੁਕਤ ਹਨ ਤੇ ਆਪਣੀ ਹੱਡ-ਭੰਨਵੀਂ ਮਿਹਨਤ ਦੀ ਕਮਾਈ ਨਾਲ ਆਪਣਾ ਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦੇ ਹਨ। ਇੱਥੇ ਵੱਸਦੇ ਸਮੂਹ ਪੰਜਾਬੀ ਇਸ ਮੁਲਕ ਵਿੱਚ ਆਪਣੇ ਸੱਭਿਆਚਾਰ ਤੇ ਵਿਰਸੇ ਨੂੰ ਸਾਂਭਣ ਲਈ ਬਹੁਤ ਹੀ ਯਤਨਸ਼ੀਲ ਹਨ ਤੇ ਇਸ ਮਿਸ਼ਨ ਵਿੱਚ ਕਾਫੀ ਹੱਦ ਤੱਕ ਸਫ਼ਲ ਵੀ ਹਨ।

---

## *ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?*

ਦੇਣ ਲਈ ਅੰਗਰੇਜ਼ਾਂ 'ਤੇ ਇਹ ਦੋਸ਼ ਮੜ੍ਹਿਆ ਜਾਂਦਾ ਹੈ ਕਿ ਇਸ ਨਾਲ ਮੁਸਲਮਾਨਾਂ ਨਾਲ ਵੱਖਰੇ ਹੋਣ ਦਾ ਉਤਸ਼ਾਹ ਮਿਲਿਆ। ਹਾਲਾਂਕਿ ਮੁਸਲਮਾਨਾਂ ਵੱਲੋਂ ਇਹ ਮੰਗ ਬੜੀ ਚਿਰ ਤੋਂ ਕੀਤੀ ਜਾ ਰਹੀ ਸੀ ਕਿ ਸਾਂਝੇ ਚੋਣ ਖੇਤਰਾਂ ਵਿੱਚ ਮੁਸਲਮਾਨ ਆਪਣੀਆਂ ਵੋਟਾਂ ਦੇ ਲਿਹਾਜ ਨਾਲ ਸੀਟਾਂ ਨਹੀਂ ਜਿੱਤ ਸਕਦੇ। ਇਹ ਮੰਗ 1928 ਵਿੱਚ ਮੰਨੀ ਗਈ, ਜਿਸ ਵਿੱਚ ਵੋਟਾਂ ਦੇ ਲਿਹਾਜ ਨਾਲ ਮੁਸਲਮਾਨ ਸੀਟਾਂ ਦੀ ਗਿਣਤੀ ਮੁਕੱਰਰ ਕਰ ਦਿੱਤੀ ਗਈ। ਮੁਸਲਮਾਨ ਚੋਣ ਖੇਤਰ ਵਿੱਚ ਸਿਰਫ ਮੁਸਲਮਾਨ ਹੀ ਚੋਣ ਲੜ ਸਕਦਾ ਸੀ ਤੇ ਮੁਸਲਮਾਨ ਹੀ ਵੋਟ ਪਾ ਸਕਦਾ ਸੀ। ਇਸ ਤਰ੍ਹਾਂ ਦਾ ਹੱਕ ਨਾਲੋਂ ਨਾਲ ਸਿੱਖਾਂ ਅਤੇ ਦਲਿਤਾਂ ਨੂੰ ਵੀ ਮਿਲਿਆ। ਇਸ ਨਾਲ ਇਹ ਸੰਭਵ ਵੀ ਨਹੀਂ ਸੀ ਕਿ ਮੁਸਲਮਾਨਾਂ ਦੀ ਕੋਈ ਨੁਮਾਇੰਦਾ ਪਾਰਟੀ ਮੁਸਲਮਾਨ ਵੋਟਾਂ ਦੀ ਅਨੁਪਾਤ ਨਾਲ ਵੱਧ ਸੀਟਾਂ ਜਿੱਤ ਸਕਦੀ। ਇਸ ਦਾ ਸਿੱਧਾ ਮਤਲਬ ਇਹ ਹੋਇਆ ਕਿ ਗੱਲ ਇਹ ਨਹੀਂ ਸੀ ਕਿ ਇਸ ਨਾਲ ਮੁਸਲਮਾਨਾਂ ਵਿੱਚ ਵਖਰੇਵੇਂ ਦੀ ਸਪਿਰਟ ਪੈਦਾ ਹੁੰਦੀ ਹੈ, ਬਲਕਿ ਤਕਲੀਫ ਇਹ ਸੀ ਕਿ ਇੱਕ ਤਾਂ ਮੁਸਲਮਾਨ ਆਪਣੀਆਂ ਵੋਟਾਂ ਦੇ ਅਨੁਪਾਤ ਨਾਲੋਂ ਘੱਟ ਸੀਟਾਂ ਨਹੀਂ ਸਨ ਲਿਜਾ ਸਕਦੇ ਤੇ ਦੂਜਾ ਸਿਰਫ ਮੁਸਲਮਾਨਾਂ ਦੀਆਂ ਵੋਟਾਂ ਨਾਲ ਜਿੱਤੇ ਬੰਦੇ ਨੇ ਮੁਸਲਮਾਨਾਂ ਦੀ ਸੋਚ ਦੀ ਨੁਮਾਇੰਦਗੀ ਕਰਨੀ ਸੀ। ਆਜ਼ਾਦ ਭਾਰਤ ਵਿੱਚ ਵੀ ਦਲਿਤਾਂ ਅਤੇ ਕਬੀਲਿਆਂ ਨੂੰ ਇਸੇ ਹਿਸਾਬ ਨਾਲ ਰਿਜ਼ਰਵੇਸ਼ਨ ਦਿੱਤੀ ਹੋਈ ਹੈ। ਕਿਉਂਕਿ ਉਸ ਵੇਲੇ ਸਿੱਖਾਂ ਦੀ ਨੁਮਾਇੰਦਾ ਜਮਾਤ ਅਕਾਲੀ ਦਲ, ਕਾਂਗਰਸ ਨਾਲ ਮਿਲ ਕੇ ਚਲਦੀ ਸੀ, ਇਸ ਲਈ ਸਿੱਖਾਂ ਲਈ ਸੀਟਾਂ ਰਿਜ਼ਰਵ ਕਰਨ ਦੇ ਦੋਸ਼ ਨੂੰ 'ਪਾੜੋ ਅਤੇ ਰਾਜ ਕਰੋ' ਵਾਲੀ ਦਲੀਲ ਦੇ ਹੱਕ ਵਿੱਚ ਨਹੀਂ ਭੁਗਤਾਇਆ ਤੇ ਨਾ ਹੀ ਦਲਿਤਾਂ ਵਾਲੀ ਰਿਜ਼ਰਵੇਸ਼ਨ ਬਾਰੇ ਅੰਗਰੇਜ਼ਾਂ ਨੂੰ। ਅੰਗਰੇਜ਼ਾਂ ਨੇ ਮੁਲਕ ਵਾਸੀਆਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਵੋਟਾਂ ਰਾਹੀਂ ਖੁਦ ਸਰਕਾਰਾਂ ਚੁਣਨ ਵਾਲੇ ਕਾਨੂੰਨ ਬਣਾਏ। ਜਿਨ੍ਹਾਂ ਰਾਹੀਂ ਹਿੰਦੁਸਤਾਨੀ ਐਮ.ਐਲ.ਏ., ਮੰਤਰੀ, ਮੁੱਖ ਮੰਤਰੀ, ਐਮ.ਪੀ. ਅਤੇ ਕੇਂਦਰੀ ਵਜ਼ੀਰ ਬਣੇ। ਆਈ.ਏ.ਐਸ. ਅਤੇ ਹਾਈਕੋਰਟਾਂ ਦੇ ਜੱਜ ਵੀ ਬਣੇ। ਜੇ ਅੰਗਰੇਜ਼ਾਂ ਨੇ ਇੱਕ ਅਜਿਹਾ ਕਾਨੂੰਨ ਬਣਾ ਦਿੱਤਾ, ਜਿਸ ਨਾਲ ਮੁਸਲਮਾਨਾਂ ਨੂੰ ਵਿਧਾਨ ਸਭਾ ਵਿੱਚ ਸਹੀ ਨੁਮਾਇੰਦਗੀ ਮਿਲਦੀ ਹੋਵੇ ਤਾਂ ਇਹ 'ਪਾੜੋ ਅਤੇ ਰਾਜ ਕਰੋ' ਵਾਲੀ ਨੀਤੀ ਦੇ ਹੱਕ ਵਿੱਚ ਕੋਈ ਠੋਸ ਦਲੀਲ ਨਹੀਂ ਮੰਨੀ ਜਾ ਸਕਦੀ। ਇਸੇ ਤਰ੍ਹਾਂ ਵੱਖਰੇ ਘੜਿਆਂ ਵਾਲੀ ਗੱਲ ਦੀ ਵਿਆਖਿਆ ਅਸਲੀਅਤ ਤੋਂ ਉੱਕਾ ਹੀ ਕੋਰੀ ਹੈ। ਇਨ੍ਹਾਂ ਦੋ ਦਲੀਲਾਂ ਤੋਂ ਇਲਾਵਾ ਹੋਰ ਕੋਈ ਦਲੀਲ 'ਪਾੜੋ ਅਤੇ ਰਾਜ ਕਰੋ' ਵਾਲੀ ਨੀਤੀ ਦੇ ਹੱਕ ਵਿੱਚ ਨਹੀਂ ਲੱਭਦੀ। ਸੋ ਇਹ ਕਹਿਣਾ ਕਿ ਮੁਲਕ ਦੀ ਵੰਡ ਦੇ ਬੀਜ ਅੰਗਰੇਜ਼ਾਂ ਨੇ ਬੀਜੇ ਬਹੁਤ ਗਲਤ ਹੈ। ਨਾਲੇ ਤੁਸੀਂ ਅੱਜ ਵੀ ਵੇਖ ਲਓ ਕਿ ਕਿਸੇ ਧਰਮ ਦੀ ਕਿਸੇ ਫਿਰਕੇ ਦੀ ਜਾਂ ਕਿਸੇ ਖਿੱਤੇ ਦੀ ਕਿਸੇ ਮੰਗ ਖਾਤਰ ਕੋਈ ਕੋਈ ਅੰਦੋਲਨ ਕਿੰਨਾ ਵੀ ਜਾਇਜ਼ ਕਿਉਂ ਨਾ ਹੋਵੇ ਤਾਂ ਮੰਗ ਦਾ ਵਿਰੋਧ ਕਰਨ ਵਾਲੇ ਹਮੇਸ਼ਾ ਇਹੀ ਕਹਿਣਗੇ ਕਿ ਇਹ ਅੰਦੋਲਨ ਫਲਾਣੇ ਦੀ ਸ਼ਹਿ 'ਤੇ ਹੋ ਰਿਹਾ ਹੈ। ਅੱਗੇ ਜਾ ਕੇ ਤੁਸੀਂ ਦੇਖੋਗੇ ਕਿ ਮੁਸਲਿਮ ਲੀਗ ਨੇ ਸ਼ਰੇਆਮ ਅੰਗਰੇਜ਼ਾਂ 'ਤੇ ਦੋਸ਼ ਲਾਏ ਕਿ "ਉਨ੍ਹਾਂ ਨੇ ਮੁਸਲਿਮਾਂ ਨੂੰ ਦਬਾਉਣ ਖਾਤਰ ਕਾਂਗਰਸ ਨਾਲ ਗਠਜੋੜ ਕਰ ਲਿਆ ਹੈ।"

*(ਬਾਕੀ ਅਗਲੇ ਅੰਕ ਵਿੱਚ ਪੜ੍ਹੋ)*

---

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...

*-ਸੰਤ ਸੰਧੂ, ਤਲਵੰਡੀ ਸਲੇਮ (ਜਲੰਧਰ)*



| | |
|---|---|
| ਅਰਸ਼ਦ ਨਦੀਮ: | ਉਹ ਮੇਰਾ ਵੀਰ ਕੁੜੀਓ, ਜਿਹੜਾ ਮੂਹਰਲੀ ਗੱਡੀ ਦਾ ਬਾਬੂ |
| ਵਿਨੇਸ਼ ਫੋਗਾਟ: | ਜਿੱਥੇ ਬੇਦਰਦ ਹੋਣ ਹਾਕਮ, ਉਥੇ ਫਰਿਆਦ ਕੀ ਕਰਨੀ |
| ਪ੍ਰਧਾਨ ਮੰਤਰੀ: | ਪਾਪਾਂ ਵਾਲੇ ਖੇਤ ਬੀਜ ਲਏ, ਕੋਈ ਬੀਜੀ ਨਾ ਧਰਮ ਦੀ ਕਿਆਰੀ |
| ਭਾਜਪਾ: | ਤੇਰੀ ਅੰਦਰੋਂ ਜੰਜੀਰੀ ਛਣਕੇ, ਅੰਬਾਨੀਆਂ ਦਾ ਦੁੱਧ ਉਬਲੇ |
| ਮੇਨਕਾ ਗਾਂਧੀ: | ਭਿੱਜ ਗਈ ਬਾਹਰ ਖੜ੍ਹੀ, ਤੂੰ ਛਤਰੀ ਨਾ ਤਾਣੀ |
| ਰਵਨੀਤ ਬਿੱਟੂ: | ਡੋਗਰਿਆਂ ਨੇ ਮਿਲ ਕੇ ਕਰਾਇਆ ਨਾਸ ਜੀ, ਪੰਜਾਬ ਨਾਲੋਂ ਫਟਕੇ |
| ਗ੍ਰਹਿ ਮੰਤਰੀ: | ਅੰਦਰੋਂ ਡਰ ਲਗਦਾ, ਬੁਰਛਾ ਦਿਉਰ ਕੁਆਰਾ |
| ਨਿੱਜੀਕਰਨ: | ਮੇਰੇ ਨਰਮ ਕਾਲਜੇ ਲੜ ਗਏ, ਲੱਡੂ ਖਾ ਲਏ ਤੇਰੇ ਤੇਲ ਦੇ |
| ਮੋਤਾ ਸਿੰਘ ਸਰਾਏ: | ਸੁਣੋ ਜੀ ਮੇਰੀ ਜਾਨ, ਜਾਨ ਮੌਰਨਿੰਗ ਕਹਿੰਦੀ ਆ |
| ਕੇਂਦਰ ਸਰਕਾਰ: | ਬੇਰੀਆਂ ਨੂੰ ਬੇਰ ਲੱਗ ਗਏ, ਤੈਨੂੰ ਕੁਝ ਨਾ ਲੱਗਾ ਮੁਟਿਆਰੇ |
| ਕਲਕੱਤਾ ਕਾਂਡ: | ਸੂਰਜ ਭੱਜ ਵੜਿਆ ਵਿੱਚ ਬੱਦਲੀਂ, ਡਰਦਾ ਲਿਸ਼ਕ ਨਾ ਮਾਰੇ |
| ਬਲਾਤਕਾਰ: | ਕਣਕਾਂ ਲੰਮੀਆਂ ਨੀ ਮਾਏਂ, ਧੀਆਂ ਕਿਉਂ ਜੰਮੀਆਂ |
| ਮਨੂ ਭਾਕਰ: | ਇੱਕ ਭੈਣ ਦੇਈਂ ਵੇ ਰੱਬਾ, ਜਿਹੜੀ ਤੀਰ ਨਿਸ਼ਾਨੇ ਲਾਵੇ |
| ਹੰਸ ਰਾਜ ਹੰਸ: | ਸਭੇ ਕੰਨ ਪੜਵਾ ਕੇ ਬੈਠ ਜਾਂਦੇ, ਮੁਸ਼ਕਲ ਜੋਗ ਦਾ ਤੋੜ ਨਿਭਾਉਣ ਬੱਚਾ |
| ਦਿੱਲੀ ਸੰਸਦ: | ਵਾਰਸਸ਼ਾਹ ਦੋ ਲੜਨ ਮਾਸ਼ੂਕ ਵੇਖੇ, ਮੇਰੀ ਸੰਗਲੀ ਸ਼ਗਨ ਵਿਚਾਰਦੀ ਏ |
| ਭ੍ਰਿਸ਼ਟਾਚਾਰ: | ਪੀੜ੍ਹੀ 'ਤੇ ਬਹਿ ਜਾ ਵੀਰਨਾ, ਸੱਸ ਚੰਦਰੀ ਦੇ ਰੁਦਨ ਸੁਣਾਵਾਂ |
| ਪੰਜਾਬ: | ਵਾਰਸਸ਼ਾਹ ਹੁਣ ਆਸਰਾ ਰੱਬ ਦਾ ਏ, ਜਦੋਂ ਵਿੱਟਰੇ ਮਾਂ ਤੇ ਬਾਪ ਹੀਰੇ |
| ਕਿਰਸਾਨੀ: | ਜੱਟੀ ਵੜੀ ਕਪਾਹ ਵਿੱਚ ਬੰਨ੍ਹ ਝੋਲੀ, ਕਾਲਾ ਨਾਗ ਅੱਜ ਗੈਬ ਥੀਂ ਕੜਕਿਆ ਈ। |
| ਕੰਗਣਾ ਰਣੌਤ: | ਰਾਤੀਂ ਤੇਰੀ ਗੁੱਤ ਲਮਕੇ, ਸਾਨੂੰ ਸੱਪਣੀ ਦੇ ਪੈਣ ਭੁਲੇਖੇ |

ਚਿਣਗ

ਮਨਮੋਹਨ ਸਿੰਘ ਦਾਊਂ
ਫੋਨ: +91-9815123900



# ਡਾ. ਹਰਿਭਜਨ ਸਿੰਘ ਵੱਲੋਂ ਰੂਸੀ ਕਵਿਤਾਵਾਂ ਦਾ ਅਨੁਵਾਦ ਮੌਲਿਕਤਾ ਵਰਗਾ ਰਸ-ਭਿੰਨੜਾ

ਕਿਸੀ ਹੋਰ ਭਾਸ਼ਾ ਦੀ ਕਵਿਤਾ ਦਾ ਆਪਣੀ ਮਾਂ-ਬੋਲੀ 'ਚ ਅਨੁਵਾਦ ਜਾਂ ਰੂਪਾਂਤ੍ਰਨ ਕਰਨਾ ਕਠਿਨ ਕਾਰਜ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਅਸਲ ਅਰਥਾਂ ਵਿੱਚ ਕਿਸੀ ਹੋਰ ਭਾਸ਼ਾ ਦੀ ਕਵਿਤਾ ਨੂੰ ਦੂਜੀ ਭਾਸ਼ਾ ਵਿੱਚ ਉਲਥਾਣਾ ਹਾਰੀ-ਸਾਰੀ ਦਾ ਕੰਮ ਨਹੀਂ, ਪਰ ਅਜਿਹਾ ਆਦਾਨ-ਪ੍ਰਦਾਨ ਕਰਨ ਦਾ ਉੱਦਮ ਚਿਰ-ਕਾਲ ਤੋਂ ਚਲਿਆ ਆ ਰਿਹਾ ਹੈ। ਇਸ ਨਾਲ ਭਾਸ਼ਾਵਾਂ ਦੀ ਅਮੀਰੀ ਵਿੱਚ ਵਾਧਾ ਹੁੰਦਾ ਹੈ ਤੇ ਮਾਨਵੀ-ਸੰਵੇਦਨਾ ਨਾਲ ਗੂੜ੍ਹੀ ਸਾਂਝ ਵੀ ਪੈਂਦੀ ਹੈ। ਮਨੁੱਖ ਦੀਆਂ ਮੂਲ-ਪ੍ਰਵਿਰਤੀਆਂ ਬ੍ਰਹਿਮੰਡੀ ਹਨ। ਪੰਜਾਬੀ ਕਵਿਤਾ ਦੇ ਦਿਸਹੱਦਿਆਂ ਨੂੰ ਵਿਸ਼ਾਲਤਾ ਦੇਣ ਵਿੱਚ ਭਾਸ਼ਾਵਾਂ ਦੀਆਂ ਕਾਵਿ-ਰਚਨਾਵਾਂ ਦੇ ਅਨੁਵਾਦ ਨਾਲ ਪੰਜਾਬੀ ਬੋਲੀ ਨੂੰ ਮਾਣ ਵੀ ਮਿਲਿਆ।




'ਏਸ਼ੀਆ ਦਾ ਚਾਨਣ' (The Light of Asia) ਅਨੁਵਾਦ ਮਹਾਂ-ਕਾਵਿ ਇਸ ਦੀ ਮਿਸਾਲ ਹੈ।

ਸਭ ਤੋਂ ਵੱਧ ਰੂਸੀ ਕਵਿਤਾ ਦੇ ਪੰਜਾਬੀ ਅਨੁਵਾਦ ਵਾਲੀਆਂ ਡਾ. ਹਰਿਭਜਨ ਸਿੰਘ ਦੀਆਂ ਦੋ ਪੁਸਤਕਾਂ 'ਮੇਰੀ ਬੋਲੀ ਤੇਰੇ ਬੋਲ' ਅਤੇ 'ਇਹ ਪਰਦੇਸਣ ਪਿਆਰੀ' ਬਿਲਕੁਲ ਵੱਖਰੇ ਰਸ ਮਾਣਨ ਵਾਲੀਆਂ ਹਨ। ਡਾ. ਹਰਿਭਜਨ ਸਿੰਘ ਪੰਜਾਬੀ ਕਵਿਤਾ ਦੇ ਜਿੱਥੇ ਸਿਰਮੌਰ ਕਵੀ ਸਨ, ਉੱਥੇ ਉਹ ਸਰੰਚਨਾਵਾਦੀ ਆਲੋਚਕ, ਅਨੁਵਾਦਕ ਅਤੇ ਦਾਰਸ਼ਨਿਕ ਬੁੱਧ-ਬਿਬੇਕ ਸਾਹਿਤਕਾਰ ਸਨ, ਜਿਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਵੱਡੀ ਦੇਣ ਮੰਨੀ ਜਾਂਦੀ ਹੈ। ਉਹ ਮੁਹੱਬਤ ਦਾ ਵਣਜਾਰਾ ਸ਼ਾਇਰ ਸੀ। ਉਸ ਦੇ ਬੋਲ ਹਨ:

ਮਾਣਸ ਜਨਮ ਦੁਬਾਰਾ ਪਾਵਾਂ
ਏਸ ਹੀ ਦੇਸ ਪੰਜਾਬ 'ਚ ਆਵਾਂ।

ਉਨ੍ਹਾਂ ਦੀ ਪਹਿਲੀ ਕਾਵਿ-ਅਨੁਵਾਦ ਪੁਸਤਕ 'ਮੇਰੀ ਬੋਲੀ ਤੇਰੇ ਬੋਲ' 1970 'ਚ ਪ੍ਰਕਾਸ਼ਿਤ ਹੋਈ, ਜਿਸ ਵਿੱਚ 20 ਰੂਸੀ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ਦਾ ਪੰਜਾਬੀ ਅਨੁਵਾਦ ਕੀਤਾ ਗਿਆ। ਮੁਖਬੰਦ ਵਜੋਂ 'ਸਿਰਫ ਇਤਲਾਅ ਲਈ' ਲਿਖਦੇ ਹਨ: ਰੂਸੀ ਕਵਿਤਾਵਾਂ ਦਾ ਇਹ (ਅਨੁਵਾਦ) ਰੂਪਾਂਤਰ ਕਿੰਨਾ ਕੁ ਰੂਸੀ ਹੈ ਤੇ ਕਿੰਨਾ ਕੁ ਪੰਜਾਬੀ? ਇਸ ਪ੍ਰਸ਼ਨ ਦਾ ਉੱਤਰ ਨਾ ਮੈਂ ਦੇ ਸਕਦਾ ਹਾਂ, ਨਾ ਤੁਸੀਂ। ਇਹ ਰਚਨਾਵਾਂ ਅਨੁਵਾਦ ਤੋਂ ਵਧੇਰੇ ਮੇਰੇ ਸਿਰਜਨ-ਸੁਆਦ ਦੇ ਲੀਹੇ ਪਈਆਂ ਰਹੀਆਂ ਹਨ। ਮੈਂ ਇਨ੍ਹਾਂ ਕਵਿਤਾਵਾਂ ਨੂੰ ਮਨੁੱਖੀ ਭਾਵ ਦੀਆਂ ਮੂਰਤਾਂ ਸਮਝ ਕੇ ਸਵੀਕਾਰ ਕੀਤਾ ਹੈ।

ਪੁਸਤਕ ਦੇ ਅਰੰਭ 'ਚ ਪੁਸ਼ਕਿਨ ਕਵੀ ਦੀਆਂ 17 ਕਵਿਤਾਵਾਂ ਦੀ ਕਾਵਿ-ਸ਼ੈਲੀ ਨਿਰੋਲ ਪੰਜਾਬੀ ਰੰਗ ਵਾਲੀ ਹੈ:

ਧੁਪੀਅਲ ਤੇ ਚਟਾਨੀ ਕੰਢੇ,
ਆਪਣੇ ਕੱਪੜੇ ਪਿਆ ਸੁਕਾਵਾਂ,
ਕੱਪੜੇ ਮੇਰੇ ਤਿਪ-ਤਿਪ ਚੋਂਦੇ,
ਇਹ ਨਾ ਲੱਥਣ, ਮੈਂ ਪਿਆ ਲਾਹਵਾਂ। (ਪੰਨਾ 17)

ਫੇਦੋਰ ਤਿਊਸ਼ੇਵ ਦੀਆਂ 7 ਕਵਿਤਾਵਾਂ ਸ਼ਾਮਲ ਹਨ। 'ਗੋਰੀ ਦੀਆਂ ਚਿੱਠੀਆਂ' ਕਵਿਤਾ ਤਾਂ ਨੰਦ ਲਾਲ ਨੂਰਪੁਰੀ ਦਾ ਗੀਤ 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ' ਨੂੰ ਚੇਤੇ ਕਰਾਉਣ ਲਗਦੀ ਹੈ।

ਕਵਿਤਾ 'ਨੈਣ ਗੋਰੀ ਦੇ' ਲੋਕ-ਗੀਤ ਵਰਗੀ ਲਗਦੀ ਹੈ:

ਮੇਰੀਏ ਸੋਹਣੀਏ ਨੀ, ਮੈਂ ਤੇਰੇ ਨੈਣ ਪਿਆਰਾਂ,
ਅਜਬ ਇਨ੍ਹਾਂ ਦੀਆਂ ਚੰਚਲ ਕੇਲਾਂ
ਅਜਬ ਲਿਸ਼ਕ-ਲਿਸ਼ਕਾਰਾਂ। (ਪੰਨਾ 27)

ਅਲੈਕਸੀ ਕੋਲਸਤੋਵ ਦੀਆਂ 5 ਕਵਿਤਾਵਾਂ ਤਾਂ ਨਿਰੀਆਂ ਮੁਹੱਬਤੀ ਜਜ਼ਬਿਆਂ ਵਾਲੀ ਪੰਜਾਬੀ ਸੁਭਾਅ ਦੇ ਨੇੜੇ-ਤੇੜੇ ਗੱਲਾਂ ਕਰਦੀਆਂ ਜਾਪਦੀਆਂ:

ਸਿਲ੍ਹੀ-ਸਿਲ੍ਹੀ ਧੁੰਦ ਵਿੱਚ ਗਿੱਲੇ-ਗਿੱਲੇ ਪਾਣੀ
ਕਾਲੀ-ਕਾਲੀ ਰਾਤ 'ਚ ਔਧ ਵਿਹਾਣੀ
ਇਸ ਰੁੱਤੇ ਜੀਣ ਅਵਾਈ, ਨੀ ਜਿੰਦੇ ਮੇਰੀਏ।
(ਪੰਨਾ 36)

ਮਿਖਾਇਲ ਲਰਮਤੋਵ ਦੀਆਂ 10 ਕਵਿਤਾਵਾਂ ਨਵਾਂ ਬਿੰਬ ਸਿਰਜਦੀਆਂ ਹਨ:

ਮੈਂ ਤੈਨੂੰ ਪਿਆਰ ਕਰਾਂ, ਤੇਰਾ ਜੋਬਨ ਖਿੜਦਾ ਜਾਵੇ
ਦੁਨੀਆਂ ਨੂੰ ਕੀ ਆਖਾਂ, ਜਿਹੜੀ ਫੁੱਲ ਵੀ ਸੁੱਕਣੇ ਪਾਵੇ। (ਪੰਨਾ 43)

---

ਦਿਲ ਮੇਰੇ ਦੀ ਸਤਦੀ ਭੋਂ 'ਤੇ,
ਜਦੋਂ ਵਿਛਣ ਗੀਤਾਂ ਦੀਆਂ ਛਾਵਾਂ
ਮੈਂ ਵੀ ਇੱਕ ਪੰਛੀ ਹੋ ਜਾਵਾਂ,
ਪੰਛੀ ਗਾਵੇ ਮੈਂ ਵੀ ਗਾਵਾਂ। (ਪੰਨਾ 45)

ਅਲੈਕਸੀ ਤਾਲਸਤਾਏ ਦੀਆਂ 6 ਕਵਿਤਾਵਾਂ ਪ੍ਰਕਿਰਤੀ ਨਾਲ ਗਲਵਕੜੀ ਪਾਉਂਦੀਆਂ, ਕਲੋਲਾਂ ਕਰਦੀਆਂ ਜਾਪਦੀਆਂ ਹਨ। ਕੁਦਰਤ ਨੂੰ ਬਲਿਹਾਰੀ ਆਖਦੀਆਂ:

ਰੁੱਖ ਪੱਤਿਆਂ 'ਚੋਂ ਬਰਖਾ ਬੂੰਦਾਂ,
ਹੌਲੀ-ਹੌਲੀ ਤਿੱਪ-ਤਿੱਪ ਡੁੱਲ੍ਹਣ
ਬਰਖਾ ਤਾਂ ਵਿਦਿਆ ਹੋ ਚੁੱਕੀ,
ਰੁੱਖ ਮਲਕੜੇ ਘੁਸਮੁਸ ਕਰਦੇ
ਦੂਰ ਕੂਕਦਾ ਕੂ-ਕੂ ਪੰਛੀ। (ਪੰਨਾ 58)

---

ਰੁੱਤ ਬਸੰਤੀ, ਸਵੇਰ ਸਾਰ ਹੀ, ਅਜੇ ਤਾਂ ਘਾਹ ਦਾ
ਮੂੰਹ ਮੱਥਾ ਵੀ ਨਜ਼ਰ ਨਾ ਆਵੇ
ਨਦੀਆਂ ਨਾਲੇ ਰੁੜ੍ਹਦੇ ਜਾਂਦੇ
ਅਜੇ ਨਾ ਪੌਣਾਂ ਦੇ ਸਿਰ ਗਰਮੀ ਆਣ ਖਲੋਤੀ।
(ਪੰਨਾ 54)

---

ਨੇਕਰਾਸੋਵ ਦੀਆਂ 5 ਕਵਿਤਾਵਾਂ 'ਚੋਂ 'ਘਰ ਵਾਲੀ ਦਾ ਸ਼ਿਕਵਾ' ਨਿਰੋਲ ਪੰਜਾਬਣ ਵਾਂਗ ਆਪਣੇ ਨਸ਼ਈ ਪਤੀ ਪ੍ਰਤੀ ਸ਼ਿਕਵੇ ਦਾ ਇਜ਼ਹਾਰ ਕਰਦੀ ਹੈ। ਬਹੁਤ ਸੰਵੇਦਨਾ ਭਰੀ ਕਵਿਤਾ ਕਿਸਾਨ ਦੀ ਮੁਸ਼ੱਕਤ ਨੂੰ ਚਿਤਰਦੀ 'ਰੋਟੀ' ਹੈ:

ਜੱਟ ਖੜਾ ਖੇਤੀ ਨੂੰ ਝੂਰੇ,
ਤੱਕਣੀ ਉਸ ਦੀ ਰੋਗੀ ਸੋਗੀ
ਉਭੇ ਸਾਹ, ਉਹ ਹੁਟਿਆ ਹੰਭਿਆ,
ਡਿੱਕਮ-ਡੋਲ੍ਹੇ ਸਿਰ ਚਕਰਾਏ।

---

ਦੇ ਦੇ ਮੈਨੂੰ ਇੱਕੋ ਰੋਟੀ, ਰੋਟੀ ਧਰਤੀ ਮਾਤਾ ਜਿੱਡੀ।
(ਪੰਨਾ 62)

---

ਕਾਨਸਤਾਨਤਿਨ ਬਲਮੌਂਟ ਦੀਆਂ 2 ਕਵਿਤਾਵਾਂ 'ਉਸ ਨੂੰ ਸ਼ਿਕਵਾ ਕੋਈ ਨਹੀਂ ਸੀ' ਅਤੇ 'ਧੁੱਪਾ' ਬੜੀਆਂ ਹੀ ਪਿਆਰੀਆਂ ਹਨ:

ਮੈਂ ਆਇਆ ਸੀ ਇਸ ਦੁਨੀਆਂ ਵਿੱਚ ਧੁੱਪਾਂ ਵੇਖਣ
ਅੰਬਰ ਦੀ ਨੀਲੀ ਝਿਲਮਿਲ ਦਾ ਸ਼ੌਕ ਹੈ ਮੈਨੂੰ।
(ਪੰਨਾ 67)

---

ਆਈ ਸੁਰੀਕੋਵ ਦੀ ਇੱਕ ਕਵਿਤਾ 'ਜੋਬਨ ਪਿਆਰ ਵਿਹੂਣਾ', ਫੇਦੋਰ ਸੋਲੋਗੁਬ ਦੀਆਂ 2 ਕਵਿਤਾਵਾਂ 'ਬੂਹੇ ਬੰਦ ਕਿਤੇ ਨਾ ਢੋਈ' ਅਤੇ 'ਸੁਰਾਹੀ' ਹਨ।

ਵਲਾਦੀਮੀਰ ਸੋਲੋਵਯੋਵ ਦੀਆਂ 2 ਕਵਿਤਾਵਾਂ ਹਨ। ਫ਼ੇਤ ਦੀਆਂ 7 ਕਵਿਤਾਵਾਂ ਹਨ। 'ਕੁਦਰਤ' ਕਵਿਤਾ ਦੀਆਂ ਦੋ ਲਾਈਨਾਂ ਹਨ:

ਸਮਾਂ ਕਦੇ ਵੀ ਸੁਪਨੇ ਤਾਈਂ ਬੰਨ੍ਹ ਨਾ ਸਕੇ,
ਰੂਹ ਨੂੰ ਬੰਧਨ ਕੋਈ ਨਹੀਂ ਹੈ। (ਪੰਨਾ 82)

ਸਰਗੇਈ-ਏਸੇਨਿਨ ਦੀਆਂ 3 ਕਵਿਤਾਵਾਂ 'ਚੋਂ 'ਆਪਣੀ ਮਾਂ ਨੂੰ ਚਿੱਠੀ' ਕਵਿਤਾ ਦਿਲ ਨੂੰ ਧੂਹ ਪਾਉਣ ਵਾਲੀ ਹੈ:

ਮੇਰੀਏ ਮਾਏ, ਅਜੇ ਵੀ ਤੂੰ ਸੁਖ-ਸਾਂਦੀ ਜੀਵੇਂ?
ਮੈਂ ਵੀ ਜੀਵਾਂ, ਰਾਜ਼ੀ-ਬਾਜ਼ੀ
ਤੈਨੂੰ ਸੱਤ ਸਲਾਮਾਂ ਘੱਲਾਂ
ਰੱਬ ਕਰੇ ਸਾਡੇ ਨਿੱਕੜੇ ਘਰ 'ਤੇ
ਸ਼ਾਮਾਂ ਦਾ ਚਾਨਣ ਆ ਬੈਠੇ
ਰੂਪ ਨਾ ਜਿਸ ਦਾ ਕਥਿਆ ਜਾਵੇ
ਮਾਏ ਤੇਰੇ ਗਲ ਵਿੱਚ ਉਹੋ ਮੈਲੀ ਕੁੜਤੀ
ਥਾਂ-ਥਾਂ ਜਿਸ ਨੂੰ ਟਾਕੀਆਂ ਲੱਗੀਆਂ। (ਪੰਨਾ 83)

ਅੰਨਾ ਅਖ਼ਮਾਤੋਵਾ 'ਦੇ ਗੀਤ' ਦੀਆਂ ਲਾਈਨਾਂ ਹਨ, ਜਿਸ ਦਾ ਦਾਰਸ਼ਨਿਕ ਪੱਖ ਬੜਾ ਸੰਦੇਸ਼ਮਈ ਹੈ:

ਧੁੱਪ ਬਿਨਾਂ ਨਾ ਜੀਂਵਦੀ, ਕਦੇ ਕਿਸੇ ਦੀ ਦੇਹ
ਗੀਤ ਬਿਨਾਂ ਨਾ ਲੱਭਦੀ, ਅੰਤਮ ਮਨ ਦੀ ਤੇਹ।
(ਪੰਨਾ 89)

---

ਏਵਗੇਨੀ ਵਿਨੋਕੁਰੋਵ, ਆਂਦ੍ਰੇਈ ਵੋਜ਼ਨੇਸੇਨਸਕੀ ਅਤੇ ਏਵਤੂਸ਼ੈਂਕ ਦੀ ਇੱਕ-ਇੱਕ ਕਵਿਤਾ ਸ਼ਾਮਲ ਕੀਤੀ ਗਈ ਹੈ। ਗੋਰਕੀ ਦੀਆਂ 2 ਕਵਿਤਾਵਾਂ ਹਨ। 'ਨਾਨੀ ਦਾ ਗੀਤ' ਤਾਂ ਸਾਨੂੰ ਪੰਜਾਬ ਦੇ ਸਾਵਣ ਮਹੀਨੇ ਦੀ ਰੁਣ-ਝੁਣ ਯਾਦ ਕਰਵਾ ਦਿੰਦਾ ਹੈ:

ਭਾਦੋਂ ਦਾ ਸੂਰਜ ਡੁੱਬਦਾ ਜਾਏ,
ਹੁਣ ਬਾਗੀਂ ਕੋਇਲ ਨਾ ਗਾਏ,
ਭਰ ਜੋਬਨ ਮੈਂ ਕੱਲੀ-ਮਕੱਲੀ,
ਖੁਸ਼ੀਆਂ ਬਾਝ ਮੇਰੇ ਅੰਗ ਤਿਹਾਏ। (ਪੰਨਾ 94)

ਬੋਰਸ ਪਾਸਤਰਨਾਕ ਦੀਆਂ 2 ਕਵਿਤਾਵਾਂ। ਫੇਦੋਰ ਸੋਲੋਗਬ ਦੀ 'ਮਿੱਟੀ ਦਾ ਮੋਹ' ਸਾਡਾ ਧਿਆਨ ਖਿੱਚਦੀ ਹੈ ਤਾਂ ਧਰਤੀ-ਮਾਂ ਸੱਚ-ਮੁੱਚ 'ਮਾਤਾ ਧਰਤਿ ਮਹਤੁ' ਗੁਰਬਾਣੀ ਦੀ ਤੁਕ ਚੇਤੇ ਆ ਜਾਂਦੀ ਹੈ:

ਰੱਬ ਨੇ ਗਿੱਲੀ ਮਿੱਟੀ ਲੈ ਕੇ ਮੈਨੂੰ ਰਚਿਆ
ਅਜੇ ਤੀਕ ਵੀ ਮੈਂ ਮਿੱਟੀ ਤੋਂ ਮੁਕਤ ਨਾ ਹੋਇਆ
ਧਰਤੀ, ਇਸ ਦੇ ਟੋਏ, ਟਿੱਬੇ ਅਤੇ ਟੀਸੀਆਂ
ਸਾਰੇ ਮੈਨੂੰ ਆਪਣੇ ਵਾਂਗ ਪਿਆਰੇ, ਸੋਹਣੇ ਲਗਦੇ।
(ਪੰਨਾ 99)


ਡਾ. ਹਰਿਭਜਨ ਸਿੰਘ

---

ਸਰਗੇਈ ਸਮਿਰਨੋਵ 'ਪਾਣੀ ਦੀ ਬੂੰਦ' ਕਵਿਤਾ 'ਚ ਕਮਾਲ ਕਰਦਾ ਹੈ, ਡੂੰਘੇ ਦਰਸ਼ਨ ਦੀ ਮਿਸਾਲ ਹੈ:

ਲਾਟੂ ਵਾਂਗੂੰ ਘੁੰਮਦੇ ਪਾਣੀ ਦੇ ਤੁਪਕੇ ਅੰਦਰ
ਵੇਖੋ ਨੀਝ ਲਗਾ ਕੇ
ਤੇ ਸਾਰੀ ਦੀ ਸਾਰੀ ਦੁਨੀਆ
ਵੇਖੋਗੇ ਇੱਕ ਸਾਹੇ। (ਪੰਨਾ 100)

ਉਸ ਦੀ ਦੂਜੀ ਕਵਿਤਾ 'ਧਰਤੀ'। ਕਣਕ ਦੀ ਵਾਢੀ ਦੇ ਸਮੇਂ ਨਾਲ ਸਬੰਧਤ ਪੰਜਾਬ ਦੇ ਖੇਤਾਂ ਦਾ ਭੁਲੇਖਾ ਪਾਉਂਦੀ ਹੈ:

ਅੰਗ ਮਰੋੜੇਦਾਰ ਪੈਲੀਆਂ
ਵਿਛੀਆਂ ਦੂਰ ਅਗਾਂਹ ਤੱਕ
ਮੱਧਮ-ਮੱਧਮ ਗੰਧ ਵਿਛੀ ਹੈ ਤੂੜੀ ਤੰਦ ਦੀ।
(ਪੰਨਾ 101)

ਦੂਜੀ ਕਾਵਿ-ਪੁਸਤਕ 'ਇਹ ਪਰਦੇਸਣ ਪਿਆਰੀ' 1973 'ਚ ਛਪੀ, ਜਿਸ ਬਾਰੇ ਡੱਬਖੜੱਬੀ ਭੇਟ (ਮੁਢਲੇ ਸ਼ਬਦ) 'ਚ ਡਾ. ਹਰਿਭਜਨ ਸਿੰਘ ਲਿਖਦੇ ਹਨ: "ਇਹ ਨਜ਼ਮਾਂ ਮੇਰੀ ਪਸੰਦ ਦੀਆਂ ਹਨ ਤੇ ਹੋ ਸਕਦਾ ਰੂਪਾਂਤਰ ਵੇਲੇ ਮੈਂ ਮੂਲ ਸ਼ਾਇਰਾਂ ਤੋਂ ਵਧੀਕ ਆਪਣੇ ਨੇੜੇ ਹੋ ਗਿਆ ਹੋਵਾਂ। ਇਨ੍ਹਾਂ 'ਚੋਂ ਬਹੁਤੇ ਕਵੀ 1917 ਦੇ ਬਾਅਦ ਦੇ ਹਨ।" ਅਰੰਭ 'ਚ ਪੁਸ਼ਕਿਨ ਦੀਆਂ 4 ਕਵਿਤਾਵਾਂ 'ਚੋਂ 'ਮੁਨਾਰਾ' ਕਵਿਤਾ ਦੀਆਂ ਦੋ ਟੂਕਾਂ ਬੜੀਆਂ ਮਹੱਤਵਪੂਰਨ ਹਨ:

ਜਦੋਂ ਤੀਕ ਧਰਤੀ 'ਤੇ ਇੱਕ ਸ਼ਾਇਰ ਵੀ ਬਾਕੀ
ਮੇਰਾ ਨਾਮ ਵੀ ਰਹੇਗਾ ਜ਼ਿੰਦਾ। (ਪੰਨਾ 9)

---

ਕਵਿਤਾ ਦੇਵੀ, ਆਪਣੇ ਰੱਬ ਦਾ ਹੁਕਮ ਪਾਲ ਹੁਣ
ਜੇ ਕੋਈ ਅਪਮਾਨ ਕਰੇ ਤਾਂ ਡਰ ਨਾ ਮੰਨੀ
ਸਿਫਤ-ਸਲਾਹੁਤਾ, ਨਿੰਦਿਆ-ਚੁਗਲੀ
ਸਮ ਕਰ ਜਾਣੀਂ। (ਪੰਨਾ 10)

'ਮੁਸ਼ੱਕਤ', 'ਪਹਿਰਾ' ਤੇ 'ਸੁਰਜ' ਬੜੇ ਡੂੰਘੇ ਭਾਵਾਂ ਨੂੰ ਚਿਤਰਦੀਆਂ ਹਨ।

ਕੁਝ ਰੂਸੀ ਲੋਕ-ਗੀਤ ਡਾਨ, ਜੰਗ, ਬੇਵਤਨ, ਡਾਨ ਕਿਨਾਰੇ ਵੀ ਉਲਥਾਏ ਗਏ ਹਨ। ਪੰਜਾਬੀ ਲੋਕ-ਗੀਤਾਂ ਵਿੱਚ ਘੋੜੀਆਂ ਵਰਗਾ ਰੂਸੀ ਲੋਕ-ਗੀਤ ਮਾਣਨਯੋਗ ਹੈ:

ਕਿੱਥੇ ਵੇ ਗਿਆ ਤੇਰਾ ਘੋੜਾ
ਉਹ ਤਾਂ ਖੜਾ ਏ ਬਰੂਹਿਆਂ ਤੋਂ ਬਾਹਰ
ਕਿੱਥੇ ਨੇ ਬਰੂਹੇ ਤੇਰੇ ਲਾਲ
ਉਹ ਤਾਂ ਪਾਲੀਆਂ ਨੇ ਸੁੱਟੇ ਨੇ ਬੁਹਾਗ (ਪੰਨਾ 17)

ਮੈਕ ਲਿਮ ਟੈਕ ਦੀਆਂ 2 ਕਵਿਤਾਵਾਂ 'ਖ਼ਤ' ਅਤੇ 'ਇਹ ਤਾਂ ਦੋਸ਼ ਕੁਹਾੜੇ ਦਾ' ਸ਼ਾਮਲ ਹਨ। 'ਲਗਰ' ਸਤੀਪਨ ਸ਼ਿਪਾਚੇਵ ਦੀ ਕਵਿਤਾ ਰੁਮਾਂਸਵਾਦ ਭਰਪੂਰ ਹੈ। ਕੈਸਾਇਨ ਕੁਲੀਵ ਦੀਆਂ ਤਿੰਨ ਕਵਿਤਾਵਾਂ 'ਏਕਤਾ', 'ਕੁੜੀ ਨਹਾਵੇ', 'ਆਪਣੇ ਵਰਗਾ' ਹਨ, ਜਿਨ੍ਹਾਂ 'ਚੋਂ ਕਾਵਿ-ਟੂਕਾਂ ਬਹੁਤ ਅਰਥ-ਭਰਪੂਰ ਹਨ:

ਬਿਨ ਡੋਰੀ ਦਾ ਧਨੁੱਖ, ਰੁੱਖ ਫਲ ਬਾਝੋਂ ਸੱਖਣਾ
ਅੱਗ ਵਿਹੂਣਾ ਚੁੱਲ੍ਹਾ, ਕਿਸੇ ਵੀ ਕੰਮ ਨਾ ਆਵੇ।
(ਪੰਨਾ 24)

---

ਹਰ ਰੁੱਖ ਦਾ ਆਪਣਾ ਪਰਛਾਵਾਂ,
ਵਿੰਗਾ ਸਿੱਧਾ ਉਸ ਦੇ ਵਰਗਾ ਹੋਰ ਨਾ ਕੋਈ।

---

ਹਰ ਇੱਕ ਸ਼ੈ ਦੇ ਜ਼ਿੰਮੇ ਉਸ ਦਾ ਆਪਣਾ ਕੰਮ ਹੈ
ਇੱਕ ਦਾ ਬੋਝ ਦੂਸਰਾ ਬੰਦਾ ਕੀਕਣ ਚੁੱਕੇ। (ਪੰਨਾ 26)

---

ਹਰ ਇੱਕ ਰੂਹ ਦਾ ਆਪਣਾ ਦੁੱਖ ਹੈ
ਹਰ ਪੰਛੀ ਨੇ ਆਪੋ-ਆਪਣਾ ਰਾਹ ਮੁਕਾਉਣਾ।
(ਪੰਨਾ 27)

ਅੰਨਾ ਅਖ਼ਮਾਤੋਵਾ ਦੀਆਂ 5 ਕਵਿਤਾਵਾਂ ਹਨ, ਜੋ ਕਮਾਲ ਹਨ।

ਰਚਨਾ, ਆਪਣੀ ਬੋਲੀ, ਆਪਣਾ ਦੇਸ, ਸਭ ਕੁਝ ਵਿਕ ਚੁੱਕਾ ਹੈ ਅਤੇ ਯਾਦ। 'ਆਪਣੀ ਬੋਲੀ' ਕਵਿਤਾ ਬਹੁਤ ਪ੍ਰਭਾਵਤ ਕਰਨ ਵਾਲੀ ਹੈ:

ਸਦਾ ਸਲਾਮਤ ਰਹੇ ਅਸਾਡੇ ਦੇਸ ਦੀ ਬੋਲੀ
ਸਦਾ ਉਜਾਗਰ ਸ਼ਾਨਾਂ ਵਾਲੇ ਦੇਸ ਦੀ ਬੋਲੀ
ਸੁੱਚੇ ਖਾਲਸ, ਮੁਕਤ ਬੋਲ ਨੂੰ ਸੱਤੇ ਖੈਰਾਂ
ਆਉਣ ਵਾਲੀਆਂ ਪੁਸ਼ਤਾਂ ਨੂੰ,
ਏਹੋ ਸਰਮਾਇਆ ਦੇ ਜਾਵਾਂਗੇ। (ਪੰਨਾ 29)

ਓਲਗਾ ਬਰਗੋਲਟਸ ਦੀ ਕਵਿਤਾ 'ਏਸੇ ਦਾ ਨਾਂ ਸੁਖ ਹੈ', ਨਿਕੋਲਾਈ ਤਿਖੋਨੋਵ ਦੀ ਕਵਿਤਾ 'ਕੋੜੀ ਜ਼ਾਲਮ ਬੋਲੀ', ਏਰਕਿਨ ਵਖੀਦੋਵ ਦੀ ਕਵਿਤਾ 'ਫੋਟੋਗਰਾਫ' ਅਤੇ ਵਲਾਦੀਮੀਰ ਬੀਕਮੈਨ ਦੀ ਕਵਿਤਾ 'ਜਾਪਾਨੀ ਗੁੱਡੀਆਂ' ਦਾ ਅਨੁਵਾਦ ਪੰਜਾਬੀ ਕਵਿਤਾ ਦਾ ਭੁਲੇਖਾ ਪਾਉਂਦਾ।

ਸਰਗੇਈ ਓਰਲੋਵ ਦਾ ਗੀਤ ਬਹੁਤ ਹੀ ਮਾਨਣ ਵਾਲਾ ਅਤੇ ਜੀਵਨ ਦੇ ਤੱਤਾਂ ਦੀ ਗੁਆਹੀ ਭਰਨ ਵਾਲਾ ਹੈ:

ਜੰਮਣਸਾਰ ਅਸਾਨੂੰ ਗੀਤਾਂ ਦੀ ਭੁੱਖ ਲੱਗੇ
ਚੁੰਘ-ਚੁੰਘ ਕੇ ਗੀਤ ਅਸੀਂ ਵੱਡੇ ਹੋ ਜਾਈਏ।

---

ਜਦੋਂ ਤੀਕ ਜੰਗਲ 'ਚੋਂ ਖਹਿ ਕੇ ਪੌਣ ਤੁਰੇਗੀ
ਜਦੋਂ ਤੀਕ ਧਰਤੀ 'ਤੇ ਬੰਦਾ ਜਨਮ ਲਏਗਾ
ਰਾਤ ਦੇ ਮਗਰੇ-ਮਗਰ ਜਦੋਂ ਤਕ ਦਿਨ ਆਵੇਗਾ
ਜਦ ਤੱਕ ਮਿੱਟੀ ਦੇ ਵਿੱਚ ਡੁੱਲ੍ਹਦੀਆਂ ਰਹਿਣ ਤਰੇਲਾਂ
ਉਦੋਂ ਤੀਕ ਗੀਤਾਂ ਦੀ ਏਥੇ ਬਾਤ ਛਿੜੇਗੀ। (ਪੰਨਾ 39)

---

ਉਸ ਦੀ ਇੱਕ ਹੋਰ ਕਵਿਤਾ 'ਹਾਸਾ' ਬਹੁਤ ਸੁੰਦਰ ਦ੍ਰਿਸ਼ ਚਿੱਤਰਦੀ ਹੈ। ਸਜੀਵ ਰੰਗ ਵਾਲਾ।

ਪੌਣ ਵੀ ਅਥਰੀ,
ਉਸ ਦੀ ਘੱਗਰੀ ਨਾਲ ਮਸ਼ਕਰੀ ਕਰਦੀ ਜਾਵੇ
ਕੁੜੀ ਘੱਗਰੀ ਸਾਂਭ ਪੌਣ ਨੂੰ ਚੁੱਪ ਕਰਾਵੇ
ਨਾਲੇ ਆਪੂੰ ਹਸਦੀ ਜਾਵੇ। (ਪੰਨਾ 40)

ਇਹ ਕਵਿਤਾ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਕੁੜੀ ਪੋਠੋਹਾਰ ਦੀ' ਨੂੰ ਯਾਦ ਕਰਾ ਦਿੰਦੀ ਹੈ। ਅਜਿਹਾ ਉਲੱਥਾ ਡਾ. ਹਰਿਭਜਨ ਸਿੰਘ ਦੀ ਕਲਾ-ਸ਼ਿਲਪ ਦਾ ਸਿਖਰ ਹੈ। ਸਰਗੇਈ ਏਸੇਨਿਨ ਦੀ ਕਵਿਤਾ 'ਤੜਕਸਵੇਰੇ' ਮਾਏ ਨੂੰ ਸੰਬੋਧਨ ਹੁੰਦੀ ਹੈ। 'ਕੋਈ ਅਫਸੋਸ ਨਹੀਂ' ਅਤੇ 'ਨਹੀਂ ਅਕਾਰਥ' ਕੁਦਰਤ ਦੀ ਸੁੰਦਰਤਾ ਨਾਲ ਗੜੁੱਚ ਹਨ। ਮਿਖਾਇਲ ਦੂਦਿਨ ਦੀ ਕਵਿਤਾ 'ਤੇਰੇ ਬਿਨਾਂ' ਮੁਹੱਬਤ ਦੇ ਰੰਗ ਨੂੰ ਪੇਸ਼ ਕਰਦੀ ਹੈ:

ਜਿਹੜੇ ਦਿਨ ਦੇ ਕੋਲ ਰਾਤ ਦੀ ਦਾਤ ਨਹੀਂ ਹੈ
ਉਹ ਕਾਹਦਾ ਦਿਨ?
ਜਿਹੜੀ ਰਾਤ ਦੇ ਕੋਲ ਨਾ ਵਾਅਦਾ ਚੜ੍ਹਦੇ ਦਿਨ ਦਾ
ਓਸ ਰਾਤ ਵਿੱਚ ਕੋਈ ਕੀਕਣ ਜਸ਼ਨ ਮਨਾਏ।
(ਪੰਨਾ 47)

'ਪਹਿਲਾ ਪਿਆਰ' ਕਵਿਤਾ ਵੀ ਮੁਹੱਬਤ ਦੇ ਵਿਸਮਾਦ ਵਾਲੀ ਹੈ।

ਗ੍ਰਿਗੋਈ ਵਿਏਰੂ ਦੀਆਂ ਕਵਿਤਾਵਾਂ 'ਮੁੰਦਰੀ' ਅਤੇ 'ਹੱਥ' ਮਨੁੱਖ ਦੇ ਜਜ਼ਬਿਆਂ ਦੀ ਅਕਾਂਖਿਆ ਵਾਲੀਆਂ ਹਨ। ਨਿਕੋਲਾਈ ਰਾਇਲੈਂਨਕੋਵ ਦੀ ਇੱਕ ਕਵਿਤਾ ਹੈ। ਲੇਇਕ ਸ਼ੇਰਾਲੀਵ ਦੀ 'ਬਿਰਛ' ਪ੍ਰਕਿਰਤੀ ਦੀ ਅਦਭੁੱਤਤਾ ਦਾ ਨਮੂਨਾ ਹੈ। ਲੀਉਨਿਦਮਾਰਤਾਇਨੋਵ ਦੀਆਂ ਦੋ ਕਵਿਤਾਵਾਂ 'ਪੱਤੇ' ਅਤੇ 'ਕਲਾਕਾਰ' ਕੁਦਰਤ ਦੀ ਅਸਚਰਜਤਾ ਦੀਆਂ ਮੂਰਤਾਂ ਬਣਾਉਂਦੀਆਂ ਹਨ। ਰਮਿਸ ਰਾਇਸੁਕੋਵ 'ਰੁੱਤ ਬਹਾਰਾਂ' ਕਵਿਤਾ 'ਚ ਕਹਿੰਦਾ ਹੈ:

ਰੁੱਤ-ਬਹਾਰਾਂ ਜੋਬਨ ਦੰਗਾ ਬਣ ਜਾਂਦਾ ਹੈ
ਬੰਦਾ ਇਸ ਦੀ ਪਕੜ 'ਚ ਬੇਬਸ ਹੋ ਜਾਂਦਾ ਹੈ।
(ਪੰਨਾ 55)

ਇੰਜ ਹੀ ਸੈਮੂਅਲ ਮਾਰਸ਼ਕ ਦੀ ਕਵਿਤਾ 'ਸੋਹਣਾ' ਅਤੇ ਅਨਾਹ ਕੋਵੂਸੋਵ ਦੀ ਕਵਿਤਾ 'ਬਾਜ਼' ਬਹੁਤ ਖ਼ੂਬਸੂਰਤ ਨਜ਼ਾਰੇ ਪੇਸ਼ ਕਰਦੀਆਂ ਹਨ। ਮਰੀਨਾ ਸਵੇਤਾਯੇਵਾ ਦੀ 'ਮਕਾਨ' ਛੋਟੀ ਜਿਹੀ ਕਵਿਤਾ ਮਨੁੱਖ ਦੀ ਮੂਲ ਲੋੜ ਦੀ ਗੱਲ ਕਰਦੀ। ਏਵਗੇਨੀ ਵਿਨੋਕੁਰੋਵ ਦੀ 'ਮੁੱਖੜਾ' ਕਵਿਤਾ, ਮੌਰਿਸ ਚਕਲੇਸ ਦੀ 'ਸੜਕ ਦਾ ਗੀਤ', ਰਾਇਗੋਰ ਬੋਰੋਦੁਲਿਨ ਦੀ 'ਤੂਫ਼ਾਨ ਤੋਂ ਬਾਅਦ', ਸਤੀਪਨ ਸ਼ਿਪਾਚੇਵ ਦੀ 'ਪਿਆਰ', 'ਸਿਆਲ ਨੂੰ ਵਿਦਾ', 'ਤੇਰੀ ਗੱਲ ਹੋਰ ਹੈ', 'ਪਿਆਰ', 'ਸਫ਼ਰ 'ਤੇ' ਅਤੇ 'ਚੇਤਾ' ਸ਼ਾਮਲ ਕੀਤੀਆਂ ਗਈਆਂ ਹਨ। ਆਂਦਰੇਈ ਵੋਜ਼ਨੇਸੇਨਸਰੀ ਦੀ ਕਵਿਤਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਟੈਕਨੀਕ/ਤਕਨੀਕ

## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ:+91-8847610125



ਅੱਜ ਦਾ ਯੁੱਗ ਤਕਨੀਕ ਦਾ ਯੁੱਗ ਹੈ। ਤਕਨਾਲੌਜੀ ਨੇ ਸਾਰੀ ਦੁਨੀਆ ਨੂੰ ਸੂਤਰ ਵਿੱਚ ਪਰੋ ਦਿੱਤਾ ਹੈ। ਅਨਪੜ੍ਹ ਵਿਅਕਤੀ ਵੀ ਇਸਦੀ ਗ੍ਰਿਫਤ ਵਿੱਚ ਹੈ। ਜੇ ਇਹ ਕਹਿ ਲਿਆ ਜਾਵੇ ਕਿ ਅਸੀਂ ਇਸ ਸ਼ਬਦ ਵਿੱਚ ਜਿਊਂਦੇ, ਜਾਗਦੇ, ਸਾਹ ਲੈਂਦੇ ਤੇ ਮਰਦੇ ਹਾਂ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ। ਸਗੋਂ ਮਰਨ ਤੋਂ ਬਾਅਦ ਵੀ ਅਸੀਂ ਇਸ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਸ਼ਾਮਲ ਹੁੰਦੇ ਹਾਂ। ਜਦੋਂ ਇਹ ਸ਼ਬਦ ਪਹਿਲੀ ਵਾਰ ਸਾਡੀਆਂ ਭਾਸ਼ਾਵਾਂ ਵਿੱਚ ਆਇਆ ਤਾਂ ਲੋਕ ਹੈਰਾਨ ਸਨ; ਪਰ ਜੇ ਇਸ ਦੀਆਂ ਅੰਗਲੀਆਂ-ਸੰਗਲੀਆਂ ਜੋੜੀਏ ਤਾਂ ਇਹ ਸਾਡੇ ਹੁਨਰ, ਕਲਾ ਤੇ ਜੁਗਾੜ ਨਾਲ ਪ੍ਰਨਾਇਆ ਨਜ਼ਰ ਆਉਂਦਾ ਹੈ। ਸੰਸਕ੍ਰਿਤ ਦਾ ਇੱਕ ਸ਼ਬਦ ਹੈ- 'ਦਖਸ਼', ਇਹਦਾ ਅਰਥ ਹੈ ਕਿਸੇ ਚੀਜ਼ ਵਿੱਚ ਮਾਹਿਰ ਹੋਣਾ, ਕਾਬਲ ਹੋਣਾ। ਇਹਦੇ ਬਰਾਬਰ ਦਾ ਸ਼ਬਦ ਤਕਨੀਕ ਹੈ। ਇਨ੍ਹਾਂ ਦਾ ਜਨਮ ਸ੍ਰੋਤ ਵੀ ਇੱਕੋ ਮੂਲ ਦਾ ਹੈ।

ਦਰਅਸਲ ਇਹ ਸ਼ਬਦ ਅੰਗਰੇਜ਼ੀ ਟੈਕਨੀਕ ਤੋਂ ਲਿਆ ਗਿਆ ਹੈ। ਇਹਦਾ ਅਰਥ ਹੈ- ਸੂਝਬੂਝ, ਸ਼ਿਲਪ, ਕੌਸ਼ਲ, ਤਕਨੀਕੀ ਹੁਨਰ, ਕਾਰੀਗਰੀ ਆਦਿ। ਚੈਂਬਰਜ਼ ਵਿਓਤਪਤੀ ਕੋਸ਼ ਅਨੁਸਾਰ ਟੈਕਨੀਕ ਦਾ ਭਾਵ ਹੈ- ਮਸ਼ੀਨੀ ਹੁਨਰ, ਕੌਸ਼ਲ। ਇਹ ਸ਼ਬਦ 1817 ਵਿੱਚ ਘੜਿਆ ਗਿਆ। ਇਹਦੇ ਮੂਲ ਵਿੱਚ ਗਰੀਕ ਸ਼ਬਦ 'Technikos' ਹੈ। ਇਸ ਤੋਂ ਕਈ ਸ਼ਬਦ ਬਣੇ ਹਨ- Technical-skilled in a particular art or subject, technician-person experienced in the technicalcalities of a subject, techno-art, craft, skill especially mechanical or industrial crafts and systems. Tecnocracy-government by technical experts. Tecnology-dicourse or treatise on the arts. Technologist-person skilled in technology. ਇਹ ਉਹ ਸ਼ਬਦ ਹਨ, ਜੋ ਅੱਜ ਅਸੀਂ ਆਮ ਵਰਤਦੇ ਹਾਂ। ਤਕਨੀਕ ਸ਼ਬਦ ਦਾ ਮੂਲ ਆਧਾਰ ਅੰਗਰੇਜ਼ੀ ਸ਼ਬਦ ਹੈ, ਜੋ ਅੱਗੋਂ ਗ੍ਰੀਕ ਸ਼ਬਦ 'ਤੇਖਤੇ' ਤੋਂ ਬਣਿਆ ਹੈ। ਉਪਰੋਕਤ ਸ਼ਬਦ ਇਸੇ ਤੋਂ ਨਿਰਮਤ ਹੋਏ ਹਨ। ਸੰਸਕ੍ਰਿਤ ਦੀ ਧਾਤੂ 'ਦਖਸ਼' ਤੇ ਗ੍ਰੀਕ ਧਾਤੂ 'ਤੇਖਤੇ' ਤੋਂ ਹੀ ਸੰਸਕ੍ਰਿਤ ਸ਼ਬਦ ਦਖਸ਼ ਤੇ ਤਖਸ਼ ਬਣੇ ਹਨ। ਸੰਸਕ੍ਰਿਤ ਦਖਸ਼ ਦਾ ਅਰਥ ਹੈ- ਕਿਸੇ ਕੰਮ ਵਿੱਚ ਨਿਪੁੰਨ ਹੋਣਾ, ਯੋਗ, ਚਤੁਰ, ਸਿਆਣਾ, ਜੁਗਤੀ, ਕੁਸ਼ਲ ਆਦਿ। ਤਖਸ਼ ਦਾ ਅਰਥ ਹੈ- ਕਿਸੇ ਚੀਜ਼ ਨੂੰ ਬਣਾਉਣਾ, ਨਿਰਮਾਣ ਕਰਨਾ, ਰਚਨਾ ਆਦਿ।

ਇਸ ਤੋਂ ਇਲਾਵਾ ਛਿੱਲਣਾ, ਕੱਟਣਾ, ਤੋੜਨਾ, ਤਰਾਸ਼ਣਾ ਵਰਗੇ ਅਰਥ ਵੀ ਇਸ ਵਿੱਚ ਸ਼ਾਮਲ ਹਨ। ਡਾ. ਰਾਮ ਵਿਲਾਸ ਸ਼ਰਮਾ ਦਾ ਮਤ ਹੈ ਕਿ-ਤਰਖਾਣ ਅਥਵਾ ਕਾਰੀਗਰ ਸ਼ਬਦ ਇਸੇ ਕਰਕੇ ਮਹੱਤਵਪੂਰਨ ਹੈ। ਗ੍ਰੀਕ ਵਿੱਚ ਇਹਦੇ ਬਰਾਬਰ ਦਾ ਸ਼ਬਦ ਕੌਸ਼ਲ ਹੈ। ਤੈਖ਼ਤੇ ਦਾ ਅਰਥ ਕੌਸ਼ਲ ਤੇ ਤੈਖ਼ਨਿਤੇਸ ਦਾ ਕਲਾਕਾਰ ਜਾਂ ਕਾਰੀਗਰ ਕੀਤਾ ਜਾਂਦਾ ਹੈ। ਇਹ ਸ਼ਬਦ ਫ੍ਰੈਂਚ ਰਾਹੀਂ ਹੁੰਦਾ ਅੰਗਰੇਜ਼ੀ ਵਿੱਚ ਟੈਕਨੀਕ ਬਣਿਆ ਹੈ। ਤਖ਼ਸ਼ ਵਿੱਚ ਛਿੱਲਣ, ਚੀਰਨ, ਕੱਟਣ, ਤਰਾਸ਼ਣ, ਘੜਨ, ਬਣਾਉਣ ਵਰਗੇ ਸ਼ਬਦ ਤਰਖਾਣ ਦੀ ਮਹਿਮਾ ਨਾਲ ਜੁੜੇ ਹੋਏ ਹਨ। ਇਸੇ ਲਈ ਸੰਸਕ੍ਰਿਤ ਵਿੱਚ ਤਰਖਾਣ ਲਈ ਤਖਸ਼ਣ੍ ਜਾਂ ਤਖਸ਼ਕ ਵਰਗੇ ਸ਼ਬਦ ਮਿਲਦੇ ਹਨ। ਤਖਸ਼ਕ ਸੂਤਰਧਾਰ ਨੂੰ ਵੀ ਕਿਹਾ ਜਾਂਦਾ ਹੈ, ਜੋ ਕਿਸੇ ਕੰਮ ਦੀ ਸ਼ੁਰੂਆਤ ਕਰਦਾ ਹੈ। ਸ਼ਿਲਪ ਦੇ ਦੇਵਤੇ ਵਿਸ਼ਵਕਰਮਾ ਦਾ ਇੱਕ ਨਾਂ ਤਖਸ਼ਕ ਹੈ। ਤਖਸ਼ਕ ਇੱਕ ਪ੍ਰਸਿੱਧ ਨਾਗ ਵੀ ਹੈ, ਜੋ ਨਾਗਲੋਕ ਅਥਵਾ ਪਤਾਲ ਦਾ ਵਾਸੀ ਮੰਨਿਆ ਗਿਆ ਹੈ।

ਪੱਛਮੀ ਪੰਜਾਬ ਵਿੱਚ ਤਖਸ਼ਿਲਾ ਜਾਂ ਟੈਕਸਲਾ ਨਾਂ ਦੀ ਯੂਨੀਵਰਸਿਟੀ ਕਿਸੇ ਸਮੇਂ ਸਿਖਿਆ ਦਾ ਉਚਤਮ ਕੇਂਦਰ ਰਹੀ ਹੈ। ਇਸਦਾ ਇਤਿਹਾਸ ਪੁਰਾਣਾਂ ਤੱਕ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਰਤ, ਜਿਸਦੇ ਨਾਂ ਤੋਂ ਭਾਰਤ ਦੇਸ਼ ਬਣਿਆ, ਨੇ ਆਪਣੇ ਪੁੱਤਰ ਤਖ਼ਸ਼ ਦੇ ਨਾਂ 'ਤੇ ਤਖ਼ਸ਼ਿਲਾ ਨਗਰ ਵਸਾਇਆ ਸੀ। ਇਸਦੀ ਰਾਜਧਾਨੀ ਗੰਧਾਰ ਸੀ। ਤਕਰੀਬਨ ਡੇਢ ਹਜ਼ਾਰ ਸਾਲ ਪਹਿਲਾਂ ਤੱਕ ਇਹ ਆਬਾਦ ਸੀ। ਇਹਦੇ ਖੰਡਰ ਅੱਜ ਵੀ ਰਾਵਲਪਿੰਡੀ ਦੇ ਆਲੇ-ਦੁਆਲੇ ਮਿਲਦੇ ਹਨ। ਪ੍ਰਸਿੱਧ ਵਿਆਕਰਣਕਾਰ ਪਾਨਿਨੀ ਤੇ ਚਾਣਕਿਆ ਇੱਥੇ ਅਧਿਆਪਕ ਰਹੇ ਹਨ। ਚੰਦਰ ਗੁਪਤ ਇੱਥੇ ਵਿਦਿਆਰਥੀ ਰਿਹਾ ਹੈ।

ਇੱਥੇ ਫ਼ਾਰਸੀ ਦੇ ਸ਼ਬਦ ਤਖ਼ਤ ਨੂੰ ਦੇਖਿਆ ਜਾ ਸਕਦਾ ਹੈ। ਲੱਕੜ ਦੇ ਕੱਟੇ, ਤਰਾਸ਼ੇ ਹੋਏ ਚੌੜੇ ਫੱਟੇ ਲਈ ਤਖ਼ਤ ਜਾਂ ਤਖ਼ਤਾ ਸ਼ਬਦ ਵਰਤਿਆ ਜਾਂਦਾ ਹੈ। ਮੱਦਾਹ ਸਾਹਿਬ ਦੇ ਉਰਦੂ ਕੋਸ਼ ਅਨੁਸਾਰ ਲੱਕੜ ਦਾ ਲੰਮਾ, ਚੌੜਾ ਤੇ ਥੋੜ੍ਹਾ ਮੋਟਾ ਟੁਕੜਾ, ਜਹਾਜ਼ ਦੇ ਫਰਸ਼ ਦਾ ਹਰ ਟੁਕੜਾ, ਕਾਗਜ਼ ਦੀ ਸ਼ੀਟ, ਲੱਕੜੀ ਦਾ ਫੱਟਾ ਜਿਸ 'ਤੇ ਮੁਰਦੇ ਨੂੰ ਨਵ੍ਹਾਇਆ ਜਾਂਦਾ ਹੈ। ਇਹ ਮੂਲ ਰੂਪ ਵਿੱਚ ਤਖ਼ਸ਼ ਹੀ ਹੈ। ਬਾਅਦ ਵਿੱਚ ਲੱਕੜ ਤੋਂ ਬਣੀ ਚੌਂਕੀ, ਪਲੰਘ ਤੇ ਬਾਦਸ਼ਾਹ ਦੇ ਆਸਣ ਦੇ ਅਰਥਾਂ ਵਿੱਚ ਤਖ਼ਤ ਦੀ ਵਰਤੋਂ ਹੋਣ ਲੱਗੀ। ਹੁਣ ਤਾਂ ਤਖ਼ਤ ਦਾ ਅਰਥ ਹਕੂਮਤ ਹੋ ਗਿਆ ਹੈ। ਫਾਰਸੀ ਕੋਸ਼ ਅਨੁਸਾਰ- ਤਖ਼ਤ, ਸਿੰਘਾਸਨ, ਬੈਠਣ ਦੀ ਚੌਂਕੀ, ਬਾਦਸ਼ਾਹ ਦਾ ਆਸਣ, ਮਸਨਦ, ਲੱਕੜ ਦਾ ਤਖ਼ਤ, ਪਲੰਘ; ਇਸ ਤੋਂ ਨਿਰਮਤ ਕਈ ਸ਼ਬਦ ਨਜ਼ਰ ਆਉਂਦੇ ਹਨ- ਤਖ਼ਤ-ਏ-ਆਬਨੂਸੀ=ਰਾਤ; ਤਖ਼ਤ-ਏ-ਉਰਦਸ਼ੀਰ=ਸੰਗੀਤ ਦੀ ਇੱਕ ਸੁਰ; ਤਖ਼ਤ-ਬਖ਼ਤ=ਅਸੀਸ; ਤਖ਼ਤ-ਪੋਸ਼=ਤਖ਼ਤ ਦੀ ਚਾਦਰ; ਤਖ਼ਤ-ਏ-ਹੈਰਾਂ=ਯਜ਼ਦ ਦੇ ਟਿੱਲੇ ਦਾ ਨਾਂ; ਤਖਤਦਾਰ-ਵਿਛੌਣਾ; ਤਖ਼ਤ-ਏ-ਰਵਿੰਦਾ=ਉਹ ਤਖ਼ਤ ਜਿਸ 'ਤੇ ਬਾਦਸ਼ਾਹ ਸਵਾਰ ਹੁੰਦਾ ਹੈ ਤੇ ਕਹਾਰ ਉਸਨੂੰ ਮੋਢਿਆਂ 'ਤੇ ਚੁੱਕਦੇ ਹਨ, ਮਟਕ ਚਾਲ ਵਾਲਾ ਘੋੜਾ, ਅਸਮਾਨ, ਸੱਤ ਸਿਤਾਰੇ, ਮੰਜੀ-ਪੀੜ੍ਹਾ, ਹਜਰਤ ਸੁਲੇਮਾਨ ਦਾ ਤਖਤ, ਜਿਸਨੂੰ ਪਰੀਆਂ ਹਵਾ ਵਿੱਚ ਉਡਾਉਂਦੀਆਂ ਫਿਰਦੀਆਂ ਹਨ, ਤਖ਼ਤ-ਏ-ਸਿਰਾਜ=ਸ਼ੈਖ਼ ਅਬੂਇਸਹਾਕ ਗਾਜ਼ਰਵਨੀ ਦਾ ਮਦਰੱਸਾ ਜਿਸ ਵਿੱਚ ਉਹਨੇ ਚਿਰਾਗ਼ ਰੌਸ਼ਨ ਕੀਤਾ ਸੀ, ਤਖ਼ਤ-ਏ-ਤਾਊਸ=ਸ਼ਾਹਜਹਾਨ ਦਾ ਮੋਰ ਦੀ ਸ਼ਕਲ ਦਾ ਪ੍ਰਸਿੱਧ ਤਖ਼ਤ, ਜਿਸਦੀ ਲਾਗਤ ਛੇ ਕਰੋੜ ਮੰਨੀ ਜਾਂਦੀ ਹੈ। ਨਾਦਰਸ਼ਾਹ 1738 ਵਿੱਚ ਇਸਨੂੰ ਲੁੱਟ ਕੇ ਈਰਾਨ ਲੈ ਗਿਆ ਸੀ। ਉਹਦੀ ਮੌਤ ਤੋਂ ਬਾਅਦ ਉਹਦੇ ਵਾਰਸਾਂ ਨੇ ਇਹਦੇ ਟੋਟੇ ਕਰਕੇ ਆਪਸ ਵਿੱਚ ਵੰਡ ਲਿਆ।

ਤਖ਼ਤ-ਏ-ਆਜ=ਹਾਥੀ ਦੰਦ ਦਾ ਤਖ਼ਤ; ਤਖ਼ਤ-ਏ-ਫ਼ੀਰੋਜ਼ਾ=ਅਸਮਾਨ; ਤਖ਼ਤਗਾਹ-ਤਖ਼ਤ ਰੱਖਣ ਵਾਲੀ ਥਾਂ, ਇਸਫ਼ਹਾਨ ਵਿੱਚ ਇੱਕ ਸੈਰਗਾਹ; ਤਖ਼ਤਗੀਰ-ਤਖ਼ਤ ਜਾਂ ਰਾਜ ਖੋਹਣ ਵਾਲਾ ਤਾਕਤਵਰ ਬਾਦਸ਼ਾਹ; ਤਖ਼ਤ-ਨਸ਼ੀਨ=ਤਖ਼ਤ 'ਤੇ ਬਹਿਣ ਵਾਲਾ ਬਾਦਸ਼ਾਹ; ਤਖ਼ਤ-ਨਸ਼ੀਨੀ-ਰਾਜ ਗੱਦੀ 'ਤੇ ਬੈਠਣਾ; ਤਖ਼ਤ-ਓ-ਤਾਜ= ਮੁਲਕ, ਰਾਜਪਾਟ; ਤਖ਼ਤ-ਏ-ਹੁਮਾਯੂਨ=ਸ਼ੁਭ ਤਖ਼ਤ, ਸ਼ਾਹੀ ਮਹਿਲ; ਤਖ਼ਤਾ-ਏ-ਅੱਵਲ=ਬੱਚਿਆਂ ਦੇ ਲਿਖਣ ਵਾਲੀ ਫੱਟੀ; ਤਖ਼ਤਾ-ਬਸਤਾ=ਬੰਦ ਮੇਜ਼; ਤਖ਼ਤਾ-ਬੰਦ=ਕੈਦ, ਕੈਦੀ, ਟੁੱਟਿਆ ਹੋਇਆ ਜੋੜ ਜਾਂ ਬੰਦ ਜਿਸ ਉਪਰ ਫੱਟੀ ਬੰਨ੍ਹੀ ਜਾਂਦੀ ਹੈ; ਤਖ਼ਤਾ-ਬੰਦੀ=ਲੱਕੜ ਦੇ ਤਖ਼ਤਿਆਂ ਦਾ ਫ਼ਰਸ਼, ਕਿਆਰੀਆਂ ਦੀ ਤਰਤੀਬ; ਤਖ਼ਤਾ-ਏ-ਪੁਲ=ਲੱਕੜ ਦਾ ਪੁਲ; ਤਖ਼ਤਾ-ਏ-ਤਾਬੂਤ=ਮੁਰਦੇ ਦੀ ਸੀੜ੍ਹ; ਤਖ਼ਤਾ ਜ਼ਦਨ-ਰੂੰ ਪਿੰਜਣਾ, ਨਸਾਰੀਆਂ ਦੀ ਇੱਕ ਪੂਜਾ ਜਿਸ ਵਿੱਚ ਉਹ ਤਖ਼ਤੇ 'ਤੇ ਤਖ਼ਤਾ ਮਾਰਦੇ ਹਨ; ਤਖ਼ਤਾ-ਏ-ਮਸ਼ਕ=ਤਖ਼ਤੀ; ਤਖ਼ਤਾ-ਏ-ਮੀਨਾ=ਅਸਮਾਨ; ਤਖ਼ਤਾ-ਏ-ਨਰਦ=ਨਰਦਾਂ ਖੇਡਣ ਦਾ ਤਖ਼ਤਾ ਆਦਿ।

ਸਿੱਖ ਪੰਥ ਵਿੱਚ ਪੰਜ ਤਖ਼ਤ ਵਿਸ਼ੇਸ਼ ਸਥਾਨ ਰਖਦੇ ਹਨ। ਗੁਰਬਾਣੀ ਵਿੱਚ ਵੀ ਇਹਦਾ ਜ਼ਿਕਰ ਮਿਲਦਾ ਹੈ- ਤਖਤੁ ਸਭਾ ਸਭ ਮੰਡਨ ਦੋਲੀਚੇ॥ (ਪੰਨਾ 179); ਤਖਤ ਨਿਵਾਸੀ ਪੰਚ ਸਮਾਇ॥ (ਪੰਨਾ 411); ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ॥ (ਪੰਨਾ 580); ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ॥ (ਪੰਨਾ 785); ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ॥ (ਪੰਨਾ 947); ਏਕੋ ਤਖਤੁ ਏਕੋ ਪਾਤਿਸਾਹੁ॥ (ਪੰਨਾ 1188); ਤਖਤ ਹਜ਼ਾਰਾ-ਪੱਛਮੀ ਪੰਜਾਬ ਦਾ ਇੱਕ ਨਗਰ; ਤਖਤੂਪੁਰਾ-ਜ਼ਿਲ੍ਹਾ ਮੋਗੇ ਦਾ ਇੱਕ ਪ੍ਰਸਿੱਧ ਪਿੰਡ।

ਤਖ਼ਤ ਨਾਲ ਜੁੜੇ ਪੰਜਾਬੀ ਵਿੱਚ ਕਈ ਮੁਹਾਵਰੇ ਤੇ ਅਖਾਣ ਵੀ ਪ੍ਰਸਿੱਧ ਹਨ-ਤਖ਼ਤ ਹੰਢਾਉਣਾ-ਹਕੂਮਤ ਕਰਨੀ; 'ਤਖਤ ਹੰਢਾਏ ਬਾਦਸ਼ਾਹ ਨਾਲ ਦੁਨੀਆਦਾਰੀ।' ਤਖ਼ਤ ਛੱਡਣਾ-ਰਾਜ ਭਾਗ ਤਿਆਗਣਾ; ਤਖ਼ਤ ਤਾਜ ਰੁੜ੍ਹਨਾ-ਰਾਜ ਭਾਗ ਖਤਮ ਹੋਣਾ; ਤਖ਼ਤ 'ਤੇ ਪੈਰ ਧਰਨਾ- ਰਾਜ ਗੱਦੀ ਸੰਭਾਲਣਾ; ਤਖ਼ਤ 'ਤੇ ਬਿਠਾਉਣਾ-ਬਾਦਸ਼ਾਹ ਦੀ ਤਾਜਪੋਸ਼ੀ; ਤਖ਼ਤ ਤੋਂ ਤਖ਼ਤੇ 'ਤੇ ਜਾ ਡਿੱਗਣਾ-ਅਮੀਰ ਤੋਂ ਕੰਗਾਲ ਹੋਣਾ; ਤਖ਼ਤ ਤੋਂ ਤਖ਼ਤਾ-ਉਚੇ ਰੁਤਬੇ ਤੋਂ ਹੇਠਾਂ ਆ ਜਾਣਾ; ਤਖ਼ਤ ਮੂਧਾ ਹੋਣਾ-ਬਰਬਾਦ ਹੋਣਾ; ਤਖਤੋਂ ਉਤਰਨਾ/ਉਤਾਰਨਾ-ਰਾਜ ਗੱਦੀ ਤੋਂ ਲਾਂਭੇ ਹੋ ਜਾਣਾ; ਤਖ਼ਤਾ ਉਲਟ ਜਾਣਾ ਜਾਂ ਉਲਟਾ ਦੇਣਾ-ਬਰਬਾਦ ਕਰ ਦੇਣਾ; ਤਖ਼ਤਾ ਹੋ ਜਾਣਾ-ਸਰੀਰ ਦਾ ਆਕੜ ਜਾਣਾ; ਤਖ਼ਤਾ ਮੂਧਾ ਕਰਨਾ-ਬਰਬਾਦ ਕਰਨਾ; ਤਖ਼ਤੇ ਤੋਂ ਤਖ਼ਤ ਬਣਾਉਣਾ-ਕੰਗਾਲ ਤੋਂ ਅਮੀਰ ਹੋ ਜਾਣਾ; ਤਖ਼ਤ ਸਲਾਮ ਹੋਵੇ ਦਿਨ ਰਾਤੀ-ਕੁਰਸੀ ਨੂੰ ਸਲਾਮਾਂ ਹੁੰਦੀਆਂ ਨੇ। ਇਸ ਤਰ੍ਹਾਂ ਦਖ਼ਸ਼ ਤੋਂ ਤਖ਼ਤ ਤੱਕ ਦਾ ਸਫਰ ਬੜਾ ਲੰਮਾ ਤੇ ਦਿਲਚਸਪ ਹੈ।

ਤਖਸ਼, ਦਖਸ਼ ਨਾਲ ਜੁੜੇ ਸ਼ਬਦਾਂ ਵਿੱਚ ਕੰਮ ਕਰਨ ਦੀ ਪ੍ਰਵਿਰਤੀ ਪ੍ਰਮੁੱਖ ਹੈ। ਦੂਸਰਾ ਹੱਥਾਂ ਦੀ ਵਰਤੋਂ ਵਿਸ਼ੇਸ਼ ਹੈ। ਦਖਸ਼ ਹੋਣ ਲਈ ਸੱਜੇ ਹੱਥ ਦਾ ਕਾਬਲ ਹੋਣਾ ਜ਼ਰੂਰੀ ਹੈ। ਸੱਜੇ ਹੱਥ ਦੀ ਖੇਡ ਮੁਹਾਵਰਾ ਇਸ ਵੱਲ ਸੰਕੇਤ ਕਰਦਾ ਹੈ। ਕਾਰ, ਕਿਰਤ ਇਸੇ ਦੀ ਕਰਾਮਾਤ ਹੈ। ਦਖਸ਼ ਦਾ ਹੀ ਅਗਲਾ ਰੂਪ ਹੈ- ਕੁਸ਼ਲ ਕਾਰੀਗਰ, ਕਲਾਕਾਰ, ਮਾਹਰ। ਇਹ ਤਬਦੀਲੀ ਭਰੋਪੀ ਭਾਸ਼ਾ ਪਰਿਵਾਰ ਵਿੱਚ ਪੂਰਬ ਤੋਂ ਪੱਛਮ ਵੱਲ ਸਾਰੀਆਂ ਭਾਸ਼ਾਵਾਂ ਵਿੱਚ ਹੋਈ ਹੈ। ਸੰਸਕ੍ਰਿਤ ਵਿੱਚ ਹੱਥ ਲਈ ਹਸਤ ਸ਼ਬਦ ਮਿਲਦਾ ਹੈ। ਅਵੇਸਤਾ ਰਾਹੀਂ ਇਹਦਾ ਫ਼ਾਰਸੀ ਰੂਪ ਦਸਤ ਬਣਦਾ ਹੈ। ਡਾ. ਰਾਮ ਵਿਲਾਸ ਸ਼ਰਮਾ ਅਨੁਸਾਰ ਪੂਰਵ ਵੇਦਿਕ ਕਾਲ ਵਿੱਚ ਕਿਸੇ ਮੂਲ ਭਾਸ਼ਾ ਵਿੱਚ ਇਨ੍ਹਾਂ ਦੋਹਾਂ ਦਾ ਸਾਂਝਾ ਰੂਪ 'ਧਸਤ' ਸੀ। ਅਵੇਸਤਾ ਵਿੱਚ ਧਸਤ ਵਿੱਚ 'ਧ' ਦਾ ਲੋਪ ਹੋ ਕੇ 'ਦ' ਰਹਿ ਗਿਆ ਤੇ ਦਸਤ ਬਣ ਗਿਆ। ਸੰਸਕ੍ਰਿਤ ਵਿੱਚ 'ਧ' ਦਾ ਲੋਪ ਹੋ ਕੇ 'ਹ' ਰਹਿ ਗਿਆ ਤੇ ਹਸਤ: ਬਣ ਗਿਆ। ਇਸ ਵਿੱਚ ਮੂਲ ਧਾਤੂ 'ਦਸ੍' ਹੈ। ਇਹ ਵੀ ਦਖਸ਼ ਵਾਂਗ ਬਣੀ ਹੈ।

ਅੰਗਰੇਜ਼ੀ ਦੀ ਟੇਕ (take) ਕਿਰਿਆ ਦੀ ਇਸ ਨਾਲ ਸਕੀਰੀ ਹੈ। ਟੇਕ ਦਾ ਅਰਥ ਹੈ- ਲੈਣਾ। ਲੈਣ ਦਾ ਕੰਮ ਹੱਥ ਕਰਦੇ ਹਨ। ਦਖਸ਼ ਤੋਂ ਬਣੇ ਦਕਸ਼ਣਾ ਸ਼ਬਦ ਵਿੱਚ ਵੀ ਇਹੀ ਭਾਵ ਹਨ। ਇਸੇ ਤਰ੍ਹਾਂ ਅੰਗਰੇਜ਼ੀ ਦੀ ਟੇਕ ਕਿਰਿਆ ਟੈਕਸ ਜਾਂ ਕਰ ਨਾਲ ਜੁੜੀ ਹੋਈ ਹੈ। ਕਰ ਜਾਂ ਟੈਕਸ ਲਿਆ ਜਾਂਦਾ ਹੈ। ਕਰ ਦੀ ਵਿਓਤਪਤੀ ਸੰਸਕ੍ਰਿਤ ਦੀ /ਕ੍ਰ/ ਧਾਤੂ ਤੋਂ ਹੋਈ ਹੈ, ਜਿਸ ਵਿੱਚ ਕਰਨ ਦਾ ਭਾਵ ਸ਼ਾਮਲ ਹੈ। ਕਰ ਜਾਂ ਟੈਕਸ ਅਦਾ ਕਰਨ ਲਈ ਕੰਮ ਕਰਨਾ ਪੈਂਦਾ ਹੈ, ਜੋ ਹੱਥਾਂ ਨਾਲ ਹੁੰਦਾ ਹੈ। ਲੈਣਾ, ਦੇਣਾ ਦੋਵੇਂ ਕਿਰਿਆ ਰੂਪ ਹਨ। ਹੱਥਾਂ ਲਈ ਕਰ ਤੇ ਕਿਰਤ ਸ਼ਬਦ ਇਸੇ ਮੂਲ ਦੇ ਹਨ। 'ਕਰ ਕਮਲਾਂ ਨਾਲ' ਉਕਤੀ ਇਸੇ ਤੋਂ ਬਣੀ ਹੈ। ਅੰਗਰੇਜ਼ੀ ਟੈਕਸ (tax) ਦੀ ਸਕੀਰੀ ਭਰੋਪੀ ਧਾਤੂ 'tag' ਨਾਲ ਹੈ, ਜਿਸ ਵਿੱਚ ਛੋਹਣ ਜਾਂ ਹੱਥਾਂ ਨਾਲ ਫੜਨ ਦੇ ਭਾਵ ਹਨ।

ਸਵਾਰੀ ਗੱਡੀ ਦੇ ਰੂਪ ਵਿੱਚ ਟੈਕਸੀ ਨੂੰ ਦੇਖਿਆ ਜਾ ਸਕਦਾ ਹੈ। ਕਿਸੇ ਸਮੇਂ ਟੈਕਸੋਮੀਟਰ ਕਾਰਾਂ ਹੁੰਦੀਆਂ ਸਨ, ਭਾਵ ਜਿਨ੍ਹਾਂ ਵਿੱਚ ਬਹਿਣ ਤੋਂ ਬਾਅਦ ਨਿਸਚਿਤ ਥਾਂ 'ਤੇ ਪਹੁੰਚਣ ਦਾ ਭਾੜਾ ਮੀਟਰ ਰਾਹੀਂ ਪਤਾ ਲੱਗ ਜਾਂਦਾ ਸੀ। ਇਸਦੀ ਸ਼ੁਰੂਆਤ ਜਰਮਨੀ ਵਿੱਚ 1890 ਦੇ ਨੇੜੇ-ਤੇੜੇ ਮੰਨੀ ਜਾਂਦੀ ਹੈ। ਅੰਗਰੇਜ਼ੀ ਦਾ ਟੈਕਸ (tax) ਸ਼ਬਦ ਲੈਟਿਨ ਦੇ ਟੇਕਸੇਅਰ (taxare) ਤੋਂ ਬਣਿਆ ਹੈ, ਜਿਸ ਵਿੱਚ ਫੜਨ, ਛੋਹਣ ਦੇ ਭਾਵ ਹਨ। ਮੂਲ ਰੂਪ ਵਿੱਚ ਇਹਦਾ ਅਰਥ ਕਰ ਦੇਣਾ ਜਾਂ ਲੈਣਾ ਹੈ। ਗੱਲ ਭਾਵੇਂ ਟੈਕਸੀ ਚਲਾਉਣ ਦੀ ਹੋਵੇ ਜਾਂ ਟੈਕਸ ਲਾਉਣ/ਉਗਰਾਹੁਣ ਦੀ, ਦਖਸ਼ਤਾ ਜ਼ਰੂਰੀ ਹੈ। ਅੱਜ ਜਦੋਂ ਅਸੀਂ ਟੈਕਨੀਕ ਜਾਂ ਤਕਨੀਕ ਦੀ ਗੱਲ ਕਰਾਂਗੇ ਤਾਂ ਸਾਨੂੰ ਦਖਸ਼ ਨੂੰ ਧਿਆਨ ਵਿੱਚ ਰੱਖਣਾ ਪਏਗਾ।



---

# ਡਾ. ਹਰਿਭਜਨ ਸਿੰਘ ਵੱਲੋਂ ਰੂਸੀ ਕਵਿਤਾਵਾਂ ਦਾ ਅਨੁਵਾਦ ਮੌਲਿਕਤਾ ਵਰਗਾ ਰਸ-ਭਿੰਨੜਾ

'ਆਬਸ਼ਾਰ' ਤਾਂ ਇੱਕ ਸੁੰਦਰ ਫੋਟੋ ਵਰਗੀ ਹੈ:

ਕਿਰਨਾਂ ਵਰਗੀ ਇਹ ਜਲਧਾਰਾ
ਹਿਰਨੀ ਵਰਗੀ ਕੁੜੀ ਪਿਆਰੀ
ਇੱਕ ਦੂਜੇ ਵਿੱਚ ਡਿੱਗਣ ਡੁੱਲ੍ਹਣ। (ਪੰਨਾ 69)

ਪੇਤਰੁਸ ਬਰੋਵਕੀ ਦੀ ਕਵਿਤਾ 'ਓਕ ਬਿਰਛ ਦਾ ਪੱਤਾ' ਜ਼ਿੰਦਗੀ ਦੇ ਸੰਘਰਸ਼ ਦੀ ਬਾਤ ਪਾਉਂਦੀ, ਆਸ਼ਾਵਾਦੀ ਸੁਨੇਹਾ ਦੇਂਦੀ ਹੈ:

ਓਕ ਬਿਰਛ ਦਾ ਮੈਂ ਇੱਕ ਪੱਤਾ,
ਕਾਲੇ ਤੋਂ ਕਾਲਾ ਬੱਦਲ ਵੀ,
ਮੈਨੂੰ ਰਤਾ ਡਰਾ ਨਾ ਸੱਕੇ,
ਅੜ੍ਹਬ ਅੱਥਰੀ ਤੁੰਦ ਹਨੇਰੀ
ਮੈਨੂੰ ਮੇਰੀ ਥਾਉਂ ਮੂਲ ਹਟਾ ਨਾ ਸੱਕੇ। (ਪੰਨਾ 70)

ਇਸ ਤੋਂ ਬਾਅਦ ਕੋਨਸਟੈਨਟਿਨ ਵਾਨਸ਼ੇਨਕਿਨ ਦੀ ਬਾਕਮਾਲ ਕਵਿਤਾ 'ਘਰ ਵਾਪਸੀ' ਜੰਗ ਤੋਂ ਬਾਅਦ ਸਿਪਾਹੀ ਦੀ ਘਰ ਵਾਪਸੀ ਦਾ ਪਤਨੀ ਸੰਜੋਗ ਬਹੁਤ ਹੀ ਰੁਮਾਂਟਿਕ ਹੈ:

ਹੁਣ ਉਸ ਬੱਤੀ ਆਪ ਬੁਝਾਈ,
ਸੌਣ ਲਈ ਤਨ ਦੇ ਸਭ ਕਪੜੇ ਲਾਹੇ
ਕਪੜੇ ਤਨ ਤੋਂ ਇਉਂ ਲਹਿੰਦੇ ਨੇ,
ਜਿਵੇਂ ਝੀਲ ਦੀ ਗਲ੍ਹ ਨੂੰ ਛੋਹ ਕੇ
ਨਿੱਕੀ ਜਿਹੀ ਹਵਾ ਲੰਘਦੀ ਹੈ। (ਪੰਨਾ 72)

ਇਸਾਕੋਵਸਕੀ ਦੀ 'ਘਾਹ' ਅਤੇ ਏ. ਯਾਸ਼ੀਨ ਦੀ 'ਸਾਥੀ ਲੇਖਕਾਂ ਲਈ' ਸ਼ਾਮਲ ਹਨ। ਬੁਲਾਤ ਓਲਜਾਵਾਦੀ 'ਖੁੱਲ੍ਹੇ ਬੂਹੇ' ਮਹਿਮਾਨ ਦਾ ਸੁਆਗਤ ਕਰਦੀ। ਕੋਨਸਟੈਨਟਿਨ ਸਿਮੋਨੋਵ ਦੀ 'ਇੰਤਜ਼ਾਰ' ਮੁਹੱਬਤ ਦੀ ਸ਼ਿੱਦਤ ਦਾ ਸੰਦੇਸ਼ ਦੇਂਦੀ ਹੈ। ਨਿਕੋਲਾਈ ਰਾਇਲੈਂਨਕੋਵ ਦੀ 'ਸ਼ਬਦ ਰੰਗ' ਦਾਰਸ਼ਨਿਕ-ਦ੍ਰਿਸ਼ਟੀ ਨੂੰ ਉਜਾਗਰ ਕਰਦੀ ਹੈ:

ਸ਼ਬਦਾਂ ਵਿੱਚੋਂ ਜਦ ਵੀ ਰੰਗ ਵਿਦਾ ਹੋ ਜਾਵੇ
ਉਨ੍ਹਾਂ ਦੇ ਵਿਚ ਵਜ਼ਨ ਰਹੇ ਨਾ, ਮੁੱਲ ਰਹੇ ਨਾ
ਓਦੋਂ ਮੈਨੂੰ ਡਰ ਆਉਂਦਾ ਹੈ, ਲੱਗੇ ਜੀਕਣ
ਮੇਰੇ ਵਿੱਚੋਂ ਕੋਈ ਰੁੱਤ ਗੁਆਚ ਗਈ ਹੈ। (ਪੰਨਾ 81)

ਦੂਜੀ ਕਵਿਤਾ 'ਕੁੜੀ' ਤਾਂ ਜਿਵੇਂ ਹੁਸਨ ਦੀ ਪਟਾਰੀ ਹੀ ਹੋਵੇ:

ਪਰ ਉਸ ਦੀ ਆਵਾਜ਼, ਹਾਇ ਆਵਾਜ਼ ਤਰਲ, ਝਿਲਮਿਲ ਤੇ ਗਹਿਰੀ।
ਰੂਹ ਵਿੱਚ ਅੱਗ ਬਾਲ ਧਰ ਦੇਵੇ।
ਨੈਣ ਉਸ ਦੇ, ਨਿੱਘੇ ਨੀਲ-ਸਮੁੰਦਰ
ਜੀਕਣ ਸ਼ਾਂਤ ਪਏ ਨੇ। (ਪੰਨਾ 82)

ਨਿਕੋਲਾਈ ਰਾਇਲੈਂਨਕੋਵ ਦੀ 'ਸਰਕੜੇ' ਤਾਂ ਬਚਪਨ ਦੀ ਤ੍ਰਾਸਦੀ ਲਈ ਹੰਝੂ ਕੇਰਨ ਵਾਲੀ ਹੈ:

ਅਸੀਂ ਸਰਕੜੇ ਵਾਂਗੂ ਜੰਮੇ
ਸਰਕੜਿਆਂ ਦੇ ਵਾਂਗ ਪਲੇ ਹਾਂ
ਤਾਂ ਵੀ ਸਾਡਾ ਜੀਅ ਕਰਦਾ ਹੈ
ਰੋਮ-ਰੋਮ ਵਿੱਚ ਫੁੱਲ ਉਗਾਈਏ
ਖੁਸ਼ਬੋਆਂ ਦੀ 'ਵਾਜ ਮਾਰ ਕੇ
ਤੁਰਦੇ ਰਾਹੀ ਪਾਸ ਬਿਠਾਈਏ। (ਪੰਨਾ 80)

ਮੂਮਿਨ ਕਨੋਆਤੋਵ ਦੀ 'ਪਿਆਰ', ਡੇਵਿਡ ਕੁਗੁਲਤਿਨੋਵ ਦਾ 'ਗੀਤ' ਅਤੇ ਯਾਗੋਸਲਾਵ ਸਮੇਲਯਾਕੋਵਦੀ 'ਵਸੀਅਤ' ਬੜੀਆਂ ਡੂੰਘੇ ਭਾਵਾਂ ਵਾਲੀਆਂ ਹਨ। ਪੇਦੇਰ ਖੂਜਨਗਈ ਦੀ 'ਆਪਣੀ ਧਰਤੀ' ਮੋਹ-ਮਿੱਟੀ ਦੀ ਗੱਲ ਕਰਦੀ ਹੈ, ਓਲੇਗ ਸ਼ੇਸਤਿੰਸਦੀ ਦੀ ਬਹੁਤ ਪਿਆਰੀ ਕਵਿਤਾ 'ਮਾਂ' ਪੜ੍ਹਨਯੋਗ ਹੈ। ਮਾਂ ਦਾ ਰਿਣ ਉਤਾਰਿਆ ਹੀ ਨਹੀਂ ਜਾ ਸਕਦਾ:

ਛੋਟਾ ਬੱਚਾ ਨਾਲ ਸੁਆ ਕੇ,
ਸੁਪਨੇ ਵਿੱਚ ਬਰੜਾਵੇ ਮਾਂ
ਗੱਭਰੂ ਪੁੱਤਰ ਬਾਹਰ ਘੱਲ ਕੇ,
ਪੂਰੀ ਅੱਖ ਨਾ ਲਾਵੇ ਮਾਂ।
ਰੋਮ-ਰੋਮ ਮਾਂ ਦਾ ਕਰਜ਼ਾਈ,
ਕਿਵੇਂ ਓਸ ਦਾ ਕਰਜ਼ਾ ਲਾਹੀਏ।

ਯੁਵਤੂਸ਼ੰਕੋ ਦੀ 'ਯਹੂਦੀ' ਅਤੇ 'ਝੂਠਾ', ਜਸਤਿਨਾਸ ਮਾਰਸਿਨਕੇ ਵਿਸ਼ੀਅਸ ਦੀ 'ਮੂਰਖ ਜਿਹਾ ਭੁਲੇਖਾ' ਅਤੇ ਲੀਓਨਿਦ ਮਾਰਤਾਇਨੋਵ ਦੀ 'ਨਿਸਾਨ' ਆਪਣੇ-ਆਪਣੇ ਰੰਗ ਦੀਆਂ ਹਨ। ਪੁਸਤਕ ਦੇ ਅੰਤ ਵਿੱਚ ਉੱਘੇ ਕਵੀ ਮਾਇਆਕੋਵਸਕੀ ਦੀਆਂ 12 ਕਵਿਤਾਵਾਂ ਇਸ ਅਨੁਵਾਦ ਨੂੰ ਸੰਪੂਰਨਤਾ ਪ੍ਰਦਾਨ ਕਰਦੀਆਂ ਹਨ। ਕਵਿਤਾਵਾਂ ਹਨ: ਸੂਰਜ ਨੂੰ ਚਾਹ ਦਾ ਸੱਦਾ, ਪਿਆਰ, ਬਚਪਨ, ਸਕੂਲ, ਯੂਨੀਵਰਸਿਟੀ, ਵੱਡੇ ਹੋ ਕੇ, ਸਿੱਟਾ, 'ਵਾਜਾਂ ਮਾਰਾਂ, ਤੂੰ, ਨਾਮੁਮਕਿਨ, ਮੇਰਾ ਵੀ ਇਹੋ ਹਾਲ ਹੈ ਅਤੇ ਅੰਤਿਮ ਕਵਿਤਾ ਤਾਰੇ।

ਮਾਇਆਕੋਵਸਕੀ ਦੀਆਂ ਕਵਿਤਾਵਾਂ 'ਚੋਂ ਕੁਝ ਅੰਸ਼ ਪੇਸ਼ ਹਨ:

ਮੈਂ ਤੇ ਸੂਰਜ ਦੋਵੇਂ ਮਿਲ ਕੇ ਏਹੋ ਕਹੀਏ
ਜਿੰਨਾ ਚਿਰ ਜੱਗ 'ਤੇ ਜਿਊਣਾ ਹੈ
ਆਪਣਾ ਸਾਰਾ ਜ਼ੋਰ ਲਗਾ ਕੇ
ਮੱਘਦੇ ਰਹੀਏ, ਮੱਚਦੇ ਰਹੀਏ
ਸਦਾ ਚਮਕਣਾ ਹੀ ਜਿਊਣਾ ਹੈ।
(ਪੰਨਾ 97 - ਸੂਰਜ ਨੂੰ ਚਾਹ ਦਾ ਸੱਦਾ)

ਇਸ ਦੁਨੀਆ ਵਿੱਚ ਜੰਮਣ ਵਾਲੇ ਹਰ ਬੰਦੇ ਨੂੰ
ਪਿਆਰ ਤਾਂ ਐਵੇਂ ਮਿਲ ਜਾਂਦਾ ਹੈ
ਪਰ ਰੁਜ਼ਗਾਰ ਦੇ ਝਾਂਜੇ-ਝੇੜੇ
ਪੈਸੇ ਦੇ ਨੇ ਕਈ ਬਖੇੜੇ। (ਪੰਨਾ 97 - ਪਿਆਰ)

---

ਮਿੱਟੀ ਮਾਂ ਹੈ
ਮਿੱਟੀ ਸਾਡੇ ਪੈਂਡੇ ਦੀ ਓੜਕ ਮੰਜ਼ਲ ਹੈ।
(ਪੰਨਾ 110 - ਮੇਰਾ ਵੀ ਇਹੋ ਹਾਲ ਹੈ)

ਇਨ੍ਹਾਂ ਕਾਵਿ-ਪੁਸਤਕਾਂ ਦੇ ਅਨੁਵਾਦ (ਰੂਪਾਂਤ੍ਰਣ) ਨਾਲ ਪੰਜਾਬੀ ਕਵਿਤਾ ਨੂੰ ਜਿੱਥੇ ਨਵੇਂ-ਨਵੇਂ ਵਿਸ਼ੇ ਮਿਲੇ ਹਨ, ਉੱਥੇ ਦੋ ਮੁਲਕਾਂ ਦੇ ਲੋਕਾਂ ਦੇ ਦਿਲਾਂ ਨੂੰ ਨੇੜਤਾ ਵੀ ਖੁਸ਼ਨਸੀਬ ਹੋਈ ਹੈ।

'ਮੇਰੀ ਬੋਲੀ ਤੇਰੇ ਬੋਲ' ਅਤੇ 'ਇਹ ਪਰਦੇਸਣ ਪਿਆਰੀ' ਪੁਸਤਕਾਂ ਦਾ ਮੌਲਿਕਤਾ ਵਰਗਾ ਰਸ-ਭਿੰਨੜਾ ਅਨੁਵਾਦ ਪੜ੍ਹਿਆਂ ਹੀ ਮਾਣਿਆ ਜਾ ਸਕਦਾ ਹੈ।

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ
ਫੋਨ: +91-6280574657

***ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...***

ਮਾਰਚ ਦਾ ਮਹੀਨਾ ਚੜ੍ਹ ਚੁੱਕਾ ਸੀ। ਮੌਸਮ ਇੱਕ ਤਰ੍ਹਾਂ ਨਾਲ ਕਾਫੀ ਖੁਸ਼ਗਵਾਰ ਹੋ ਗਿਆ। ਬਸ ਸਵੇਰ ਸ਼ਾਮ ਦੀ ਠੰਡ ਰਹਿ ਗਈ ਸੀ। ਦਿਲਬਾਗ ਹੁਣ ਆਉਣ ਵਾਲੇ ਐਕਸ਼ਨ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ। ਆਪਣੇ ਸਾਥੀਆਂ ਨੂੰ ਵੀ ਉਹ ਇਸ ਘਟਨਾ ਲਈ ਤਿਆਰ ਕਰਦਾ ਰਿਹਾ। ਉਹਨੇ ਇਹ ਗੱਲ ਵੀ ਹੌਲੀ ਹੌਲੀ ਉਨ੍ਹਾਂ ਦੇ ਕੰਨੀਂ ਪਾਉਣੀ ਸ਼ੁਰੂ ਕੀਤੀ, ਬਈ ਘਟਨਾ ਤੋਂ ਅਗੋਂ-ਪਿੱਛੋਂ ਕੁਝ ਵੀ ਹੋ ਸਕਦਾ ਹੈ! ਅਸੀਂ ਮਰ ਵੀ ਸਕਦੇ ਹਾਂ, ਬਚ ਵੀ ਸਕਦੇ ਹਾਂ, ਫੜੇ ਵੀ ਜਾ ਸਕਦੇ ਹਾਂ। ਇਹਦੇ ਲਈ ਤਿਆਰ ਰਹੀਏ। ਵਾਹ ਲਗਦੀ ਆਪਣੇ ਆਪ ਨੂੰ ਫੜੇ ਨਹੀਂ ਜਾਣ ਦੇਣਾ, ਸਾਈਨਾਈਡ ਦੇ ਤਵੀਤ ਤੁਹਾਡੇ ਗਲਾਂ ਵਿੱਚ ਹੋਣਗੇ, ਚੱਬ ਜਾਇਉ। ਇਹ ਬਹੁਤ ਵੱਡੀ ਘਟਨਾ ਦਾ ਅਸੀਂ ਬਦਲਾ ਲੈਣਾ ਹੈ, ਮਰ ਵੀ ਗਏ ਤਾਂ ਸ਼ਹੀਦ ਅਖਵਾਵਾਂਗੇ, ਜੇ ਫੜੇ ਗਏ ਤੇ ਕੁਝ ਗਲਤ ਕਰ ਬੈਠੇ ਤਾਂ ਗੱਦਾਰੀ ਦਾ ਕਲੰਕ ਲੱਗ ਸਕਦਾ। ਇਸ ਲਈ ਫੜੇ ਜਾਣ ਨਾਲੋਂ ਮੌਤ ਨੂੰ ਪਹਿਲ ਦੇਣੀ। ਉਂਝ ਮੈਨੂੰ ਵਿਸ਼ਵਾਸ ਹੈ ਕਿ ਆਪਾਂ ਨੂੰ ਕੁਝ ਨਹੀਂ ਹੋਣਾ, ਜਿਸ ਕਿਸਮ ਦੀ ਆਪਾਂ ਯੋਜਨਾ ਬਣਾਈ ਹੈ, ਘਟਨਾ ਤੋਂ ਬਾਅਦ ਸਾਫ ਨਿਕਲ ਆਵਾਂਗੇ।'

ਦਿਲਬਾਗ ਬੋਲ ਵੀ ਰਿਹਾ ਸੀ ਤੇ ਉਨ੍ਹਾਂ ਦੇ ਮਨਾਂ ਨੂੰ ਟੋਹ ਵੀ ਰਿਹਾ ਸੀ। ਉਹ ਸਾਰੇ ਹੀ ਅਣਵਿਆਹੇ ਸਨ। ਇਸ ਉਮਰ ਵਿੱਚ ਜ਼ਿੰਦਗੀ ਜੀਣ ਦੇ ਸੁਪਨੇ ਅਤੇ ਲਾਲਸਾਵਾਂ ਵੀ ਬੜੀਆਂ ਹੁੰਦੀਆਂ ਨੇ। ਤਮੰਨਾਵਾਂ ਦੇ ਸੰਸਾਰ ਵਿੱਚ ਮਨੁੱਖ ਦਾ ਮਨ ਡਿੱਕ-ਡੋਲੇ ਖਾਂਦਾ ਰਹਿੰਦਾ ਹੈ। ਦਿਲਬਾਗ ਆਪ ਇਨ੍ਹਾਂ ਕਮਜ਼ੋਰੀਆਂ ਦਾ ਗਲ ਘੁੱਟਣ ਦਾ ਮਾਦਾ ਰੱਖਦਾ ਸੀ, ਪਰ ਸਾਥੀਆਂ ਦੇ ਮਨਾਂ ਦੀ ਥਾਹ ਕਿਵੇਂ ਪਾਵੇ! ਉਂਝ ਦੋਵੇਂ ਮੁੰਡੇ ਉਹਦਾ ਪ੍ਰਭਾਵ ਕਬੂਲ ਰਹੇ ਸਨ। ਉਹ ਹਰ ਘਟਨਾ ਵਿੱਚ ਆਪ ਜਰਨੈਲਾਂ ਵਾਂਗ ਅੱਗੇ ਹੁੰਦਾ। ਇਸ ਲਈ ਮੁੰਡੇ ਉਸ ਦੀ ਗੱਲ ਮੰਨਣੋ ਝਿਜਕਦੇ ਨਹੀਂ ਸਨ।

'ਬਾਈ ਮੇਰੇ ਨਾਲ ਜਿਹੜਾ ਮੁਸਲਮਾਨਾਂ ਦਾ ਮੁੰਡਾ ਸਲੀਮ, ਉਹ ਵੀ ਆਪਣੇ ਨਾਲ ਜਾਣਾ ਚਾਹੁੰਦਾ ਐਕਸ਼ਨ ਵਿੱਚ, ਬੜੀ ਨਫਰਤ ਕਰਦਾ ਉਹ ਕਿਸਾਨਾਂ ਨੂੰ ਦਰੜਨ ਵਾਲੇ ਮੁੰਡੇ ਨੂੰ' ਗੋਲੂ ਦਿਲਬਾਗ ਨੂੰ ਦੱਸਣ ਲੱਗਾ।

'ਤੂੰ ਉਹਦੇ ਨਾਲ ਗੱਲ ਕਿਉਂ ਕੀਤੀ ਐਕਸ਼ਨ ਬਾਰੇ?' ਦਿਲਬਾਗ ਨੇ ਗੋਲੂ ਨੂੰ ਝਿੜਕਿਆ।

'ਗੱਲ ਤਾਂ ਕਰਨੀ ਪੈਣੀ ਸੀ ਬਾਈ, ਬੰਦੇ ਐਵੇਂ ਥੋੜੀ ਦਿਲ ਖੋਲ੍ਹਦੇ' ਗੋਲੂ ਸਹਿਜ ਸੁਭਾਅ ਬੋਲਿਆ।

'ਨਾਲੇ ਤੂ ਫਿਕਰ ਨਾ ਕਰ, ਸਲੀਮ ਵਲੋਂ ਮੇਰੀ ਗਾਰੰਟੀ ਆ, ਉਹ ਬੜਾ ਕੰਮ ਆਊ ਆਪਣੇ, ਦੇਖਦੇ ਜਾਇਉ' ਗੋਲੂ ਨੂੰ ਸਲੀਮ ਬਖਸ਼ 'ਤੇ ਪੂਰਾ ਭਰੋਸਾ ਸੀ।

'ਚਲੋ ਠੀਕ ਆ, ਬਸ ਉੱਪਰ ਆਲਾ ਨਜ਼ਰ ਸਵੱਲੀ ਰੱਖੇ, ਹੁਣ ਤਾਂ ਬਸ ਉਹਦਾ ਈ ਆਸਰਾ' ਦਿਲਬਾਗ ਨੇ ਗੱਲ ਮੁਕਾਈ।

ਗੋਲੂ ਵਲੋਂ ਚੌਥੇ ਬੰਦੇ ਨਾਲ ਗੱਲ ਸਾਂਝੀ ਕੀਤੇ ਜਾਣ ਕਾਰਨ ਦਿਲਬਾਗ ਕੁਝ ਸੰਸੇ ਵਿੱਚ ਸੀ, ਪਰ ਛੇਤੀ ਉਸ ਨੇ ਆਪਣੇ ਮਨ ਦੇ ਡਰ 'ਤੇ ਕਾਬੂ ਪਾ ਲਿਆ। ਉਸ ਨੂੰ ਲੱਗਾ ਗੋਲੂ ਹੁਣ ਬੱਚਾ ਤੇ ਰਿਹਾ ਨੀ, ਸੋਚ ਸਮਝ ਕੇ ਹੀ ਗੱਲ ਕੀਤੀ ਹੋਏਗੀ। ਨਾਲੇ ਉਥੇ ਰਹਿ ਕਿ ਇਹਨੇ ਆਪਣੇ ਆਪ ਨੂੰ ਸਥਾਨਕ ਹਾਲਾਤ ਅਨੁਸਾਰ ਢਾਲਿਆ। ਸਾਰੀ ਜਾਣਕਾਰੀ ਹਾਸਲ ਕੀਤੀ ਹੈ। ਇਹਦੇ ਬਿਨਾ ਤਾਂ ਇਹ ਕਾਰਜ ਸੰਭਵ ਹੀ ਨਹੀਂ ਸੀ ਹੋ ਸਕਦਾ। ਉਸ ਨੂੰ ਇੱਕ ਤਸੱਲੀ ਵੀ ਹੋਈ ਕਿ ਇੱਕ ਬੰਦਾ ਹੋਰ ਨਾਲ ਜੁੜਿਆ, ਜਿਹੜਾ ਸਾਰੇ ਰਾਹ-ਰਸਤਿਆਂ ਬਾਰੇ ਸਾਰਾ ਕੁਝ ਜਾਣਦਾ ਹੈ। ਫਸੀ ਨੂੰ ਬਾਹਰ ਵੀ ਕੱਢ ਸਕਦਾ ਹੈ। ਦਿਲਬਾਗ ਹੁਣ ਕੁਝ ਰੂਹਾਨੀ ਵੀ ਹੋਣ ਲੱਗਾ ਸੀ। ਗੁਰਦੁਆਰੇ ਤਾਂ ਉਹ ਆਪਣੀ ਮਾਂ ਨਾਲ ਹੀ ਜਾਂਦਾ ਹੁੰਦਾ ਸੀ, ਪਰ ਜਦੋਂ ਦਾ ਸਿਮਰਨ ਨਾਲ ਆਹਮਣਾ-ਸਾਹਮਣਾ ਹੋਣ ਲੱਗਾ ਸੀ, ਉਸ ਦੇ ਅੰਦਰ ਜਿਵੇਂ ਕੋਈ ਰੂਹਾਨੀ ਸ਼ਕਤੀ ਉਸਲਵੱਟੇ ਲੈਣ ਲੱਗੀ ਸੀ। ਪਹਿਲਾ ਉਹ ਹਰ ਨਿੱਕੀ-ਨਿੱਕੀ ਗੱਲ ਦਾ ਬੰਨ੍ਹਸੁਬ ਕਰਨ ਦਾ ਯਤਨ ਕਰਦਾ ਸੀ। ਹੁਣ ਉਹ ਬਹੁਤ ਸਾਰੀਆ ਗੱਲਾਂ ਨੂੰ ਚਲ ਹੋਊ ਕਹਿ ਛੱਡਦਾ। ਕਿਸੇ ਆਪਾਰ ਸ਼ਕਤੀ ਵਿੱਚ ਉਸ ਦਾ ਵਿਸ਼ਵਾਸ ਪਨਪ ਰਿਹਾ ਸੀ, ਜਿਸ ਦੇ ਨਿਯਮ ਵਿੱਚ ਚਲਦੀ ਸ੍ਰਿਸ਼ਟੀ ਉਸ ਦੇ ਆਪਣੇ ਵੱਸ ਵਿੱਚ ਨਹੀਂ ਸੀ।

---

ਹੋਲੀ ਤੋਂ ਪਹਿਲਾਂ ਗੋਲੂ ਪਿੰਡ ਆ ਗਿਆ। ਸਲੀਮ ਬਖਸ਼ ਵੀ ਉਸ ਦੇ ਨਾਲ ਹੀ ਆ ਗਿਆ। ਹੋਲੀ ਤੋਂ ਪਹਿਲੀ ਰਾਤ ਸ਼ਾਮ ਨੂੰ ਉਹ ਆਪਣੇ ਟਿਕਾਣੇ ਤੋਂ ਚੱਲੇ। ਫੋਰ ਬਾਈ ਫੋਰ ਦੀਆਂ ਦੋ ਵੱਡੀਆਂ ਗੱਡੀਆਂ ਉਨ੍ਹਾਂ ਕੋਲ ਸਨ। ਉਹ ਵਾਰੋ ਵਾਰੀ ਰਸਤੇ ਵਿੱਚ ਸੌਂ ਲਏ। ਸੜਕਾਂ ਰਾਤ 9 ਵਜੇ ਤੋਂ ਬਾਅਦ ਵਿਹਲੀਆਂ ਹੋ ਗਈਆਂ। ਸੌ ਸਵਾ ਸੌ ਕਿਲੋਮੀਟਰ ਦੀ ਰਫਤਾਰ ਨਾਲ ਗੱਡੀਆਂ ਵਾਟ ਦੇ ਫਾਹੇ ਵੱਢਦੀਆਂ ਜਾ ਰਹੀਆਂ ਸਨ। ਸਲੀਮ ਮੋਹਰਲੀ ਗੱਡੀ ਵਿੱਚ ਸੀ। ਉਹ ਦਿਲਬਾਗ ਹੋਰਾਂ ਨੂੰ ਤਰਾਈ ਦੇ ਇਲਾਕੇ ਵਿੱਚ ਲੈ ਗਿਆ। ਇੱਥੇ ਇੱਕ ਵੱਡਾ ਢਾਬਾ ਸੀ। ਉਨ੍ਹਾਂ ਉਥੇ ਆਪਣਾ ਖਾਣ ਪੀਣ ਕੀਤਾ ਤੇ ਬਾਹਰ ਅੰਦਰ ਹੋ ਆਏ। ਇੱਥੋਂ ਥੋੜ੍ਹੀ ਦੂਰ ਹੀ ਉਹ ਥਾਂ ਸੀ, ਜਿੱਥੇ ਕਿਸਾਨਾਂ ਨੂੰ ਦਰੜਨ ਵਾਲਾ ਮੁੰਡਾ ਕੁੜੀਆਂ-ਚਿੜੀਆਂ ਤੇ ਆਪਣੇ ਯਾਰਾਂ ਨਾਲ ਹੋਲੀ ਮਨਾਉਣ ਆਉਂਦਾ ਸੀ। ਉਨ੍ਹਾਂ ਦੇ ਚੋਜ਼ 11 ਕੁ ਵਜੇ ਸ਼ੁਰੂ ਹੋਣੇ ਸਨ। 10 ਕੁ ਵਜੇ ਤੱਕ ਦਿਲਬਾਗ ਹੋਰੀਂ ਇੱਥੇ ਹੀ ਰੁਕੇ ਰਹੇ। ਫਿਰ ਦੋਹਾਂ ਗੱਡੀਆਂ ਨੇ ਦੋ ਅਲੱਗ-ਅਲੱਗ ਰਸਤਿਆਂ ਤੋਂ ਅੱਗੇ ਵਧਣਾ ਸ਼ੁਰੂ ਕੀਤਾ। ਹੋਲੀ ਵਾਲੀ ਥਾਂ ਨੂੰ ਇਹ ਦੋ ਰਸਤੇ ਹੀ ਲਗਦੇ ਸਨ; ਬਾਕੀ ਪਗਡੰਡੀਆਂ ਸਨ। ਉਨ੍ਹਾਂ ਸਾਢੇ ਕੁ 11 ਵਜੇ ਘਟਨਾ ਸਥਾਨ 'ਤੇ ਪਹੁੰਚਣਾ ਸੀ। ਇੱਕ ਰਸਤੇ ਤੋਂ ਹੋਲੀ ਵਾਲਾ ਸਥਾਨ ਨਜ਼ਦੀਕ ਹੀ ਸੀ। ਇਹ ਇੱਥੋਂ ਸਿੱਧਾ ਰਸਤਾ ਸੀ। ਦਿਲਬਾਗ ਤੇ ਅੰਬੇ ਨੂੰ ਸਲੀਮ ਨੇ ਇਸ ਰਸਤੇ ਤੋਂ ਆਉਣਾ ਲਈ ਕਿਹਾ। ਦੂਜਾ ਰਸਤਾ ਪੂਰਬ ਵਲੋਂ ਘੁੰਮ ਕੇ ਆਉਂਦਾ ਸੀ। ਸਲੀਮ ਤੇ ਗੋਲੂ ਉਧਰੋਂ ਦੀ ਹੋ ਲਏ। 'ਜੇ ਕੋਈ ਗੰਨਮੈਨ ਹੋਇਆ ਤਾਂ ਤੁਸੀਂ ਸਾਂਭਣਾ, ਜੇ ਕਾਬੂ ਨਾ ਆਇਆ ਤਾਂ ਗੋਲੀ ਮਾਰ ਦਿਓ, ਕਾਤਲ ਨੂੰ ਅਸੀਂ ਆਪੇ ਸਾਂਭ ਲਵਾਂਗੇ।' 'ਦਿਲਬਾਗ ਨੇ ਸਲੀਮ ਹੋਰਾਂ ਨੂੰ ਹਦਾਇਤ ਦਿੱਤੀ। ਦੋਨੋ ਰਸਤੇ ਹੋਲੀ ਵਾਲੇ ਥਾਂ 'ਤੇ ਅਚਾਨਕ ਜਾ ਕੇ ਖੁਲ੍ਹਦੇ ਸਨ। ਦਰਖਤਾਂ ਨਾਲ ਭਰੇ ਇਸ ਖੇਤਰ ਬਾਰੇ ਦੂਰੋਂ ਕੁਝ ਨਹੀਂ ਸੀ ਪਤਾ ਲਗਦਾ। ਨਦੀ ਦਾ ਖੂਬਸੂਰਤ ਕਿਨਾਰਾ ਜਿੱਥੇ ਮੰਤਰੀ ਦੇ ਮੁੰਡੇ ਸਮੇਤ ਕੁੜੀਆਂ-ਮੁੰਡੇ ਹੋਲੀ ਮਨਾ ਰਹੇ ਸਨ, ਦੋ ਗੱਡੀਆਂ ਇੱਕ ਦਮ ਆ ਕੇ ਰੁਕੀਆਂ। ਸਾਰੇ ਸਤਰਕ ਹੋ ਗਏ। ਇੱਕ ਗੰਨਮੈਨ ਭੀੜ ਤੋਂ ਹਟਵਾਂ ਪੱਥਰ 'ਤੇ ਪੈਰ ਰੱਖੀਂ ਖੜ੍ਹਾ ਸੀ। ਉਹ ਇੱਕ ਦਮ ਅਲਰਟ ਹੋ ਗਿਆ। ਗੋਲੂ ਨੇ ਗੱਡੀ 'ਚੋਂ ਬੈਠਿਆਂ ਹੀ ਆਪਣੇ ਪਿਸਟਲ ਵਿੱਚੋਂ ਗੋਲੀ ਮਾਰੀ। ਉਹ ਥਾਏਂ ਢੇਰੀ ਹੋ ਗਿਆ। ਕਾਤਲ ਛੋਕਰਾ ਗੱਡੀ ਵਿੱਚੋਂ ਹਥਿਆਰ ਚੁੱਕਣ ਭੱਜਿਆ, ਦਿਲਬਾਗ ਨੇ ਬਾਰਾਂ ਬੋਰ ਦੀ ਕੱਟੀ ਹੋਈ ਗੰਨ ਨਾਲ ਉਹਦੀਆਂ ਲੱਤਾਂ ਵਿੱਚ ਫਾਇਰ ਮਾਰਿਆ। ਹਾਏ ਦੀ ਆਵਾਜ਼ ਆਈ ਅਤੇ ਉਹ ਥਾਏਂ ਡਿੱਗ ਪਿਆ। ਸਲੀਮ ਨੇ ਭੱਜ ਕੇ ਉਸ ਦੀ ਰਾਈਫਲ ਤੇ ਮੋਬਾਈਲ ਚੁੱਕੇ, ਗੋਲੀਆਂ ਵਾਲੀ ਬੱਧਰੀ 'ਤੇ ਇੱਕ ਫਾਇਰ ਕੀਤਾ ਅਤੇ ਉਹ ਲੱਕ ਨਾਲੋਂ ਟੁੱਟ ਗਈ। ਦੂਜਾ ਪਿਸਟਲ ਦਾ ਫਾਇਰ ਦਿਲਬਾਗ ਨੇ ਭੀੜ ਦੇ ਸਿਰ 'ਤੋਂ ਦੀ ਕੀਤਾ ਤੇ ਸਲੀਮ ਨੇ ਕੜਕਵੀਂ ਸਥਾਨਕ ਆਵਾਜ਼ ਵਿੱਚ ਸਾਰਿਆਂ ਨੂੰ ਆਪੋ ਆਪਣੀ ਥਾਂ 'ਤੇ ਖਲੋਤੇ ਰਹਿਣ ਲਈ ਕਿਹਾ। ਇਹ ਵੀ ਕਿ ਸਾਰੇ ਆਪਣੇ ਫੋਨ ਵਗੈਰਾ ਨਦੀ ਵਿੱਚ ਸੁੱਟ ਦੇਣ। ਬਹੁਤੇ ਫੋਨ ਭਿੱਜਣ ਦੇ ਡਰੋਂ ਲੈ ਕੇ ਨਹੀਂ ਸਨ ਆਏ। ਜਿਨ੍ਹਾਂ ਕੋਲ ਸਨ, ਉਨ੍ਹਾਂ ਨੇ ਨਦੀ ਦੇ ਪਾਣੀ ਵਿੱਚ ਵਗਾਹ ਮਾਰੇ। 'ਹੁਣ ਡਰਾਮਾ ਵੇਖ ਕੇ ਜਾਇਉ।' ਸਲੀਮ ਨੇ ਫਿਰ ਉਚੀ ਆਵਾਜ਼ ਵਿੱਚ ਕਿਹਾ। ਦਿਲਬਾਗ ਨੇ ਖੂਨੀ ਮੁੰਡੇ ਨੂੰ ਲੱਤਾਂ ਤੋਂ ਫੜਿਆ ਤੇ ਘੜੀਸ ਕੇ ਭੀੜ ਦੇ ਸਾਹਮਣੇ ਕਰ ਲਿਆ। ਉਹਨੇ ਗੱਡੀ ਸਟਾਰਟ ਕੀਤੀ ਤੇ ਮੁੰਡੇ ਦੇ ਉਤੋਂ ਦੀ ਲੰਘਾ ਦਿੱਤੀ। ਭੀੜ ਅੱਗੇ ਹੋਣ ਲੱਗੀ, ਬਾਰਾਂ ਬੋਰ ਦੀ ਗੰਨ ਦੇ ਇੱਕ ਫਾਇਰ ਨੇ ਉਨ੍ਹਾਂ ਦੇ ਪੈਰਾਂ ਕੋਲ ਪੱਥਰਾਂ ਭਰੀ ਮਿੱਟੀ ਵਿੱਚੋਂ ਅੱਗ ਜਿਹੀ ਕੱਢੀ। ਉਹ ਥਾਏਂ ਰੁਕ ਗਏ। ਮਨਿਸਟਰ ਦੇ ਮੁੰਡੇ ਨੂੰ ਜੋਰ ਦੀ ਫੇਟ ਵੱਜੀ ਸੀ ਤੇ ਉਹ ਗੱਡੀ ਦੇ ਚਾਰਾਂ ਟੈਰਾਂ ਦੇ ਵਿਚਾਲੇ ਡਿੱਗ ਪਿਆ ਸੀ। ਗੱਡੀ ਉੱਤੋਂ ਦੀ ਲੰਘ ਗਈ। ਉਸ ਦੇ ਸਿਰ ਵਿੱਚ ਵੱਡਾ ਫੱਟ ਹੋ ਗਿਆ ਸੀ। ਘਰਾਲੀਂ ਖੂਨ ਵਗਣ ਲੱਗਾ; ਪਰ ਉਹ ਹਾਲੇ ਜੀਂਦਾ ਸੀ। ਦਿਲਬਾਗ ਨੇ ਅੰਬੇ ਨੂੰ ਆਵਾਜ਼ ਮਾਰੀ, 'ਇਹਦਾ ਸਿਰ ਘੜੀਸ ਕੇ ਆਹ ਪੱਕੇ ਥਾਂ 'ਤੇ ਕਰ ਦੇ ਅਮਰੇ।' ਮੁੰਡੇ ਨੇ ਉਵੇਂ ਕੀਤਾ। ਗੱਡੀ ਸਟਾਰਟ ਖੜ੍ਹੀ ਸੀ। ਦਿਲਬਾਗ ਨੇ ਮਨਿਸਟਰ ਦੇ ਮੁੰਡੇ ਦੇ ਸਿਰ 'ਤੋਂ ਦੀ ਟਾਇਰ ਲੰਘਾ ਦਿੱਤਾ। ਉਹਦੀ ਖੋਪਰੀ ਠੀਕਰਿਆਂ ਵਾਂਗ ਖਿੰਡ ਗਈ। ਅੱਖਾਂ ਦੇ ਡੇਲੇ ਅੰਬੇ ਦੇ ਪੈਰਾਂ ਵਿੱਚ ਆਣ ਕੇ ਡਿੱਗੇ। ਭੀੜ ਨੇ ਮੂੰਹ ਪਰ੍ਹਾਂ ਨੂੰ ਕਰ ਲਏ। ਅੰਬਾ ਉਲਟੀਆਂ ਕਰਨ ਲੱਗਾ। ਦਿਲਬਾਗ ਨੇ ਉਹਨੂੰ ਖਿੱਚ ਕੇ ਆਪਣੀ ਗੱਡੀ ਵਿੱਚ ਸੁੱਟਿਆ, 'ਸਾਲਿਆ ਬੰਦਾ ਬਣ, ਕਿਵੇਂ ਜਨਾਨੀਆਂ ਵਾਂਗ ਉਛਲਣ ਲੱਗਿਆਂ।'



ਸਲੀਮ ਇੱਕ ਵਾਰ ਫਿਰ ਉੱਚੀ ਆਵਾਜ਼ ਵਿੱਚ ਬੋਲਿਆ 'ਅੱਜ ਸ਼ਾਮ ਤੱਕ ਕੋਈ ਕਿਸੇ ਨੂੰ ਇਸ ਘਟਨਾ ਬਾਰੇ ਨਹੀਂ ਦੱਸੇਗਾ। ਜਿਹੜਾ ਸਾਡੇ ਇੱਥੇ ਵੱਸਦੇ ਸਾਡੇ ਕਿਸਾਨਾਂ ਨਾਲ ਉਚਾ ਨੀਵਾਂ ਹੋਇਆ, ਉਹਦਾ ਵੀ ਇਹੋ ਜਿਹਾ ਹੀ ਹਾਲ ਹੋਊ।' ਉਹਨੇ ਫਿਰ ਕਿਹਾ, 'ਥੋਡੇ ਬਹੁਤ ਸਾਰੇ ਭੈਣ-ਭਾਈ ਸਾਡੇ ਵੀ ਉਧਰ ਬੈਠੇ ਨੇ, ਜਿਹਾ ਕਰੋਗੇ ਉਹੋ ਜਿਹਾ ਭੁਗਤੋਗੇ।' ਥੋੜ੍ਹੀ ਦੂਰ ਜਾ ਕੇ ਮੁੰਡਿਆਂ ਨੇ ਸਾਰੇ ਹਥਿਆਰ ਨਦੀ ਵਿੱਚ ਸੁੱਟ ਦਿੱਤੇ ਤੇ ਗੱਡੀਆਂ ਵੀ। ਸਲੀਮ ਦਿਲਬਾਗ ਹੋਰਾਂ ਦੇ ਨਾਲ ਹੀ ਚਲਾ ਗਿਆ। ਹਥਿਆਰ ਨਦੀ ਵਿੱਚ ਸੁਟਣ ਤੋਂ ਬਾਅਦ ਦਿਲਬਾਗ ਨੇ ਆਪਣੀ ਜੇਬ ਵਿੱਚੋਂ ਸੰਧੂਰ ਜਿਹੇ ਦੀ ਇੱਕ ਡੱਬੀ ਕੱਢੀ ਤੇ ਤਿੰਨਾਂ ਦੇ ਮੱਥਿਆਂ 'ਤੇ ਤਿਲਕ ਲਗਾ ਦਿੱਤੇ। ਫਿਰ ਗੋਲੂ ਨੇ ਦਿਲਬਾਗ ਦੇ ਮੱਥੇ 'ਤੇ ਵੀ ਤਿਲਕ ਲਗਾਇਆ। ਹੁਣ ਕੋਈ ਵੀ ਕੁਝ ਪੁੱਛੇ ਤਾਂ ਕਹਿਣਾ ਹੋਲੀ ਖੇਡ ਕੇ ਆਏ ਹਾਂ। ਸਾਰਿਆਂ ਨੇ ਗਲਾਂ ਵਿੱਚ ਸਾਈਨਾਈਡ ਦੇ ਤਵੀਤ ਪਾ ਲਏ। 'ਹੁਣ ਇਹ ਤਵੀਤ ਹੀ ਸਾਡਾ ਰਾਖਾ ਹੈ, ਪੁਲਿਸ ਦੇ ਹੱਥ ਆਉਣ ਨਾਲੋਂ ਮਰਨ ਨੂੰ ਪਹਿਲ ਦੇਣੀ, ਬਚ ਗਏ ਤਾਂ ਦੱਸੀ ਥਾਂ 'ਤੇ ਸ਼ਾਮ ਦੇ 7 ਵਜੇ ਪਹੁੰਚ ਜਾਣਾ।' ਦਿਲਬਾਗ ਨੇ ਸਾਰਿਆਂ ਨੂੰ ਹਦਾਇਤ ਕੀਤੀ। ਉਹ ਉਚੇ ਨੀਵੇਂ ਪਹਾੜੀ ਰਸਤਿਆਂ, ਪਗਡੰਡੀਆਂ ਤੋਂ ਤੁਰਦੇ ਸਹੀ ਸਲਾਮਤ ਮਿੱਥੇ ਥਾਂ 'ਤੇ ਪਹੁੰਚ ਗਏ। ਗੋਲੂ ਨੂੰ ਦਿਲਬਾਗ ਨੇ ਪੰਜਾਬ ਵੱਲ ਤੋਰ ਦਿੱਤਾ। ਉਹਦੀ ਰਾਖੀ ਲਈ ਉਹਦੇ ਗਲ ਵਿੱਚ ਸਿਰਫ ਸਾਈਨਾਈਡ ਦਾ ਤਵੀਤ ਸੀ। ਉਹ ਰੇਲ ਵਿੱਚ ਪੂਰਬੀਆਂ ਵਾਲੇ ਡੱਬੇ ਵਿੱਚ ਬੈਠ ਗਿਆ। ਬੀੜੀਆਂ ਦੇ ਧੂਏਂ ਦੀ ਹਵਾੜ ਨਾਲ ਸਾਹ ਘੁੱਟ ਰਿਹਾ ਸੀ। ਉਹ ਬਾਰੀ ਵੱਲ ਹੋ ਗਿਆ। ਸਾਹ ਕੁਝ ਸੌਖਾ ਆਉਣ ਲੱਗਾ। ਰਸਤੇ ਵਿੱਚ ਕੁਝ ਧੋਤੀਆਂ ਵਾਲੇ ਪੁਰਾਣੇ ਪਹਿਰਾਵੇ ਵਾਲੇ ਪੰਡਿਤ ਗੀਤਾ ਦੀਆਂ ਕਾਪੀਆਂ ਮੁਫਤ ਵੰਡ ਰਹੇ ਸਨ। ਗੋਲੂ ਨੇ ਇੱਕ ਕਾਪੀ ਲੈ ਕੇ ਪੱਟਾਂ ਵਿੱਚ ਰੱਖ ਲਈ। ਰਸਤੇ ਵਿੱਚ ਚੈਕਿੰਗ ਵਧ ਗਈ ਸੀ। ਪੂਰਬੀਆਂ ਵਰਗੀ ਗਲੇਟ ਵਾਲੇ ਪੱਕੇ ਰੰਗ ਦੇ ਗੋਲੂ ਦੇ ਮੱਥੇ 'ਤੇ ਤਿਲਕ ਚਮਕ ਰਿਹਾ ਸੀ। ਉਹਦੇ ਪੱਟਾਂ ਵਿੱਚ ਗੀਤਾ ਦੀ ਕਾਪੀ ਦਾ ਟਾਈਟਲ ਲਿਸ਼ਕ ਰਿਹਾ ਹੁੰਦਾ। ਸਿਪਾਹੀ ਉਹਦਾ ਸਰਸਰੀ ਸਮਾਨ ਚੈਕ ਕਰਦੇ ਤੇ ਚਲੇ ਜਾਂਦੇ। ਸਟੇਸ਼ਨ 'ਤੇ ਉਤਰ ਕੇ ਉਸ ਨੇ ਚੰਗੀ ਤਰ੍ਹਾਂ ਹੱਥ ਧੋਤੇ। ਮੱਥੇ ਤੋਂ ਤਿਲਕ ਪੂੰਝ ਦਿੱਤਾ। ਗੀਤਾ ਦੀ ਕਾਪੀ ਲਾਗੇ ਵਾਲੇ ਸ਼ਿਵ ਮੰਦਿਰ ਵਿੱਚ ਦੇ ਦਿੱਤੀ। ਤਮਾਕੂ ਦੀ ਮਹਿਕ ਜਿਵੇਂ ਚਮੜੀ ਨੂੰ ਚਿੰਮੜ ਗਈ ਸੀ। ਉਸ ਦਾ ਜੀਅ ਕੀਤਾ ਆਪਣੀ ਚਮੜੀ ਨੂੰ ਉਧੇੜ ਕੇ ਸੁੱਟ ਦੇਵੇ। ਆਪਣੇ ਆਪ ਤੋਂ ਕਚਿਆਣ ਜਿਹੀ ਆਈ। 'ਕੀ ਕੀ ਕਰਨਾ ਪੈਂਦਾ ਜ਼ਿੰਦਗੀ 'ਚ' ਉਹ ਬੁੜਬੁੜਾਇਆ। ਇੱਕ ਸਾਦੇ ਜਿਹੇ ਢਾਬੇ 'ਤੇ ਰੋਟੀ ਖਾਧੀ ਅਤੇ ਘਰ ਵੱਲ ਬੱਸ ਫੜ ਲਈ। ਸ਼ਾਮ ਨੂੰ ਉਹ ਆਪਣੇ ਟਿਕਾਣੇ ਸਿਰ ਜਾ ਪਹੁੰਚਾ। ਦਿਲਬਾਗ ਹੋਰੀਂ ਸ਼ਾਮ ਨੂੰ ਤਲਵਿੰਦਰ ਕੋਲ ਜਾ ਪੁੱਜੇ। ਸਲੀਮ ਆਪਣੇ ਕਿਸੇ ਰਿਸ਼ਤੇਦਾਰ ਵੱਲ ਚਲਾ ਗਿਆ ਸੀ। ਹੁਣ ਉਹ ਸਾਰੇ ਸੁਰੱਖਿਅਤ ਆਪਣੇ ਟਿਕਾਣਿਆਂ 'ਤੇ ਸਨ। ਦਿਲਬਾਗ ਹੋਰੀਂ ਘੁੰਮਣ ਦੇ ਬਹਾਨੇ ਕੁਝ ਦਿਨ ਤਲਵਿੰਦਰ ਕੋਲ ਹੀ ਟਿਕੇ ਰਹੇ। ਥੋੜ੍ਹਾ ਟਿਕ ਟਿਕਾ ਹੋਇਆ ਤਾਂ ਉਹ ਪੰਜਾਬ ਆ ਗਏ। ਪੁਲਿਸ ਨੇ ਸਥਾਨਕ ਕਿਸਾਨ ਆਗੂਆਂ ਦੀ ਵੱਡੀ ਪੱਧਰ 'ਤੇ ਫੜੋ ਫੜੀ ਕੀਤੀ। ਸਥਾਨਕ ਹਿਸਟਰੀ ਸ਼ੀਟਰ ਚੁੱਕ ਲਏ। ਕਈ ਕਿਸਾਨ ਆਗੂ ਭਿਆਨਕ ਤਸ਼ੱਦਦ ਵਿੱਚੋਂ ਲੰਘੇ, ਪਰ ਕੁਝ ਵੀ ਹੱਥ ਨਹੀਂ ਸੀ ਲੱਗਾ। ਕੁਝ ਦਿਨ ਤਾਂ ਪੰਜਾਬੀ ਕਿਸਾਨਾਂ ਤੇ ਮਨਿਸਟਰ ਦੇ ਸਥਾਨਕ ਹਮਾਇਤੀਆਂ ਵਿਚਾਲੇ ਤਣਾਅ ਵੀ ਬਣਿਆ ਰਿਹਾ। ਕੁਝ ਕਿਸਾਨਾਂ ਦੇ ਘਰਾਂ 'ਤੇ ਹਮਲੇ ਵੀ ਹੋਏ, ਪਰ ਵੱਡੇ ਟਕਰਾਅ ਤੋਂ ਬਚਾਅ ਹੋ ਗਿਆ ਸੀ।

---

ਦਿਲਬਾਗ ਕੋਲ ਹੁਣ ਥੋੜ੍ਹੀ ਵਿਹਲ ਸੀ। ਉਹ ਅਚਾਨਕ ਇੱਕ ਦਿਨ ਵੀਰਦੀਪ ਨੂੰ ਜਾ ਮਿਲਿਆ। ਵੀਰਦੀਪ ਨੂੰ ਹੈਰਾਨੀ ਹੋਈ, ਦਿਲਬਾਗ ਸਹੀ ਸਲਾਮਤ ਉਸ ਦੇ ਸਾਹਮਣੇ ਬੈਠਾ ਹੈ। ਉਹ ਖੋਖੇ ਤੋਂ ਬਾਹਰ ਨਿਕਲ ਕੇ ਇੱਕ ਹੋਟਲ ਵਿੱਚ ਚਲੇ ਗਏ। ਚਾਹ ਨਾਲ ਕੁਝ ਖਾਣ ਲੱਗੇ। ਫਿਰ ਵੀਰਦੀਪ ਬੋਲਿਆ, 'ਹੁਣ ਤੁਹਾਡਾ ਬਚਾਅ ਮੁਸ਼ਕਲ ਹੋ ਗਿਆ। ਮੇਰੀ ਇੱਕ ਗੱਲ ਮੰਨ, ਆਪਣੇ ਗਰੁੱਪ ਨੂੰ ਆਹ ਨਾਮ ਦੇ ਦੇ।' ਵੀਰਦੀਪ ਨੇ ਕਾਗਜ਼ 'ਤੇ ਲਿਖਿਆ, 'ਲਿਬਰੇਸ਼ਨ ਆਰਮੀ ਆਫ ਈਸਟਰਨ ਪੰਜਾਬ।'

'ਇਹਦੇ ਨਾਲ ਸਾਡਾ ਬਚਾਅ ਹੋ ਜੂ?' ਦਿਲਬਾਗ ਨੇ ਕਿਹਾ।

'ਨਹੀਂ, ਪਰ ਤੁਸੀਂ ਗੈਂਗਸਟਰਵਾਦ ਦੇ ਘੇਰੇ ਵਿੱਚੋਂ ਨਿਕਲ ਕੇ ਸਿਆਸੀ ਘਰੇ ਵਿੱਚ ਆ ਜਾਵੋਗੇ।' ਇੰਨੀ ਗੱਲ ਆਖ ਕੇ ਵੀਰਦੀਪ ਉੱਠ ਖੜ੍ਹਾ ਹੋਇਆ।

'ਬੈਠ ਜਾ ਯਾਰ' ਦਿਲਬਾਗ ਆਖਣ ਲੱਗਾ।

'ਨਹੀਂ, ਹੁਣ ਬਸ, ਹਾਲੇ ਤੁਸੀਂ ਇੰਨਾ ਕੰਮ ਕਰੋ, ਇਸ ਨਾਂ ਹੇਠ ਲੈਟਰ ਪੈਡ ਵਗੈਰਾ ਛਾਪ ਲਓ। ਕੰਪਿਊਟਰ ਪ੍ਰਿੰਟਰ ਘਰ ਹੀ ਲੈ ਕੇ ਰੱਖੋ। ਨਾਲੇ ਤੇਰੇ ਫੌਜੀ ਸਿੱਖ ਸੁੱਖ ਲੈਣਗੇ ਕੁਸ਼' ਵੀਰਦੀਪ ਨੇ ਗੁੱਝੇ ਮਜ਼ਾਕ ਵਿੱਚ ਕਿਹਾ। ਥੋੜ੍ਹੀ ਦੇਰ ਬਾਅਦ ਉਹ ਵਿਛੜ ਗਏ। ਵੀਰਦੀਪ ਦੀ ਗੱਲ ਦਿਲਬਾਗ ਦੇ ਦਿਮਾਗ ਵਿੱਚ ਘੁੰਮਣ ਲੱਗੀ। ਉਹ ਅਗਲੇ ਦਿਨ ਸ਼ਹਿਰੋਂ ਜਾ ਕੇ ਕੰਪਿਊਟਰ ਤੇ ਪ੍ਰਿੰਟਰ ਲੈ ਆਇਆ ਸੀ।

---

ਯੂ.ਪੀ. ਵਾਲੀ ਘਟਨਾ ਨਾਲ ਦਿਲਬਾਗ ਹੋਰਾਂ ਕੋਲੋਂ ਬਹੁਤ ਕੁਝ ਖੁੱਸ ਗਿਆ ਸੀ। ਉਨ੍ਹਾਂ ਦਾ ਕਾਫੀ ਸਾਰਾ ਅਸਲਾ ਅਤੇ ਦੋ ਗੱਡੀਆਂ ਉਸ ਘਟਨਾ ਦੇ ਨਾਲ ਹੀ ਨਦੀ ਦੇ ਹਵਾਲੇ ਹੋ ਗਈਆਂ। ਹੁਣ ਉਨ੍ਹਾਂ ਕੋਲ ਹਥਿਆਰਾਂ ਦੀ ਵੀ ਕਮੀ ਸੀ ਅਤੇ ਵਾਹਨ ਵੀ ਇੱਕ ਹੀ ਰਹਿ ਗਿਆ ਸੀ। ਦਿਲਬਾਗ ਨੇ ਆਉਂਦੇ ਕੁਝ ਸਮੇਂ ਲਈ ਆਪਣੇ ਗਰੁੱਪ ਦੀਆਂ ਕਾਰਵਾਈਆਂ ਨੂੰ ਸ਼ਾਂਤ ਰੱਖਣ ਦਾ ਫੈਸਲਾ ਕੀਤਾ। ਇਸ ਦੀ ਬਜਾਏ ਉਹ ਆਪਣੀ ਚਾਰ-ਦੀਵਾਰੀ ਦੇ ਅੰਦਰ ਕਈ ਚੀਜ਼ਾਂ ਸਿੱਖਣ ਲੱਗੇ। ਘੋੜਿਆਂ ਦਾ ਉਹ ਵਪਾਰ ਕਰਦੇ ਸਨ, ਇਸ ਲਈ ਉਨ੍ਹਾਂ ਸਾਰਿਆਂ ਨੇ ਘੋੜ ਸਵਾਰੀ ਸਿੱਖਣੀ ਸ਼ੁਰੂ ਕੀਤੀ। ਹਫਤੇ ਵਿੱਚ ਇੱਕ ਦੋ ਵਾਰੀ ਉਹ ਘੋੜਿਆਂ ਨੂੰ ਆਪਣੇ ਘਰ ਤੋਂ ਬਾਹਰ ਵੀ ਘੁਮਾ ਲਿਆਉਂਦੇ। ਹੌਲੀ ਹੌਲੀ ਉਨ੍ਹਾਂ ਨੇ ਤੇਜ਼ ਤਰਾਰ ਘੋੜਿਆਂ ਦੀ ਸਵਾਰੀ ਕਰਨ ਦਾ ਵੱਲ ਸਿੱਖਿਆ। ਦਿਲਬਾਗ ਤੋਂ ਇਲਾਵਾ ਗੋਲੂ ਤੇ ਅੰਬਾ ਵੀ ਇਸ ਕੰਮ ਵਿੱਚ ਦਿਲਚਸਪੀ ਲੈਂਦੇ। ਦਿਲਬਾਗ ਨੇ ਭਾਵੇਂ ਘੋੜ ਸਵਾਰੀ ਦੀ ਕਿਤੋਂ ਬਾਕਾਇਦਾ ਸਿੱਖਿਆ ਨਹੀਂ ਸੀ ਲਈ, ਪਰ ਉਹ ਸਿੱਖਣ ਦੇ ਮਾਮਲੇ ਵਿੱਚ ਤਿੱਖਾ ਸਵੈ-ਅਨੁਭਵੀ ਸੀ, ਹਰ ਚੀਜ਼ ਤੇਜ਼ੀ ਨਾਲ ਸਿੱਖਦਾ। ਉਸ ਦੀ ਸੰਗਤ ਨਾਲ ਗੋਲੂ ਤੇ ਅੰਬਾ ਵੀ ਘੋੜਸਵਾਰੀ ਦੀ ਕਲਾ ਵਿੱਚ ਨਿਪੁੰਨ ਹੋਣ ਲੱਗੇ। ਗੋਲੂ ਤਾਂ ਭੱਜੇ ਜਾਂਦੇ ਘੋੜੇ 'ਤੇ ਬਿਨਾ ਰਕਾਬ ਵਿੱਚ ਪੈਰ ਰੱਖੇ ਛਾਲ ਮਾਰ ਕੇ ਸਵਾਰ ਹੋ ਜਾਂਦਾ। ਅੱਜ ਦੇ ਯੁੱਗ ਦੀਆਂ ਜੰਗਾਂ ਯੁੱਧਾਂ ਵਿੱਚ ਭਾਵੇਂ ਘੋੜਿਆਂ ਦਾ ਬਹੁਤਾ ਮਹੱਤਵ ਨਹੀਂ ਰਿਹਾ, ਪਰ ਜਿਸ ਤਰ੍ਹਾਂ ਦੀ ਜ਼ਿੰਦਗੀ ਵਿੱਚੋਂ ਉਹ ਗੁਜ਼ਰ ਰਹੇ ਸਨ, ਉਸ ਵਿੱਚ ਪਤਾ ਨਹੀਂ ਕਿਹੜੀ ਚੀਜ਼ ਕਿਸ ਵੇਲੇ ਕੰਮ ਆ ਜਾਵੇ। ਉਨ੍ਹਾਂ ਕੰਪਿਊਟਰ ਨਾਲ ਵੀ ਮੱਥਾ ਮਾਰਨਾ ਸ਼ੁਰੂ ਕੀਤਾ। ਛੇਤੀ ਹੀ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਇਹ ਸੈਲਫ ਹੈਲਪ ਮਸ਼ੀਨ ਹੈ, ਜਿਸ ਨੂੰ ਸਿੱਖਣ ਨਾਲ ਜ਼ਿੰਦਗੀ ਦੇ ਕਈ ਔਖੇ ਕਾਰਜ ਆਸਾਨੀ ਨਾਲ ਨਿਬੇੜੇ ਜਾ ਸਕਦੇ ਹਨ।

---

ਕਰੋਨਾ ਦੀ ਮਾਰ ਘਟ ਰਹੀ ਸੀ। ਹੁਣ ਸਿਮਰਨ ਨੇਮ ਨਾਲ ਸਕੂਲ ਆਉਣ ਲੱਗੀ। ਅਕਸਰ ਦਿਲਬਾਗ ਨਾਲ ਉਸ ਦਾ ਟਾਕਰਾ ਹੋ ਜਾਂਦਾ, ਪਰ ਉਹ ਖਾਮੋਸ਼ ਇੱਕ ਦੂਜੇ ਕੋਲੋ ਗੁਜ਼ਰ ਜਾਂਦੇ। ਨਾ ਉਨ੍ਹਾਂ ਦਾ ਮਿਲਣ ਪੂਰਨ ਸੀ ਅਤੇ ਨਾ ਹੀ ਜੁਦਾਈ, ਪਰ ਇਸ ਦਾ ਉਨ੍ਹਾਂ ਦੀ ਰੂਹ ਨੂੰ ਰੋਸ਼ਨ ਕਰਨ ਵਾਲਾ ਅਨੁਭਵ ਸੰਪੂਰਨ ਸੀ। ਕਈ ਵਾਰ ਸਿਮਰਨ ਸੋਚਦੀ, ਇਹ ਕੀ ਕ੍ਰਿਸ਼ਮਾ ਜਿਹਾ ਵਾਪਰ ਰਿਹਾ। ਅੰਦਰੋਂ ਕੋਈ ਖੁਮਾਰੀ ਜਿਹੀ ਲੱਥਦੀ ਹੀ ਨਾ। ਉਹ ਇੱਕ ਦੂਜੇ ਦੀ ਯਾਦ 'ਚ ਪ੍ਰਛਾਵੇਂ ਵਾਂਗ ਵੱਸਣ ਲੱਗੇ। ਕਈ ਵਾਰ ਉਹਦੀਆਂ ਅਧਿਆਪਕ ਸਾਥਣਾਂ ਆਖਦੀਆਂ, ਸਿਮਰਨ ਕੀ ਖਾਨੀ ਏਂ ਬਈ ਤੂੰ, ਚਿਹਰਾ ਨੂਰ ਨਾਲ ਲਿਸ਼ਕਦਾ ਰਹਿੰਦਾ। ਉਹ ਮੁਸਕਰਾ ਛੱਡਦੀ, ਕੋਈ ਜਵਾਬ ਨਾ ਦਿੰਦੀ, ਮਨ 'ਚ ਆਖਦੀ 'ਖਾਣਾ ਕੀ ਆ ਕਮਲੀਉ ਮੈਂ, ਜੁਦਾਈਆਂ ਦੀ ਸਦੀਵੀ ਮਾਰ ਖਾਨੀ ਆਂ।'

ਲਗਪਗ ਇਹੋ ਜਿਹੇ ਅਨੁਭਵ ਵਿੱਚੋਂ ਹੀ ਦਿਲਬਾਗ ਗੁਜ਼ਰ ਰਿਹਾ ਸੀ। ਜਿਉਂ ਜਿਉਂ ਆਪਣੇ ਆਤਮ ਦੀ ਲੋਅ ਪ੍ਰਚੰਡ ਹੋ ਰਹੀ ਸੀ, ਉਸ ਦਾ ਮਾਰਖੋਰਾਪਣ ਘਟ ਰਿਹਾ ਸੀ। ਕਈ ਵਾਰ ਉਸ ਨੂੰ ਆਪਣੇ ਆਪ ਤੋਂ ਡਰ ਲਗਦਾ। 'ਇਡੀ ਭਿਆਨਕ ਦੁਨੀਆਂ 'ਚ, ਏਨੇ ਕੂਲੇ ਹੋ ਕੇ ਕਿਵੇਂ ਜੀਅ ਸਕਦੇ ਹਾਂ ਅਸੀਂ?' ਫਿਰ ਉਹ ਆਪਣੇ ਆਪ ਨੂੰ ਹੀ ਸੰਬੋਧਨ ਹੁੰਦਾ।

***(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)***

# ਤੀਜੀ ਤੇ ਚੌਥੀ ਪਾਤਸ਼ਾਹੀ ਦੇ 450 ਸਾਲਾ ਸ਼ਤਾਬਦੀ ਸਮਾਗਮ

ਵਿਸ਼ੇਸ਼

ਦਿਲਜੀਤ ਸਿੰਘ ਬੇਦੀ
ਫੋਨ: +91-7657968570



## *ਗੋਇੰਦਵਾਲ ਸਾਹਿਬ ਬਸੰਤੀ ਰੰਗ 'ਚ ਰੰਗਿਆ ਜਾਵੇਗਾ

ਸਿੱਖ ਕੌਮ ਦੀ ਸਰਵਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੀਆਂ ਧਾਰਮਿਕ, ਸੰਸਥਾਵਾਂ, ਜਥੇਬੰਦੀਆਂ, ਸੰਤ ਮਹਾਂਪੁਰਸ਼ਾਂ ਅਤੇ ਸੰਗਤ ਦੇ ਸਹਿਯੋਗ ਨਾਲ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਅਤੇ ਗੁਰੂ ਰਾਮਦਾਸ ਜੀ ਦੇ ਗੁਰਆਈ ਦਿਵਸ ਦੀ 450 ਸਾਲਾ ਅਰਧ ਸ਼ਤਾਬਦੀ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਅਤੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਵਿਖੇ 15 ਸਤੰਬਰ ਤੋਂ 18 ਸਤੰਬਰ 2024 ਤੀਕ ਪੰਥਕ ਰਵਾਇਤ ਅਤੇ ਪੂਰੇ ਜਾਹੋ ਜਲਾਲ ਨਾਲ ਮਨਾਈ ਜਾ ਰਹੀ ਹੈ। ਇਸ ਸ਼ਤਾਬਦੀ ਨੂੰ ਸਮਰਪਿਤ ਸਮਾਗਮ 30 ਅਗਸਤ ਤੋਂ ਅਰੰਭ ਹੋ ਜਾਣਗੇ। ਅੰਮ੍ਰਿਤਸਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਦੇ ਗੁਰੂ ਘਰਾਂ 'ਚ ਦਿਲਕਸ ਸੁੰਦਰ ਦੀਪਮਾਲਾ ਅਦਭੁੱਤ ਨਜ਼ਾਰਾ ਪੇਸ਼ ਕਰੇਗੀ। ਵੱਖ-ਵੱਖ ਇਤਿਹਾਸਕ ਗੁਰੂ ਘਰਾਂ ਤੋਂ ਮਹਾਨ ਨਗਰ ਕੀਰਤਨ, ਵੱਖ-ਵੱਖ ਵਿਦਿਅਕ ਸੰਸਥਾਵਾਂ ਵਿੱਚ ਸੈਮੀਨਾਰ, ਕੀਰਤਨ ਦਰਬਾਰ ਅਤੇ ਅੰਮ੍ਰਿਤ ਸੰਚਾਰ ਸਮਾਗਮ ਅਯੋਜਿਤ ਹੋਣਗੇ।

ਸਿੱਖਾਂ ਦੇ ਤੀਸਰੇ ਅਤੇ ਚੌਥੇ ਗੁਰੂ ਸੇਵਾ ਦੇ ਪੁੰਜ ਹੋਏ ਹਨ। ਦੋਵੇਂ ਗੁਰੂ ਸਾਹਿਬਾਨ ਆਤਮਿਕ ਨਿਸ਼ਠਾ ਗੁਰੂਘਰ ਪ੍ਰਤੀ ਸਮਰਪਿਤਾ ਦੀ ਸਾਖਸ਼ਾਤ ਮੂਰਤ ਸਨ। ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦਾ ਗੁਰਬਾਣੀ ਦੇ ਰੂਪ ਵਿੱਚ ਦਿੱਤਾ ਉਪਦੇਸ਼ ਮਨੁੱਖਤਾ ਲਈ ਕਲਿਆਣਕਾਰੀ ਅਤੇ ਅਮੋਲਕ ਹੈ। ਉਨ੍ਹਾਂ ਨੇ ਜੀਵਨ ਦੇ ਹਰੇਕ ਪਹਿਲੂ ਨੂੰ ਬਾਖੂਬੀ ਸਮਝਦਿਆਂ ਗੁਰਬਾਣੀ ਉਪਦੇਸ਼ ਦੇ ਨਾਲ-ਨਾਲ ਸਮਾਜਿਕ ਪੱਖ ਤੋਂ ਲੋਕ ਭਲਾਈ ਲਈ ਸਾਰਥਿਕ ਉਪਰਾਲੇ ਕੀਤੇ। ਉਹ ਮਨੁੱਖੀ ਜੀਵਨ ਨੂੰ ਬਿਹਤਰ ਅਤੇ ਗੁਣੀ ਬਣਾਉਣ ਲਈ ਕਾਰਜਸ਼ੀਲ ਰਹੇ।

ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਸੰਨ 1479 ਈ: ਨੂੰ ਪਿਤਾ ਸ੍ਰੀ ਤੇਜ ਭਾਨ ਜੀ ਅਤੇ ਮਾਤਾ ਸੁਲੱਖਣੀ (ਲਖਮੀ) ਜੀ ਦੇ ਘਰ ਪਿੰਡ ਬਾਸਰਕੇ ਵਿੱਚ ਹੋਇਆ। 'ਬਾਸਰਕੇ' ਸ੍ਰੀ ਅੰਮ੍ਰਿਤਸਰ ਦੇ ਕਸਬਾ ਛੇਹਰਟਾ ਤੋਂ ਤਿੰਨ ਕੁ ਮੀਲ ਦੀ ਦੂਰੀ 'ਤੇ ਸਥਿੱਤ ਹੈ। ਮਾਤਾ-ਪਿਤਾ ਦੀ ਧਾਰਮਿਕ ਬਿਰਤੀ ਦਾ ਪ੍ਰਭਾਵ ਉਨ੍ਹਾਂ ਦੇ ਮਨ ਉਤੇ ਵੀ ਬਚਪਨ ਵਿੱਚ ਹੀ ਪੈ ਗਿਆ। ਸ੍ਰੀ ਤੇਜ ਭਾਨ ਜੀ ਖੇਤੀਬਾੜੀ ਅਤੇ ਦੁਕਾਨਦਾਰੀ ਕਰਦੇ ਸਨ। ਜਵਾਨ ਹੋਣ 'ਤੇ (ਗੁਰੂ) ਅਮਰਦਾਸ ਜੀ ਨੇ ਆਪਣੇ ਪਿਤਾ ਜੀ ਦਾ ਕੰਮ-ਕਾਜ ਸੰਭਾਲ ਲਿਆ। ਸੰਨ 1502 ਈ: ਵਿੱਚ ਉਨ੍ਹਾਂ ਦਾ ਵਿਆਹ ਹੋਇਆ ਅਤੇ ਘਰ ਦੋ ਪੁੱਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਅਤੇ ਦੋ ਸਪੁੱਤਰੀਆਂ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਨੇ ਜਨਮ ਲਿਆ।

ਇੱਕ ਦਿਨ ਅੰਮ੍ਰਿਤ ਵੇਲੇ ਬੀਬੀ ਅਮਰੋ ਜੀ ਪਾਸੋਂ 'ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥...' ਸ਼ਬਦ ਸੁਣਿਆ। ਇਸ ਸ਼ਬਦ ਨੇ ਉਨ੍ਹਾਂ ਦੇ ਮਨ ਨੂੰ ਟੁੰਬਿਆ। ਉਨ੍ਹਾਂ ਅੰਦਰ ਕਰਤਾ ਦੇ ਦਰਸ਼ਨ ਕਰਨ ਦੀ ਚਾਹਤ ਪ੍ਰਗਟ ਹੋ ਗਈ। ਬੀਬੀ ਅਮਰੋ ਜੀ ਉਨ੍ਹਾਂ ਨੂੰ ਨਾਲ ਲੈ ਕੇ ਖਡੂਰ ਸਾਹਿਬ ਪੁੱਜ ਗਏ। ਜਦੋਂ ਉਨ੍ਹਾਂ ਗੁਰੂ ਅੰਗਦ ਦੇਵ ਜੀ ਦੇ ਚਰਨਾਂ 'ਤੇ ਸੀਸ ਰੱਖਿਆ ਤਾਂ ਮਨ ਸ਼ਾਂਤੀ ਦੀ ਅਵਸਥਾ 'ਚ ਆ ਗਿਆ। ਭਟਕਣਾ ਖਤਮ ਹੋ ਗਈ। ਉਨ੍ਹਾਂ ਨੇ ਪੂਰਨ ਗੁਰੂ ਨੂੰ ਪਾ ਲਿਆ ਸੀ। ਬਾਣੀ ਵਿੱਚ ਉਹ ਇਸ ਅਵਸਥਾ ਦਾ ਬਿਆਨ ਕਰਦੇ ਹਨ: ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ॥ (ਪੰਨਾ 917)




ਉਹ ਉਥੇ ਹੀ ਟਿਕ ਗਏ। ਗੁਰ-ਸੰਗਤ ਦੀ ਸੇਵਾ ਨੂੰ ਆਪਣਾ ਕਰਮ ਬਣਾ ਲਿਆ। ਅੰਮ੍ਰਿਤ ਵੇਲੇ ਉੱਠਦੇ, ਹਰ ਰੋਜ਼ ਬਿਆਸ ਦਰਿਆ ਤੋਂ ਪਾਣੀ ਭਰ ਕੇ ਲਿਆਉਂਦੇ ਅਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ। ਬਿਰਧ ਅਵਸਥਾ ਵਿੱਚ ਹੁੰਦਿਆਂ ਵੀ ਸਾਰੀ ਸੇਵਾ ਤਨੋਂ-ਮਨੋਂ ਕਰਦੇ। ਉਨ੍ਹਾਂ ਦੀ ਨਿਰਸਵਾਰਥ ਸੇਵਾ ਨੂੰ ਵੇਖ ਕੇ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਤੀਸਰੇ ਵਾਰਸ ਥਾਪ ਦਿੱਤਾ।

ਗੁਰੂ ਅਮਰਦਾਸ ਜੀ ਨੇ ਇਸਤਰੀ ਦੇ ਮਾਣ-ਵਡਿਆਈ ਲਈ ਆਵਾਜ਼ ਬੁਲੰਦ ਕੀਤੀ। ਸਤੀ ਪ੍ਰਥਾ ਦਾ ਉਚੀ ਸੁਰ ਵਿੱਚ ਵਿਰੋਧ ਕੀਤਾ। ਇਸਤਰੀ ਨੂੰ ਪਰਦੇ ਅੰਦਰ ਰਹਿਣ ਦੇ ਰਿਵਾਜ ਨੂੰ ਵੀ ਨਕਾਰਿਆ। ਇਸੇ ਤਰ੍ਹਾਂ ਉਨ੍ਹਾਂ ਵੱਡੇ ਜੋੜ-ਮੇਲੇ ਆਰੰਭ ਕੀਤੇ ਅਤੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ 22 ਪ੍ਰਚਾਰਕ ਥਾਪੇ, ਜਿਨ੍ਹਾਂ ਨੂੰ ਮੰਜੀਦਾਰ ਦਾ ਨਾਂ ਦਿੱਤਾ। ਪਾਣੀ ਦੀ ਕਿਲਤ ਨੂੰ ਮੁੱਖ ਰੱਖਦਿਆਂ ਉਨ੍ਹਾਂ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਬਣਵਾਈ। ਹੋਰ ਅਨੇਕਾਂ ਕਾਰਜ ਵੀ ਉਨ੍ਹਾਂ ਦੇ ਵਿਅਕਤਿੱਤਵ ਨੂੰ ਉਭਾਰਦੇ ਹਨ। ਸੰਨ 1574 ਈਸਵੀ ਵਿੱਚ ਉਹ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦੇ ਕੇ ਜੋਤੀ ਜੋਤਿ ਸਮਾ ਗਏ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਲੋਕਾਈ ਨੂੰ ਜੀਵਨ-ਜੁਗਤਿ ਸਮਝਾ ਕੇ ਮਾਰਗ ਦਰਸ਼ਨ ਕੀਤਾ। ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ 'ਰਾਮਕਲੀ ਕੀ ਵਾਰ' ਵਿੱਚ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਇਸ ਤਰ੍ਹਾਂ ਉਭਾਰਿਆ ਹੈ: ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥ ਅਸਲ ਵਿੱਚ ਗੁਰੂ ਰਾਮਦਾਸ ਜੀ ਦੀ ਵਡਿਆਈ ਵੱਡੀ ਹੈ। ਉਹ ਨਿਮਰਤਾ ਤੇ ਨਿਰਮਲਤਾ ਦੇ ਪੁੰਜ ਸਨ। ਉਨ੍ਹਾਂ ਦਾ ਜਨਮ 1534 ਈ: ਨੂੰ ਪਿਤਾ ਸ੍ਰੀ ਹਰਦਾਸ ਜੀ ਤੇ ਮਾਤਾ ਦਇਆ ਕੌਰ ਜੀ ਦੇ ਗ੍ਰਹਿ ਵਿਖੇ ਚੂਨਾ ਮੰਡੀ, ਲਾਹੌਰ ਵਿਖੇ ਹੋਇਆ। ਉਨ੍ਹਾਂ ਦਾ ਨਾਂ ਜੇਠਾ ਰੱਖਿਆ ਗਿਆ। ਬਾਲ ਅਵਸਥਾ ਵਿੱਚ ਹੀ ਉਨ੍ਹਾਂ ਦੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਉੱਠ ਗਿਆ। ਬਚਪਨ ਦਾ ਬਹੁਤਾ ਸਮਾਂ ਨਾਨਕੇ ਘਰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬੀਤਿਆ, ਜਿਥੇ ਗਰੀਬੀ ਦੀ ਹਾਲਤ ਵਿੱਚ ਆਪ ਘੁੰਗਣੀਆਂ ਵੇਚ ਕੇ ਉਪਜੀਵਕਾ ਕਮਾਉਂਦੇ ਰਹੇ। ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਉਹ ਗੋਇੰਦਵਾਲ ਸਾਹਿਬ ਆ ਗਏ। ਇਥੇ ਗੁਰੂ-ਦਰਬਾਰ ਵਿੱਚ ਸਵੇਰੇ-ਸ਼ਾਮ ਕਥਾ-ਕੀਰਤਨ ਸਰਵਣ ਕਰਦੇ, ਗੁਰੂ-ਘਰ ਦੀ ਨਿਸ਼ਕਾਮ ਸੇਵਾ ਵੀ ਡਟ ਕੇ ਕਰਦੇ। ਉਨ੍ਹਾਂ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਅਤੇ ਨੇਕ ਸੁਭਾਅ ਨੂੰ ਵੇਖ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਉਨ੍ਹਾਂ ਨਾਲ ਕਰ ਦਿੱਤਾ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਰਾਮਦਾਸ ਜੀ ਦੇ ਰੂਪ ਵਿੱਚ ਪਰਵਾਣ ਹੋਏ।

ਉਨ੍ਹਾਂ ਗੁਰਿਆਈ ਦੀ ਜ਼ਿੰਮੇਵਾਰੀ ਲੈਣ ਤੋਂ ਬਾਅਦ ਗੁਰੂ-ਘਰ ਦੀ ਹਰ ਪੱਖ ਤੋਂ ਮਜ਼ਬੂਤੀ ਲਈ ਮਸੰਦ ਸੰਸਥਾ ਦੀ ਨੀਂਹ ਰੱਖੀ, ਸਿੱਖੀ ਦੇ ਨਵੇਂ ਕੇਂਦਰ ਸਥਾਪਤ ਕੀਤੇ। ਚੱਕ ਰਾਮਦਾਸ ਦੀ ਨੀਂਹ ਰੱਖੀ, ਜੋ ਅੰਮ੍ਰਿਤਸਰ ਸਾਹਿਬ ਦੇ ਨਾਮ ਨਾਲ ਅੱਜ ਦੁਨੀਆਂ ਦੇ ਗੌਰਵਮਈ ਇਤਿਹਾਸ ਦਾ ਇੱਕ ਅਧਿਆਤਮਕ ਕੇਂਦਰ ਹੈ। ਗੁਰੂ ਰਾਮਦਾਸ ਜੀ ਦੁਆਰਾ ਦਿੱਤੇ ਉਪਦੇਸ਼ ਨੂੰ ਮਨਾਂ ਵਿੱਚ ਵਸਾ ਕੇ, ਅਕਾਲ ਪੁਰਖ ਦੀ ਸਿਫਤ ਸਲਾਹ ਕਰਦਿਆਂ ਸਰਬੱਤ ਦਾ ਭਲਾ ਲੋਚਣਾ ਚਾਹੀਦਾ ਹੈ। ਗੁਰੂ ਸਾਹਿਬਾਨਾਂ ਦੀ ਸ਼ਤਾਬਦੀ ਸਮੇਂ ਸਮੂਹ ਮਾਈ-ਭਾਈ ਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਨਿਮਰਤਾ ਭਰਪੂਰ ਜੀਵਨ ਦੇ ਧਾਰਨੀ ਬਣਨਾ ਚਾਹੀਦਾ ਹੈ, ਚੌਥੇ ਪਾਤਸ਼ਾਹ ਸਾਡਾ ਮਾਰਗ ਰੌਸ਼ਨ ਕਰਦੇ ਹੋਏ ਫੁਰਮਾਉਂਦੇ ਹਨ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

ਸ਼ਤਾਬਦੀ ਸਮਾਗਮ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਤੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਅਤੇ ਹੋਰ ਸਬੰਧਤ ਅਸਥਾਨਾਂ 'ਤੇ ਵੀ ਹੋਣਗੇ। ਸ਼ਤਾਬਦੀ ਨੂੰ ਸਮਰਪਿਤ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿੱਚ ਵਿਸ਼ੇਸ਼ ਸੈਮੀਨਾਰ ਹੋਣਗੇ, ਜਿਸ ਵਿੱਚ ਸਿੱਖ ਪੰਥ ਦੇ ਮਹਾਨ ਵਿਦਵਾਨ, ਸਿੱਖ ਚਿੰਤਕ ਸਮੂਲੀਅਤ ਕਰਨਗੇ। 5 ਸਤੰਬਰ ਨੂੰ ਖਡੂਰ ਸਾਹਿਬ ਦੀ ਧਰਤੀ 'ਤੇ ਸ੍ਰੀ ਗੁਰੂ ਅੰਗਦ ਦੇਵ ਖਾਲਸਾ ਕਾਲਜ ਵਿਖੇ ਸੈਮੀਨਾਰ ਹੋਣਗੇ। 6 ਸਤੰਬਰ ਨੂੰ ਗੁਰਦੁਆਰਾ ਡੇਹਰਾ ਸਾਹਿਬ ਲੁਹਾਰ, ਜ਼ਿਲ੍ਹਾ ਤਰਨਤਾਰਨ ਵਿਖੇ ਕੀਰਤਨ ਦਰਬਾਰ ਹੋਵੇਗਾ। 13 ਸਤੰਬਰ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ, ਅੰਮ੍ਰਿਤਸਰ ਵਿਖੇ ਰਾਗ ਦਰਬਾਰ ਹੋਵੇਗਾ ਅਤੇ ਨਾਲ ਹੀ 14 ਸਤੰਬਰ ਨੂੰ ਦਿਨ ਵੇਲੇ ਮੁੱਖ ਸਮਾਗਮ ਹੋਵੇਗਾ। ਇਨ੍ਹਾਂ ਸਮਾਗਮਾਂ ਵਿੱਚ ਰਾਗੀ, ਢਾਡੀ, ਕਵੀਸ਼ਰੀ, ਪ੍ਰਚਾਰਕ ਜਥੇ ਗੁਰਬਾਣੀ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਨਾਲ ਹੀ ਅੰਮ੍ਰਿਤ ਸੰਚਾਰ ਵੀ ਹੋਵੇਗਾ। ਸ਼ਤਾਬਦੀ ਨੂੰ ਸਮਰਪਿਤ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਪਾਵਨ ਚਰਨ ਛੋਹ ਅਸਥਾਨਾਂ ਤੋਂ ਵਿਸ਼ੇਸ਼ ਨਗਰ ਕੀਰਤਨ ਅਯੋਜਿਤ ਕੀਤੇ ਗਏ ਹਨ।

# ਹਿਆਤਪੁਰ ਰੁੜਕੀ: ਜਿੱਥੇ ਬੱਬਰਾਂ ਦੀ ਇੱਕ ਸਫਰੀ ਪ੍ਰੈੱਸ ਨੇ ਸਦੀਵੀ ਉਡਾਰੀ ਮਾਰੀ


ਪਿੰਡ ਵਸਿਆ (10)

ਵਿਜੈ ਬੰਬੇਲੀ
ਫੋਨ: +91-9463439075



*ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਪਿੰਡ ਹਿਆਤਪੁਰ ਰੁੜਕੀ ਬਾਰੇ ਸੰਖੇਪ ਵੇਰਵਾ...*

ਪੁਸਤਕ 'ਬੱਬਰ ਅਕਾਲੀ ਲਹਿਰ ਦਾ ਇਤਿਹਾਸ' ਦੇ ਪੰਨਾ 394 'ਤੇ ਬੱਬਰ ਮਿਲਖਾ ਸਿੰਘ ਪੰਡੋਰੀ ਨਿੱਜਰਾਂ ਸਨਦ-ਬੱਧ ਕਰਦਾ ਹੈ, "ਬਾਬੂ ਸੰਤਾ ਸਿੰਘ ਦੀ ਗ੍ਰਿਫਤਾਰੀ ਵੇਲੇ ਡਾਇਰੀ ਪੁਲਿਸ ਦੇ ਹੱਥ ਆ ਗਈ। ਨਤੀਜੇ ਵਜੋਂ ਹੋਰ ਗ੍ਰਿਫਤਾਰੀਆਂ ਹੋਈਆਂ। ਪਰਚੇ ਛਾਪਣ ਵਾਲੀ ਮਸ਼ੀਨ ਫਤਿਹਪੁਰ ਕੋਠੀ ਵਾਲੇ ਭਗਵਾਨ ਸਿੰਘ ਤੋਂ ਬਰਾਮਦ ਕਰ ਲਈ ਗਈ, 'ਦੂਜੀ ਮਸ਼ੀਨ' ਬੱਬਰ ਕਰਮ ਸਿੰਘ ਕੋਲ ਹੀ ਰਹਿ ਗਈ, ਜਿਸ ਨਾਲ ਪਰਚੇ ਛਾਪੇ ਗਏ। ਫਿਰ ਕੋਈ ਪਤਾ ਨਹੀਂ ਲੱਗਿਆ ਕਿ ਇਹ ਮਸ਼ੀਨ ਬੱਬਰ ਸਾਹਿਬ ਕਿੱਥੇ ਰੱਖ ਗਏ ਸਨ। ਨਾ ਤਾਂ ਉਹ ਪੁਲਿਸ ਦੇ ਹੱਥ ਆ ਸਕੀ, ਨਹੀਂ ਤਾਂ ਮੇਰੇ ਲਿਆਂਦੇ ਰਿਕਾਰਡ ਵਾਂਗ ਉਹ ਵੀ ਇੱਕ ਯਾਦਗਰ ਚੀਜ਼ ਬਣ ਜਾਣੀ ਸੀ।"




ਉਕਤ ਡਾਇਰੀ ਤੋਂ ਭਾਵ ਚੋਟੀ ਦੇ ਚਿੰਤਕ ਬੱਬਰ ਸੰਤਾ ਸਿੰਘ ਹਰਿਓ ਖੁਰਦ ਦੀ ਨਿੱਜੀ ਡਾਇਰੀ ਤੋਂ ਹੈ। ਪਰਚੇ ਛਾਪਣ ਵਾਲੀ ਉਡਾਰੂ ਪ੍ਰੈੱਸ: ਜਿਹੜੀ ਜੂਨ/ਜੁਲਾਈ 1923 ਨੂੰ ਸ਼ਿਵਾਲਕੀ ਪਿੰਡ ਫਤਿਹਪੁਰ ਕੋਠੀ (ਮਾਹਿਲਪੁਰ) ਤੋਂ ਫੜੀ ਗਈ ਸੀ। ਬੱਬਰ ਸਾਹਿਬ ਤੋਂ ਇਸ਼ਾਰਾ ਐਡੀਟਰ ਕਰਮ ਸਿੰਘ ਦੌਲਤਪੁਰ ਕੰਨੀ ਹੈ, ਜਿਹੜੇ ਪਹਿਲੀ ਸਤੰਬਰ 1923 ਨੂੰ ਬੰਬੇਲੀ ਵਿਖੇ ਇੱਕ ਅਣਸਾਵੇਂ ਮੁਕਾਬਲੇ ਵਿਚ ਸ਼ਹੀਦ ਹੋ ਗਏ ਸਨ। ਰਿਕਾਰਡ ਤੋਂ ਭਾਵ ਬੱਬਰ ਅਕਾਲੀ ਲਹਿਰ ਦੀ ਤਫ਼ਤੀਸ਼, ਗੁਪਤ ਸਰਕਾਰੀ ਦਸਤਾਵੇਜ਼ ਅਤੇ ਮੁਕੱਦਮਿਆਂ ਦੇ ਰਿਕਾਰਡ ਤੋਂ ਹੈ, ਜਿਹੜਾ ਬੱਬਰ ਮਿਲਖਾ ਸਿੰਘ ਨੇ ਬੜੇ ਹੀ ਯੁਕਤੀ ਢੰਗ ਨਾਲ 1947 ਮਗਰੋਂ, ਲਾਹੌਰੋਂ ਪ੍ਰਾਪਤ ਕੀਤਾ ਸੀ; ਪਰ ਦੂਜੀ ਮਸ਼ੀਨ? ਜਿਸ ਦਾ ਖੁਰਾ ਤੋਂੜ 1947 ਤੱਕ ਅੰਗਰੇਜ਼ ਨੱਪਦੇ ਰਹੇ, ਪਰ ਨਾਦਾਰਦ। ਮਗਰਲਿਆਂ ਖੋਜੀ ਇਤਿਹਾਸਕਾਰਾਂ ਨੇ ਵੀ ਵਾਹ ਲਾਈ, ਪਰ ਸਭ ਅਸਫਲ। ਇੱਥੇ, ਜਿਸਨੂੰ ਦੂਜੀ ਮਸ਼ੀਨ ਕਿਹਾ ਗਿਆ ਹੈ, ਉਹ ਪਹਿਲਾਂ ਖਰੀਦੀ ਗਈ 'ਅਲਾਮਾ ਡੁਪਲੀਕੇਟਰ' ਲਘੂ ਪ੍ਰਿੰਟਿੰਗ ਪ੍ਰੈੱਸ ਸੀ ਅਤੇ ਫੜੀ ਗਈ ਉਹ ਮਸ਼ੀਨ (ਉਡਾਰੂ ਪ੍ਰੈੱਸ) ਹੈ, ਜਿਹੜੀ ਬਾਅਦ 'ਚ ਬੱਬਰਾਂ ਨੇ ਖਰੀਦੀ ਸੀ, ਜਿਸਨੂੰ ਲੱਭਣ ਲਈ ਗੋਰਾਸ਼ਾਹੀ ਅੱਕੀਂ-ਪਲਾਹੀਂ ਹੱਥ ਮਾਰਦੀ ਰਹੀ। ਬਾਅਦ ਵਿੱਚ ਵੀ ਇਹ ਜੱਗ ਜਾਹਰ ਨਾ ਹੋਈ, ਜਿਸਦੀ ਝਲਕ ਮਾਤਰ ਲਈ ਜੀਵਤ ਬੱਬਰ ਤੋੜ ਹਿਯਾਤੀ ਤੱਕ ਤਰਸਦੇ ਰਹੇ।

ਹੁਣ ਇਸਦੇ ਪਤਾਲੀ ਚੁੱਭੀ ਮਾਰਨ ਵਾਲੇ ਸਥਾਨ ਦੀ ਸ਼ਨਾਖਤ ਹੋ ਗਈ ਹੈ, ਜਿਹੜਾ ਬੜਾ ਦਿਲਚਪਸ ਮਾਜਰਾ ਹੈ। (ਇਸ ਰੌਚਿਕ ਗਾਥਾ ਬਾਰੇ ਮੇਰੇ ਵੱਖ-ਵੱਖ ਸਮੇਂ ਅਖ਼ਬਾਰਾਂ/ਰਸਾਲਿਆਂ/ਕਿਤਾਬਾਂ 'ਚ ਲਿਖੇ ਲੇਖ ਵਾਚ ਸਕਦੇ ਹੋ।) ਹਾਂ! ਉਸ ਗੌਰਵਮਈ ਪਿੰਡ ਦਾ ਨਾਂ ਹੈ, 'ਹਿਆਤਪੁਰ ਰੁੜਕੀ', ਜਿਸਦੇ ਕਈ ਸਪੂਤ ਸੁਤੰਤਰਤਾ ਸੰਗਰਾਮ ਦੇ ਸੂਹੇ ਪੰਨੇ ਬੱਬਰ ਅਕਾਲੀ'ਜ਼ ਵਿੱਚ ਦਰਜ ਹਨ: ਬੱਬਰ ਧਰਮ ਸਿੰਘ 27 ਫਰਵਰੀ 1926 ਨੂੰ ਆਹਲਾ ਵਤਨ ਲਈ ਫਾਂਸੀ ਚੜ੍ਹ ਗਿਆ ਅਤੇ ਇਸਤੋਂ ਕਿਤੇ ਪਹਿਲਾਂ ਬੱਬਰ ਸੁੰਦਰ ਸਿੰਘ ਵੀ 1923 ਦੀ ਦਸੰਬਰ 13 ਨੂੰ ਘੋਰ ਤਸੀਹਿਆਂ ਤਹਿਤ ਜੁਡੀਸ਼ੀਅਲ ਲਾਕ-ਅੱਪ 'ਚ ਫੌਤ ਹੋ ਗਿਆ ਸੀ। ਇਹੀ ਨਹੀਂ, ਇਸ ਖੇੜੇ ਦਾ ਇੱਕ ਹੋਰ ਫਰਜੰਦ ਬੱਬਰ ਸੁਰਜਨ ਸਿੰਘ ਨੇ ਜੇਲ੍ਹ-ਤਨਹਾਈ, ਬਾ-ਮੁਸ਼ੱਕਤ ਕੈਦ ਦੌਰਾਨ 1925 ਨੂੰ ਸ਼ਹੀਦੀ ਪਾਈ ਸੀ। ਹੋਰ ਦੇਸ਼ਭਗਤਾਂ ਅਤੇ ਤਾਅ-ਪਿੰਡ ਨੇ ਜੋ ਸੰਤਾਪ ਹੰਢਾਇਆ, ਉਸਦੀ ਤਸਵੀਰ ਵੀ ਬੜੀ ਡਰਾਉਣੀ ਹੈ; ਪਰ ਨਾ ਤਾਂ ਹਿਆਤਪੁਰ ਡੋਲਿਆ ਅਤੇ ਨਾ ਹੀ ਦੇਸ਼ ਭਗਤਾਂ ਦੇ ਟੱਬਰ।

ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹਰਾਹ 'ਤੇ ਗੜ੍ਹਸ਼ੰਕਰ-ਬਲਾਚੌਰ ਵਿਚਕਾਰੋਂ ਅੱਡਾ ਬਕਾਪੁਰ-ਧਮਾਈ ਤੋਂ ਸਾਹਬੇ-ਸੜੋਏ ਨੂੰ ਜਾਂਦੀ ਸੜਕ ਉਤੇ ਦੋ ਮੀਲ ਦੀ ਵਿੱਥ 'ਤੇ ਸ਼ਿਵਾਲਕੀ ਖਿੱਤੇ 'ਚ ਵਸਿਆ ਹੋਇਆ ਪਿੰਡ 'ਹਿਆਤਪੁਰ ਰੁੜਕੀ' ਦਰਅਸਲ ਇੱਕੋ ਹਦਬਸਤ ਨੰ. 166 ਵਾਲੇ ਦੋ ਅੱਡ-ਅੱਡ ਪਿੰਡ ਹਨ, ਜਿਨ੍ਹਾਂ ਨੂੰ ਵਿਚਾਲਿਓਂ ਲੰਘਦੀ ਇੱਕ ਪਹੀ ਵੰਡਦੀ ਹੈ। ਇਹ ਪਿੰਡ ਕੰਦੋਲਾ ਜੱਟਾਂ ਦਾ ਵਸਾਇਆ ਹੋਇਆ ਹੈ, ਜਿਹੜੇ ਲੋੜਾਂ ਖਾਤਿਰ ਸਿੱਖ ਮਿਸਲਾਂ ਵੇਲੇ, ਆਪਣੇ ਪੁਰਖਿਆਂ 'ਕਰਤਾ ਅਤੇ ਭਰਤਾ' ਦੀ ਅਗਵਾਈ ਹੇਠ ਨਵਾਂਸ਼ਹਿਰ ਖਿੱਤੇ ਦੇ ਇੱਕ ਪਿੰਡ ਕੰਦੋਲਾਂ ਤੋਂ ਉੱਠ ਕੇ ਆਏ ਸਨ। ਪਹਿਲਾਂ ਇਹ ਚੜ੍ਹਦੇ ਨੂੰ ਇੱਕ ਮੀਲ ਹਟਵੇਂ ਨੰਦੇਆਣਾ ਥੇਹ ਵਾਲੀ ਥਾਂ, ਇੱਕ ਸਦਾਬਹਾਰ ਖੱਡ ਕੰਢੇ ਟਿਕੇ, ਜਿਹੜੀ ਇੱਕ ਤਿਕੋਣੇ ਚੌਂਕ ਉੱਤੇ ਸਥਿਤ ਹੈ, ਜਿੱਥੋਂ ਇੱਕ ਸੜਕ ਛਦੌੜੀ ਨੂੰ ਅਤੇ ਦੂਜੀ ਸਾਹਬੇ-ਸੜੋਏ ਨੂੰ ਤੁਰਦੀ ਹੈ; ਪਰ ਹੜ੍ਹਾਂ-ਸਲਾਬੇ ਕਾਰਨ ਇਨ੍ਹਾਂ ਨੂੰ ਮਜਬੂਰਨ, ਇੱਥੋਂ ਬਿਹਤਰ ਜਲ-ਨਿਕਾਸ ਵਾਲੀ ਨੇੜੇ ਪੈਂਦੀ ਸੁਰੱਖਿਅਤ ਥਾਂ, ਵੇਲੇ ਦੇ ਵੱਡ-ਅਕਾਰੀ ਟੋਭੇ ਲਾਗੇ ਵਸੇਰਾ ਕਰਨਾ ਪਿਆ।

ਇਸ ਤਲਾਅ, ਜਿਹੜਾ ਹਯਾਤ ਨਾਂ ਦੇ ਰੂਹਾਨੀ ਬਜ਼ੁਰਗ ਦੇ ਨਾਂ ਤੋਂ ਕਦੇ 'ਹਯਾਤ ਸਰ' ਦਾ ਮੁਕਾਮ ਪ੍ਰਾਪਤ ਕਰ ਗਿਆ ਸੀ, ਦੇ ਉੱਤਰੀ ਕੰਢੇ 'ਤੇ ਵਸੇ ਘਰਾਂ ਦਾ ਨਾਂ ਪਿਆ 'ਹਿਯਾਤਪੁਰੀਏ' ਅਤੇ ਦੱਖਣੀ ਬਾਹੀ ਉੱਤੇ ਢਹਿ-ਢੇਰੀ ਕਰ ਦਿੱਤੀ ਹੋਈ ਇੱਕ ਕੱਚੀ ਗੜ੍ਹੀ ਦੇ ਥੇਹ ਕਾਰਨ ਬਣੀ ਰੋੜੀ ਉੱਤੇ ਵਸੇਵਾ ਕਰਨ ਵਾਲੇ ਘਰਾਂ ਦੀ ਅੱਲ ਪੈ ਗਈ 'ਰੋੜੀਕੀਏ।' ਹੌਲੀ-ਹੌਲੀ ਇਹ ਦੋਵੇਂ ਆਬਾਦੀਆਂ ਨੇ ਚੜ੍ਹਦੇ ਅਤੇ ਲਹਿੰਦੇ ਦਾਅ ਵੱਧ ਕੇ ਆਪਸ ਵਿੱਚ ਪੀਡੀ ਗਲਵੱਕੜੀ ਪਾ ਲਈ ਅਤੇ ਇਸ ਸੰਯੁਕਤ ਰੈਣ-ਵਸੇਰੇ ਨੂੰ 'ਹਿਆਤਪੁਰ-ਰੁੜਕੀ' ਕਿਹਾ ਜਾਣ ਲੱਗਾ।




17115 W. Bluemound Rd, Suite D1, Brookfield, WI 53005

# We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

# ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

## ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



BOLLYWOOD Grill
Restaurant - Bar - Banquet
1038 N. Jackson St, Milwaukee, WI 53202

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

## We Also Provide

Onsite Tandoor Service For Fresh Naan & KABABS and Onsite Fresh DOSA Service.

**ਫੋਨ: 262-894-0913**
**ਜਾਂ 414-588-3325**

---

# Elite Pro Solutions

- Trucking Permits
- MC
- DOT
- EIN
- Filling name with the state
- Fuel Permit
- Fuel Taxes
- Oregon Permit
- New Mexico Permit
- New York Permit
- Commercial Plates
- Safety Training

*Driver Training
*(Flat bed special class)*
*DOT Audit
*CDL Safety Class
*CA number required

To obtain these permits, trucking Companies often need to provide details such as vehicle specifications route in formation, and cargo descriptions.

The application process can vary by state and type of permit.

Elite Pro Solutions ਵਿੱਚ ਤੁਹਾਡਾ ਸੁਆਗਤ ਹੈ, ਜਿੱਥੇ ਨਵੀਨਤਾ ਮੁਹਾਰਤ ਨੂੰ ਪੂਰਾ ਕਰਦੀ ਹੈ। ਅਸੀਂ ਅੱਜ ਦੇ ਗਤੀਸ਼ੀਲ ਬਾਜ਼ਾਰ ਵਾਤਾਵਰਣ ਦੀਆਂ ਗੁੰਝਲਾਂ ਨੂੰ ਨੈਵੀਗੇਟ ਕਰਨ ਵਿੱਚ ਹਰ ਆਕਾਰ ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਸਮਰਪਿਤ ਪ੍ਰਮੁੱਖ ਸਲਾਹ ਸੇਵਾਵਾਂ ਪ੍ਰਦਾਨ ਕਰਦੇ ਹਾਂ। ਸਾਡਾ ਮਿਸ਼ਨ ਰਣਨੀਤਕ ਸੂਝ, ਕਾਰਜਸ਼ੀਲ ਸੰਸਥਾਵਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ।

Welcome to ELITEPRO-Solutions where innovation meets expertise. We are premier consulting Services dedicated to helping businesses of all sizes navigate the complexities of today's dynamic Market environment. Our Mission is to empower organizations with strategic insights, Operational.

## Business License

| | |
|---|---|
| Restaurant Permits | Construction |
| Food Service License | Beauty Salon |
| Liquor License | Convenience Store |
| Health Department | Cleaning Business |
| Building & Zoning Permits | Body Shop |
| Sign Permit | Mechanic Shop |
| Music License *(optional)* | Accounting Services |
| Fire Department | E-Commerce |

### ਸਾਡੀ ਮੁਹਾਰਤ*

ਤਜਰਬੇਕਾਰ ਪੇਸ਼ੇਵਰਾਂ ਦੀ ਇੱਕ ਟੀਮ ਦੇ ਨਾਲ Elite Pro Solutions ਸਲਾਹ ਸੇਵਾਵਾਂ ਦਾ ਇੱਕ ਵਿਆਪਕ ਸੂਟ ਪੇਸ਼ ਕਰਦਾ ਹੈ।

**Our Expertise*** With a team of seasoned professionals Elite Pro Solutions offers a Comprehensive Suite of Consulting services.

### ਸਾਡੀ ਪਹੁੰਚ

A+ (Eilte Pro Soluitons) ਅਸੀਂ ਇੱਕ ਸਹਿਯੋਗੀ ਪਹੁੰਚ 'ਤੇ ਵਿਸ਼ਵਾਸ ਕਰਦੇ ਹਾਂ। ਅਸੀਂ ਆਪਣੇ ਗਾਹਕਾਂ ਦੀਆਂ ਚੁਣੌਤੀਆਂ ਅਤੇ ਉਦੇਸ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਹਾਂ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਸਾਡੇ ਹੱਲ ਵਿਹਾਰਕ, ਪ੍ਰਭਾਵਸ਼ਾਲੀ ਅਤੇ ਉਨ੍ਹਾਂ ਦੇ ਟੀਚਿਆਂ ਨਾਲ ਜੁੜੇ ਹੋਏ ਹਨ। ਸਾਡੀ ਕਾਰਜਪ੍ਰਣਾਲੀ ਮਾਪਣਯੋਗ ਨਤੀਜੇ ਪ੍ਰਦਾਨ ਕਰਨ ਲਈ ਨਵੀਨਤਾਕਾਰੀ ਸੋਚ ਦੇ ਨਾਲ ਉਦਯੋਗ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਜੋੜਦੀ ਹੈ।

**Contact: 317-319-3832 or 317-603-1597**